ਸਿਰਜਣਾ

ਅਪਰੈਲ-ਜੂਨ 2006 (ਅੰਕ 140)

April- June 2006

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ -Sign: _____

ਪਤਾ -Address: _____

1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43 - B,
Chandigarh - 160022
India

ਤਾਰੀਕ -Date: 25 - 10 - 2014

ਸਿਰਜਣਾ



ਅਪਰੈਲ-ਜੂਨ 2006

140

ਮੁੱਲ : 20 ਰੁਪਏ

ਸਿਰਜਣਾ

140

ਅਪਰੈਲ-ਜੂਨ 2006

*

ਸੰਪਾਦਕ : ਰਘਬੀਰ ਸਿੰਘ
Editor : Raghbir Singh

*

ਪਤਾ

1728, ਸੈਕਟਰ 43-ਬੀ,
ਚੰਡੀਗੜ੍ਹ - 160 022
ਫੋਨ : +91-172-2601693
2622938

SIRJANA

1728, Sector 43-B,
Chandigarh-160 022
INDIA
Phone : +91-172-2601693
2622938
E.mail : sirjana@glide.net.in
raghbirsingh_chd@dataone.in

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ/ਸੰਪਾਦਕੀ/ਦੋ ਪ੍ਰਮੁੱਖ ਪੰਜਾਬੀ ਸੰਸਥਾਵਾਂ/1

ਗੁਰੂਮੇਲ/ਸੱਤ ਕਵਿਤਾਵਾਂ/3

ਬਲਬੀਰ ਮਾਧੋਪੁਰੀ/ ਕਵਿਤਾ/ਮੇਰੀ ਜਾਤ / 7

ਅਮਰਦੀਪ ਸੰਧਾਂਵਾਲੀਆ/ਦੋ ਕਵਿਤਾਵਾਂ/8

ਪ੍ਰਮਿੰਦਰ ਸਿੰਘ ਗਿੱਲ/ਚਾਰ ਨਿੱਕੀਆਂ ਕਵਿਤਾਵਾਂ/10

ਦੇਵ/ਜੀਵਨ-ਯਾਤਰਾ ਤੇ ਕਾਵਿ-ਯਾਤਰਾ: ਕੁਝ ਕਵਿਤਾਵਾਂ/11

ਤਲਵਿੰਦਰ ਸਿੰਘ/ਕਹਾਣੀ/ ਨੀਲਾ ਪਾਣੀ/23

ਸੁਕੀਰਤ/ ਕਹਾਣੀ/ ਸਲ੍ਹਾਬੀ ਹੋਈ ਸ਼ਾਮ /36

ਬਲਦੇਵ ਸਿੰਘ ਗਰੇਵਾਲ/ਕਹਾਣੀ/ ਨਾਂ /44

ਗੁਰਬਚਨ ਸਿੰਘ ਭੁੱਲਰ/ਨਿਬੰਧ/ ਕੇ ਈ ਵਾਈ ਕੀ, ਕੀ ਮਾਅਨੇ ਕੁੰਜੀ/ 50

ਜਗਜੀਤ ਬਰਾੜ/ ਸ਼ਬਦ ਸ਼ਾਸਤਰ : ਸ਼ਬਦਾਂ ਦੀ ਲਿਸ਼ਕੋਰ/ਨਿਬੰਧ/ 54

ਸੁਰਜੀਤ ਹਾਂਸ/ ਨਿਬੰਧ/ ਪ੍ਰਗਤੀਸ਼ੀਲ ਆਕਾਂਕਸ਼ਾ ਅਤੇ ਸਿੱਖ ਸਾਹਿਤ ਦੀ ਪ੍ਰਾਪਤੀ/63

ਸਾਧੂ ਬਿਨਿੰਗ/ਪੁਸਤਕ ਚਰਚਾ/ਮੇਰੀ ਇੰਗਲੈਂਡ ਯਾਤਰਾ-ਸੰਤੋਖ ਸਿੰਘ ਧੀਰ /67

ਗੁਲਜ਼ਾਰ ਸਿੰਘ ਸੰਧੂ/ ਰਿਵਿਊ/ਭੂਰੀਆਂ ਕੀੜੀਆਂ/69

ਕੁਲਦੀਪ ਸਿੰਘ ਧੀਰ/ਰਿਵਿਊ/ਸੁਖਬੀਰ : ਅੰਤਰ ਝਾਤ/72

ਚੰਦਰ ਮੋਹਨ/ਰਿਵਿਊ/ ਬਚਪਨ ਘਰ ਤੇ ਮੈਂ/78, ਦਾਦੇ ਮਗ੍ਹਾਉਣਾ /82

ਨਸੀਬ ਬਵੇਜਾ/ਰਿਵਿਊ/ਵਿਆਹ ਦੇ ਲੋਕਗੀਤ : ਵਿਭਿੰਨ ਪਰਿਪੇਖ/84

ਦਵਿੰਦਰ ਸਿੰਘ ਬੋਹਾ/ਰਿਵਿਊ/ਉਰਵਾਰ ਪਾਰ/86

ਸੁਰਜੀਤ ਹਾਂਸ/ਰਿਵਿਊ/Guernica: The Biography of a Twentieth Century Icon/88

ਅਜਮੇਰ ਸਿੰਘ ਟੱਲੇਵਾਲੀਆ, ਸੰਤ ਸਿੰਘ ਸੰਧੂ, ਕੁਲਵੰਤ ਜਗਰਾਉਂ, ਕਮਲੇਸ਼ ਉੱਪਲ, ਭੁਪਿੰਦਰ ਫੌਜੀ/ ਪੱਤਰ /91

ਟਾਈਟਲ ਚਿੱਤਰ : ਦੇਵ

ਵਾਰਸ਼ਿਕ ਚੰਦਾ-ਦੇਸ : 80 ਰੁਪਏ
ਬਦੇਸ-ਹਵਾਈ ਡਾਕ ਰਾਹੀਂ : 10 ਪੌਂਡ, 15 ਅਮਰੀਕਨ ਡਾਲਰ, 20 ਕੈਨੇਡੀਅਨ ਡਾਲਰ

ਦੋ ਪ੍ਰਮੁੱਖ ਪੰਜਾਬੀ ਸੰਸਥਾਵਾਂ : ਕੱਲ੍ਹ ਤੇ ਅੱਜ

ਪੰਜਾਬੀ ਸਾਹਿਤ ਅਕਾਦਮੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੁੜੀਆਂ ਦੋ ਪ੍ਰਮੁੱਖ ਸੰਸਥਾਵਾਂ ਹਨ। ਇਹ ਦੋਵੇਂ ਹੀ ਸੰਸਥਾਵਾਂ ਅੱਧੀ ਸਦੀ ਪਹਿਲਾਂ ਸਾਲ ਕੁ ਦੇ ਫ਼ਰਕ ਨਾਲ ਹੋਂਦ ਵਿਚ ਆਈਆਂ ਸਨ ਅਤੇ ਇੰਝ ਇਹ ਦੋਵੇਂ ਪਿੱਛੇ ਜਿਹੇ ਹੀ ਆਪਣੀ ਗੋਲਡਨ ਜੁਬਲੀ ਦੇ ਵਰ੍ਹੇ ਵਿਚੋਂ ਲੰਘੀਆਂ ਹਨ। ਪੰਜਾਬੀ ਸਾਹਿਤ ਅਕਾਦਮੀ ਨੂੰ ਸਥਾਪਤ ਕਰਨ ਵਾਲੇ ਵਧੇਰੇ ਕਰਕੇ ਅਕਾਦਮਿਕਤਾ ਨਾਲ ਜੁੜੇ ਲੋਕ ਸਨ ਜੋ ਰਾਜ ਸੱਤਾ ਨਾਲ ਸਹਿਯੋਗ ਕਰਕੇ ਪੰਜਾਬੀ ਜ਼ੁਬਾਨ ਦੀ ਤਰੱਕੀ ਲਈ ਕੁਝ ਸਾਰਥਿਕ ਕਰਨ ਦੇ ਇਛੁੱਕ ਸਨ। ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਭਾਵੇਂ ਸ਼ਾਮਲ ਤਾਂ ਸਾਰੇ ਹੀ ਵਿਚਾਰਾਂ ਦੇ ਲੋਕ ਸਨ ਪਰ ਮੁੱਖ ਰੂਪ ਵਿਚ ਇਹ ਪ੍ਰਗਤੀਵਾਦੀ ਅਤੇ ਖੱਬੀ ਦਿੱਖ ਰੱਖਣ ਵਾਲੇ ਲੇਖਕਾਂ ਦੀ ਜੱਥੇਬੰਦੀ ਸੀ। ਦੋਨਾਂ ਸੰਸਥਾਵਾਂ ਦਾ ਉਦੇਸ਼ ਤਾਂ ਸਾਂਝਾ ਸੀ ਪਰ ਦੋਨਾਂ ਦੀ ਕਾਰਜ-ਵਿਧੀ ਵਿਚ ਉਹਨਾਂ ਦੇ ਸੰਸਥਾਪਕਾਂ ਅਤੇ ਮੈਂਬਰਾਂ ਦੇ ਚਰਿੱਤਰ ਦੀ ਭਿੰਨਤਾ ਕਾਰਨ ਕਾਫ਼ੀ ਵਖਰੇਵਾਂ ਸੀ।

ਪੰਜਾਬੀ ਸਾਹਿਤ ਅਕਾਦਮੀ ਮੁੱਖ ਤੌਰ 'ਤੇ ਅਕਾਦਮਿਕ ਕੰਮਾਂ ਉੱਤੇ ਜ਼ੋਰ ਦਿੰਦੀ ਸੀ ਜਦਕਿ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਮੁੱਖ ਬਲ ਪੰਜਾਬੀ ਸਾਹਿਤ-ਸਿਰਜਣਾ ਅਤੇ ਸਾਹਿਤਕਾਰਾਂ ਦੇ ਮਸਲਿਆਂ ਉੱਪਰ ਹੁੰਦਾ ਸੀ। ਸੱਤਾ ਨਾਲ ਮਿਲਵਰਤਣ ਦੀ ਪਹੁੰਚ ਕਾਰਨ ਪੰਜਾਬੀ ਸਾਹਿਤ ਅਕਾਦਮੀ ਸਰਕਾਰ ਅਤੇ ਉਚੇਰੇ ਅਕਾਦਮਿਕ ਮੰਡਲਾਂ ਵਿਚ ਪੰਜਾਬੀ ਦੀ ਖ਼ਾਤਰ ਕਾਫ਼ੀ ਕੁਝ ਸਾਰਥਿਕ ਕਰਾਉਣ ਵਿਚ ਸਫ਼ਲ ਰਹੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਇਸੇ ਅਕਾਦਮੀ ਦੀ ਪਹਿਲਕਦਮੀ ਦਾ ਸਿੱਟਾ ਸੀ। ਅਕਾਦਮੀ ਨੇ ਲੁਧਿਆਣੇ ਵਿਚ ਇਕ ਵੱਡਾ ਪਲਾਟ ਹਾਸਲ ਕੀਤਾ ਜਿਸ ਉੱਤੇ ਹੁਣ ਓਪਨ ਏਅਰ ਥੀਏਟਰ ਅਤੇ ਲਾਇਬਰੇਰੀ ਸਮੇਤ ਪੰਜਾਬੀ ਭਵਨ ਸੋਭਦਾ ਹੈ। ਇਹ ਸੰਸਥਾ ਪੰਜਾਬੀ ਸਾਹਿਤ ਦੀ ਖੋਜ ਅਤੇ ਆਲੋਚਨਾ ਦੀਆਂ ਕਿੰਨੀਆਂ ਹੀ ਪੁਸਤਕਾਂ ਦੇ ਪ੍ਰਕਾਸ਼ਨ ਤੋਂ ਬਿਨਾਂ ਪੰਜਾਬੀ ਸਾਹਿਤ-ਆਲੋਚਨਾ ਦਾ ਇਕ ਮਿਆਰੀ ਪੱਤਰ ਵੀ ਪ੍ਰਕਾਸ਼ਤ ਕਰਦੀ ਰਹੀ। ਵਿਦਵਾਨਾਂ ਅਤੇ ਲੇਖਕਾਂ ਦਾ ਸਨਮਾਨ ਵੀ ਇਸ ਦੀ ਸਰਗਰਮੀ ਦਾ ਇਕ ਹਿੱਸਾ ਰਿਹਾ। ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬੀ ਸਾਹਿਤ-ਸਿਰਜਣਾ ਦੇ ਜਗਤ ਵਿਚ ਇਕ ਵੱਡੀ ਲਹਿਰ ਉਸਾਰਣ ਵਿਚ ਕਾਮਯਾਬ ਰਹੀ। ਇਸ ਦੀਆਂ ਸਰਗਰਮੀਆਂ ਦਾ ਹੀ ਸਿੱਟਾ ਸੀ ਕਿ ਪੰਜਾਬੀ ਸਾਹਿਤ ਨਾਲ ਜੁੜੀਆਂ ਅਨੇਕਾਂ ਹੀ ਸਭਾਵਾਂ ਸਥਾਨਕ ਪੱਧਰ ਉੱਤੇ ਹੋਂਦ ਵਿਚ ਆਈਆਂ। ਕੁਝ ਪ੍ਰਕਾਸ਼ਨਾਵਾਂ ਕਰਨ ਦੇ ਨਾਲ ਨਾਲ ਸਾਹਿਤ-ਸਿਰਜਣਾ ਨਾਲ ਸੰਬੰਧਤ ਵਿਚਾਰਧਾਰਕ ਤੇ ਕਲਾਤਮਕ ਮਸਲਿਆਂ ਨੂੰ ਲੈ ਕੇ ਵਿਚਾਰ-ਚਰਚਾ ਛੇੜਨ ਅਤੇ ਸੇਧ ਦੇਣ ਦਾ ਕੰਮ ਵੀ ਇਹ ਸਭਾ ਕੁਸ਼ਲਤਾ ਨਾਲ ਕਰਦੀ ਰਹੀ। ਕੇਂਦਰੀ ਸਭਾ ਦਾ ਕਿਉਂਕਿ ਸਰਕਾਰ ਨਾਲ ਕੋਈ ਬਹੁਤਾ ਨੇੜਲਾ ਰਿਸ਼ਤਾ ਨਹੀਂ ਸੀ, ਇਸ ਲਈ ਇਸ ਕੋਲ ਵਸੀਲਿਆਂ ਦੀ ਘਾਟ ਰਹੀ ਜਿਸ ਨੂੰ ਇਸ ਨੇ ਉਤਸ਼ਾਹ ਦੇ ਸਹਾਰੇ ਬਾਖ਼ੂਬੀ ਪੂਰਿਆ। ਦੋਨੋਂ ਹੀ ਸੰਸਥਾਵਾਂ ਕਾਫ਼ੀ ਲੰਮੇ ਸਮੇਂ ਤਕ ਆਪਣੇ ਆਪਣੇ ਢੰਗ ਨਾਲ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਤਰੱਕੀ ਲਈ ਇਕ ਤਰ੍ਹਾਂ ਦੀ ਮਿਸ਼ਨਰੀ ਭਾਵਨਾ ਨਾਲ ਕੰਮ ਕਰਦੀਆਂ ਰਹੀਆਂ। ਇਹਨਾਂ ਦੇ ਮੈਂਬਰਾਂ ਅਤੇ ਮੁਖੀਆਂ ਦੀ ਪੰਜਾਬੀ ਪ੍ਰਤੀ ਸਮਰਪਣ ਦੀ ਭਾਵਨਾ ਬਹੁਤ ਪ੍ਰਤੱਖ ਤੇ ਸ਼ੱਕ-ਰਹਿਤ ਸੀ।

ਸਮੇਂ ਦੇ ਬੀਤਣ ਨਾਲ ਦੋਨਾਂ ਸੰਸਥਾਵਾਂ ਦੇ ਚਰਿੱਤਰ ਵਿਚ ਤਬਦੀਲੀ ਆਉਂਦੀ ਗਈ ਹੈ ਜਿਸ ਦੇ ਸਿੱਟੇ ਵਜੋਂ ਉਹਨਾਂ ਦੇ ਕਾਰ-ਵਿਹਾਰ ਵਿਚ ਪਹਿਲਾਂ ਵਾਲਾ ਨਿਖੇੜਾ ਨਹੀਂ ਰਿਹਾ। ਪੰਜਾਬੀ ਸਾਹਿਤ ਅਕਾਦਮੀ ਕੇਵਲ ਪੰਜਾਬੀ ਅਧਿਐਨ ਨਾਲ ਜੁੜੇ ਆਲੋਚਕਾਂ, ਪ੍ਰਾਧਿਆਪਕਾਂ ਤਕ ਹੀ ਸੀਮਤ ਨਹੀਂ ਰਹੀ। ਇਸ ਵਿਚ ਸਿਰਜਣਾਤਮਕ ਲੇਖਕਾਂ ਦੀ ਸ਼ਮੂਲੀਅਤ ਵੀ ਚੋਖੀ ਭਰਵੀਂ ਹੁੰਦੀ

ਗਈ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਕੋਲ ਭਾਵੇਂ ਹਾਲੇ ਵੀ ਆਪਣਾ ਕੋਈ ਪੱਕਾ ਟਿਕਾਣਾ ਨਹੀਂ ਪਰ ਇਹ ਸੰਸਥਾ ਵੀ ਸਥਾਪਤੀ ਦੇ ਘੇਰੇ ਤੋਂ ਕੋਈ ਬਹੁਤੀ ਦੂਰ ਨਹੀਂ। ਦੋਨੋਂ ਹੀ ਸੰਸਥਾਵਾਂ, ਵਧੇਰੇ ਕਰਕੇ ਲੰਮੇ ਸਮੇਂ ਦੀ ਮੁੱਲਵਾਨ ਕਾਰਗੁਜ਼ਾਰੀ ਸਦਕਾ, ਸਰਕਾਰੀ ਤੇ ਗ਼ੈਰ-ਸਰਕਾਰੀ ਹਲਕਿਆਂ ਵਿਚ ਇਕੋ ਜਿੰਨਾ ਮਾਣ-ਸਤਿਕਾਰ ਰੱਖਦੀਆਂ ਹਨ। ਇਹਨਾਂ ਦੇ ਮੁਖੀ ਅਹੁਦੇਦਾਰਾਂ ਨੂੰ ਭਾਸ਼ਾ ਅਤੇ ਸਾਹਿਤ ਨਾਲ ਸੰਬੰਧਤ ਸਲਾਹਕਾਰ ਸੰਮਤੀਆਂ ਵਿਚ ਆਦਰ ਸਹਿਤ ਸ਼ਾਮਲ ਕੀਤਾ ਜਾਂਦਾ ਹੈ। ਭਾਵੇਂ ਥੋੜ੍ਹੀ ਹੀ, ਸਰਕਾਰੀ ਧਨ-ਰਾਸ਼ੀ, ਗ੍ਰਾਂਟ ਆਦਿ ਦੇ ਰੂਪ ਵਿਚ ਦੋਨਾਂ ਹੀ ਸੰਸਥਾਵਾਂ ਨੂੰ ਮਿਲਦੀ ਹੈ।

ਕੋਈ ਹੈਰਾਨੀ ਨਹੀਂ ਕਿ ਦੋਨਾਂ ਹੀ ਸੰਸਥਾਵਾਂ ਦਾ ਕਾਰਜ-ਭਾਰ ਸੰਭਾਲਣ ਲਈ ਹੁਣ ਪਹਿਲਾਂ ਵਾਂਗ ਮਿਸ਼ਨਰੀ ਭਾਵਨਾ ਵਾਲੇ ਵਿਅਕਤੀਆਂ ਨੂੰ ਮੁੜ-ਮੁੜ ਬੇਨਤੀ ਕਰਨ ਦੀ ਲੋੜ ਨਹੀਂ ਪੈਂਦੀ। ਸਗੋਂ ਇਸ ਦੇ ਉਲਟ ਪਿਛਲੇ ਕੁਝ ਵਰ੍ਹਿਆਂ ਤੋਂ ਤਾਂ ਇਹਨਾਂ ਸੰਸਥਾਵਾਂ ਦੇ ਅਹੁਦੇਦਾਰਾਂ ਦੀ ਚੋਣ ਕਾਫ਼ੀ ਵੱਡੇ ਦੰਗਲ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਅਜਿਹੀ ਗੱਲ ਨਹੀਂ ਕਿ ਦੋਨਾਂ ਸੰਸਥਾਵਾਂ ਵਿਚ ਮਿਸ਼ਨਰੀ ਭਾਵਨਾ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਦੀ ਅਣਹੋਂਦ ਹੈ। ਹੁਣ ਵੀ ਬਹੁਤ ਸਾਰੇ ਪ੍ਰਤਿਸ਼ਠਤ ਲੇਖਕ ਤੇ ਵਿਦਵਾਨ ਇਹਨਾਂ ਸੰਸਥਾਵਾਂ ਵਿਚ, ਭਾਵੇਂ ਤਿੱਖੀ ਚੋਣ ਪ੍ਰਕਿਰਿਆਂ ਵਿਚੋਂ ਲੰਘ ਕੇ ਹੀ, ਉੱਚ ਅਹੁਦਿਆਂ ਉੱਤੇ ਬਿਰਾਜਮਾਨ ਹਨ ਅਤੇ ਮੁੱਢਲੇ ਸੰਸਥਾਪਕਾਂ ਵਾਂਗ ਹੀ ਆਪਣੇ ਕੰਮ ਵਿਚ ਜੁਟੇ ਹੋਏ ਹਨ। ਇਸ ਸਮੇਂ ਸੁਰਜੀਤ ਪਾਤਰ ਅਤੇ ਅਜਮੇਰ ਔਲਖ ਵਰਗੇ ਸਤਿਕਾਰਤ ਲੇਖਕਾਂ ਦਾ ਇਹਨਾਂ ਸੰਸਥਾਵਾਂ ਦਾ ਮੁਖੀ ਹੋਣਾ ਅਵੱਸ਼ ਟਿਕ ਸ਼ੁਭ ਵਰਤਾਰਾ ਹੈ। ਤਦ ਵੀ ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਇਹ ਦੋਵੇਂ ਸੰਸਥਾਵਾਂ ਹੁਣ ਸਥਾਪਤੀ ਦਾ ਅੰਗ ਤੇ ਚਿੰਨ੍ਹ ਬਣਦੀਆਂ ਜਾ ਰਹੀਆਂ ਹਨ।

ਅੱਜ ਦੀਆਂ ਹਾਲਤਾਂ ਵਿਚ ਇਹ ਉਮੀਦ ਤਾਂ ਨਹੀਂ ਕੀਤੀ ਜਾ ਸਕਦੀ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਲੈ ਕੇ ਪਹਿਲਾਂ ਵਰਗੀ ਨਿਰੋਲ ਮਿਸ਼ਨਰੀ ਭਾਵਨਾ ਨਾਲ ਹੀ ਕੰਮ ਹੋ ਸਕੇ। ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਸਥਿਤੀ ਹੁਣ ਇੰਨੀ ਯਤਾਮਤ ਵਾਲੀ ਵੀ ਨਹੀਂ ਕਿ ਇਸ ਦੇ ਪ੍ਰਚਾਰ-ਪ੍ਰਸਾਰ ਲਈ ਨਿਰੋਲ ਮਿਸ਼ਨਰੀ ਲੋਕ ਹੀ ਅੱਗੇ ਆਉਣ। ਹੁਣ ਇਸ ਤਰ੍ਹਾਂ ਦੀਆਂ ਸੰਸਥਾਵਾਂ ਨਾਲ ਜੁੜਨ ਵਾਲੇ ਵਿਅਕਤੀ ਅਵੱਸ਼ ਪੰਜਾਬੀ ਸਾਹਿਤ ਅਤੇ ਭਾਸ਼ਾ ਦੀ ਤਰੱਕੀ ਦੇ ਵਡੇਰੇ ਸਰੋਕਾਰਾਂ ਦੇ ਨਾਲ ਨਾਲ ਆਪਣਾ ਵੀ ਕੁਝ ਭਲਾ ਲੋੜਨ ਵਾਲੇ ਹੋਣਗੇ। ਥੋੜ੍ਹੀ ਬਹੁਤ ਸੁਆਰਥ-ਸਿੱਧੀ ਕੋਈ ਬਹੁਤੀ ਅਨੁਚਿਤ ਵੀ ਨਹੀਂ। ਪਰ ਇਹ ਖ਼ਬਰਦਾਰੀ ਬਹੁਤ ਜ਼ਰੂਰੀ ਹੈ ਕਿ ਇਹਨਾਂ ਪ੍ਰਮੁੱਖ ਸੰਸਥਾਵਾਂ ਉੱਤੇ ਨਿਰੋਲ ਸੁਆਰਥ-ਬਿਰਤੀ ਤੇ ਵਪਾਰੀ ਮਾਨਸਿਕਤਾ ਭਾਰੂ ਨਾ ਹੋ ਜਾਵੇ। ਕੇਂਦਰੀ ਪੰਜਾਬੀ ਲੇਖਕ ਸਭਾ ਕੋਲ ਤਾਂ ਕੋਈ ਅਸਾਸਾ ਨਹੀਂ ਪਰ ਪੰਜਾਬੀ ਸਾਹਿਤ ਅਕਾਦਮੀ ਕੋਲ ਪੰਜਾਬੀ ਭਵਨ ਦੀ ਭੌਂ-ਸੰਪਤੀ ਦੇ ਰੂਪ ਵਿਚ ਵੱਡੀ ਸੰਪਤੀ ਹੈ। ਕੁਝ ਵਰ੍ਹੇ ਪਹਿਲਾਂ ਵਪਾਰੀ ਮਾਨਸਿਕਤਾ ਵਾਲੇ ਕੁਝ ਵਿਅਕਤੀਆਂ ਨੇ ਇਸ ਅਸਾਸੇ ਉੱਤੇ ਨਜ਼ਰ ਰੱਖਦਿਆਂ ਅਕਾਦਮੀ ਨੂੰ ਹਥਿਆਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਖ਼ੁਸ਼ਕਿਸਮਤੀ ਨਾਲ ਉਸ ਕੋਸ਼ਿਸ਼ ਨੂੰ ਸਫ਼ਲਤਾ ਨਹੀਂ ਸੀ ਮਿਲੀ।

ਅੱਜ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਦੇ ਖੇਤਰ ਵਿਚ ਜੋ ਪ੍ਰਾਪਤੀਆਂ ਹਨ ਉਹਨਾਂ ਵਿਚ ਇਹਨਾਂ ਦੋਨਾਂ ਪ੍ਰਮੁੱਖ ਸੰਸਥਵਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਅਗਾਂਹ ਲਈ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਹ ਸੰਸਥਾਵਾਂ ਆਪਣੇ ਮੂਲ ਉਦੇਸ਼ ਤੋਂ ਥਿੜਕਣ ਨਾ। ਦੋਨਾਂ ਹੀ ਸੰਸਥਾਵਾਂ ਲਈ ਗੰਭੀਰਤਾ ਨਾਲ ਇਹ ਸੋਚਣਾ ਬਣਦਾ ਹੈ ਕਿ ਉਹਨਾਂ ਦੀ ਸਰਗਰਮੀ ਵਿਚ ਦੋ ਸਾਲਾਂ ਪਿੱਛੋਂ ਹੋਣ ਵਾਲੀ ਚੋਣ ਪ੍ਰਕਿਰਿਆ ਹੀ ਕਿਉਂ ਸਭ ਤੋਂ ਵੱਧ ਮਹੱਤਵ ਗ੍ਰਹਿਣ ਕਰੀ ਜਾਂਦੀ ਹੈ, ਜਦਕਿ ਸੂਚਨਾ ਤਕਨਾਲੋਜੀ ਦੀ ਅਥਾਹ ਤਰੱਕੀ ਦੇ ਇਸ ਦੌਰ ਵਿਚ ਦੂਜੀਆਂ ਭਾਸ਼ਾਵਾਂ ਦੇ ਟਾਕਰੇ ਪੰਜਾਬੀ ਦੀ ਸਥਿਤੀ, ਸਿੱਖਿਆ ਦੇ ਖੇਤਰ ਵਿਚ ਪੰਜਾਬੀ ਵੱਲ ਅਰੁਚੀ ਅਤੇ ਪੰਜਾਬੀ ਸਾਹਿਤ ਦੇ ਗੰਭੀਰ ਪਾਠਕਾਂ ਵਿਚ ਹੋ ਰਹੀ ਕਮੀ ਵਰਗੇ ਅਹਿਮ ਮੁੱਦੇ ਇਹਨਾਂ ਸਾਹਮਣੇ ਵੱਡੀ ਚੁਣੌਤੀ ਬਣੇ ਹੋਏ ਹਨ ?

-ਰਘਬੀਰ ਸਿੰਘ

ਸੱਤ ਕਵਿਤਾਵਾਂ/ਗੁਰੂਮੇਲ

ਵਿਕਿਆ ਹੋਇਆ ਆਦਮੀ

ਉੱਠਦਾ ਹਾਂ ਤਾਂ ਅੱਖਾਂ ਵਿਚ
ਨੀਂਦਰ ਦੀ ਪੈੜ ਦਿਖਾਈ ਦੇਵੇ
ਭੈੜੇ ਭੈੜੇ ਸੁਪਨੇ
ਜ਼ਿਹਨ ਦੀਆਂ ਵਿਰਲਾਂ 'ਚੋਂ, ਬਿਟ ਬਿਟ ਝਾਕਣ
ਸਿਰ ਵਿਚ ਦਿਨ ਭਰ ਦੇ
ਖਲਜਗਣਾਂ ਦੀ ਬੋਲੀ ਲੱਗੇ
ਆਪਣੇ ਆਪ 'ਚੋਂ ਬਾਹਰ ਬੈਠਾ, ਮੈਂ
ਇਕ ਦੋ ਤਿੰਨ ਤੇ 'Sold' ਸੁਣਕੇ
ਬੋਲੀ ਦੀ ਕਿਸ਼ਤ ਉਤਾਰਨ ਲਈ
ਤੁਰ ਪੈਂਦਾ ਹਾਂ।

ਸਰਪਟ ਦੌੜਦੀਆਂ ਸੜਕਾਂ 'ਤੇ
ਛਾਲ ਮਾਰ ਕੇ ਚੜ੍ਹ ਜਾਂਦਾ ਹਾਂ
ਹਰ ਇਕ ਅੱਖ ਪਥਰਾਈ
ਆਪਣੀ ਆਪਣੀ ਕਿਸ਼ਤ, ਉਤਾਰਨ ਆਈ।

ਆਪਣੇ ਆਪੇ ਨੂੰ ਕਿਸ਼ਤਾਂ ਵਿਚ ਵੰਡ ਕੇ
ਰੋਜ਼ ਅਵੇਰੇ ਘਰ ਮੁੜਦਾ ਹਾਂ
ਆਪਣੀ ਦੇਹੀ ਬਿਸਤਰ ਕੋਲ ਅਮਾਨਤ ਧਰ ਕੇ
ਥੋੜ੍ਹਾ ਮੋਟਾ ਜੁੜਦਾ ਹਾਂ
ਅਗਲੀ ਬੋਲੀ ਲੱਗਣ ਤਕ
ਅੱਖ ਦੱਬਣ ਦੀ ਕੋਸ਼ਿਸ਼ ਕਰਦਾ ਹਾਂ
ਨੀਂਦਰ ਵਿਚ ਵੀ
ਆਪਣੇ ਆਪ ਨੂੰ ਕਿਸ਼ਤਾਂ ਵਿਚ ਵੰਡ ਕੇ
ਤਕੀਏ ਹੇਠਾਂ ਧਰਕੇ
ਸੌਂ ਜਾਂਦਾ ਹਾਂ।❑❑

ਕਵਿਤਾ ਨੂੰ ਕਹੋ

ਕਵਿਤਾ ਨੂੰ ਕਹੋ ਕਿ ਠੁਮਕ ਠੁਮਕ ਕੇ ਤੁਰੇ
ਪੈਰੀਂ ਸ਼ਬਦਾਂ ਦੀ ਝਾਂਜਰ ਬੰਨ੍ਹ ਕੇ, ਅਰਥਾਂ ਦੀ ਫੁਲਕਾਰੀ ਲੈਕੇ
ਅੱਖਰਾਂ ਦੀ ਲੌਣ ਲਗਾ ਕੇ, ਮੱਥੇ ਗਿਆਨ ਦਾ ਟਿੱਕਾ ਲਾਕੇ
ਸਿਰ ਨੀਵਾਂ ਮੱਤ ਉੱਚੀ ਕਰਕੇ
ਭਾਵੇਂ ਦੋ ਪੈਰ ਘੱਟ ਤੁਰੇ, ਪਰ ਮੜਕ ਨਾਲ ਤੁਰੇ
ਪੈਂਛੜ ਦੀ ਛਣਕਾਰ 'ਚੋਂ ਗੂੰਜੇ
ਕੋਈ ਗਿਆਨ ਗੀਤ, ਕੋਈ ਅਨਹਦ ਨਾਦ।

ਕਵਿਤਾ ਨੂੰ ਕਹੋ ਕਿ

ਬਾਣੀ ਦੇ ਵਾਕਾਂ ਵਾਂਗ ਝਰੇ
ਕੁਰਾਨ ਦੀਆਂ ਆਇਤਾਂ ਵਾਂਗ ਉਚਰੇ
ਸੂਫੀਆਂ ਦੇ ਕਲਾਮ ਵਾਂਗ ਗੱਲਾਂ ਕਰੇ
ਮੁਹੱਬਤ ਦੀ ਵਰਖ਼ਾ ਵਾਂਗ ਵਰ੍ਹੇ।

ਕਵਿਤਾ ਨੂੰ ਕਹੋ ਕਿ
ਮਾਨਵਤਾ ਦੇ ਸਫ਼ੇ 'ਤੇ, ਕੋਈ ਖ਼ਤ ਲਿਖੇ
ਖ਼ਤ ਦੀ ਇਬਾਰਤ ਵਿਚ, ਸਿਰਫ਼ ਉਲਫ਼ਤ ਲਿਖੇ
ਹਰ ਸਿਰਨਾਵੇਂ ਦੀ, ਮਾਅਰਫਤ ਲਿਖੇ
ਹੇਠਾਂ ਬਕਲਮਖ਼ੁਦ ਲਿਖੇ, ਜਾਂ ਦਸਤਖ਼ਤ ਲਿਖੇ।

ਕਵਿਤਾ ਨੂੰ ਕਹੋ ਕਿ
ਕੁਝ ਤਾਂ ਕਹੇ
ਉਦਾਸ ਹੋ ਕੇ ਨਾ ਬਹੇ।❑❑

ਵਿਰਸਾ

ਚੱਲ ਚੱਲੀਏ ਹੁਣ ਬੁਚਕੀ ਚੱਕ ਕੇ, ਹੂੰਝ ਹਾਂਝ ਪਰਛਾਵੇਂ
ਇਸ ਬਸਤੀ ਦੀ ਤਪਸ਼ ਘਨੇਰੀ, ਤੁਰੀਏ ਛਾਵੇਂ ਛਾਵੇਂ।

ਰੌਸ਼ਨੀਆਂ ਦੇ ਜਮਘਟਿਆਂ ਵਿਚ, ਕਾਇਆ ਨੰਗੀ ਹੋ ਗਈ
ਬਿਨ ਬਸਤਰ ਦੇਹੀ ਨੂੰ ਕਿੱਥੇ, ਢਕਦੇ ਨੇ ਪਰਛਾਵੇਂ।

ਏਥੇ ਆਉਣ ਦੀ ਤਾਂਘ ਬੜੀ ਸੀ, ਤੁਰ ਪਏ ਕਾਹਲੀ ਕਾਹਲੀ
ਰੁਖ਼ਸਤ ਵੇਲੇ ਲਿਖਣੋਂ ਭੁੱਲ ਗਏ, ਆਪਣੇ ਹੀ ਸਿਰਨਾਵੇਂ।

ਮਿਲਖਣ ਆਕੇ ਵਣਜ ਬਣਾਇਆ, ਖੱਟਿਆ ਅਤੇ ਕਮਾਇਆ
ਆਖ਼ਰ ਵੇਲੇ ਇਸ ਨੂੰ ਲਾਈਏ, ਕਿਸ ਮਲਬੇ ਦੇ ਨਾਵੇਂ।

ਝੱਲਾ ਝੱਲਾ ਹੁੰਦਾ ਜਾਵੇ, ਆਪਣੇ ਪਿੰਡ ਦਾ ਚੇਤਾ
ਹੁਣ ਸਿਮਰਤੀਆਂ 'ਚੋਂ ਊਂਘਣ, ਸੁਪਨੇ ਟਾਵੇਂ ਟਾਵੇਂ।

ਹੱਡੀਆਂ ਬਾਲ ਕੇ ਮਨ ਦਾ ਚੁੱਲ੍ਹਾ, ਸਾਹਾਂ ਨਾਲ ਤਪਾ ਕੇ
ਤਨ ਦੀ ਚਰਬੀ ਦਿਲ ਦੀ ਹਾਂਡੀ, ਗ਼ਮ ਦਾ ਤਾਮਣ ਤਾਵੇਂ।

ਇਹ ਵਿਰਸਾ ਤਾਂ ਸੂਤ ਨ ਆਇਆ, ਪਿਛਲਾ ਆਪ ਗੁਆਇਆ
ਸਭ ਕੁਝ ਹੁੰਦਿਆਂ ਸੁੰਦਿਆਂ ਹੋ ਗਏ, ਕੱਲੇ ਅਤੇ ਨਿਥਾਵੇਂ।

ਸਾਂਭ ਲੈ ਜਿਹੜੀ ਥੋੜ੍ਹੀ ਬਹੁਤੀ, ਰਹਿ ਗਈ ਤੇਰੇ ਪੱਲੇ
ਇਹ ਨ ਹੋਵੇ ਭਲਕ ਹੋਣ ਤਕ, ਇਹਦੇ ਤੋਂ ਵੀ ਤੂੰ ਜਾਵੇਂ।❑❑

ਬਿਖੜੇ ਨੇ ਪੈਂਡੇ

ਬਿਖੜੇ ਨੇ ਪੈਂਡੇ ਅਤੇ ਡੂੰਘੀ ਜਹੀ ਵਾਟ ਏ
ਜਿੰਦੜੀ ਦੇ ਰਾਹਵਾਂ ਵਿਚ ਬੜੀ ਘਬਰਾਟ ਏ

ਅੱਖਰਾਂ ਦੇ ਰੌਲੇ ਵਿਚ ਭਾਵ ਧੀਵੇਂ ਹੋ ਗਏ

ਸੁਰ ਉੱਚੇ ਹੋ ਗਏ ਤੇ ਤਾਲ ਨੀਵੇਂ ਹੋ ਗਏ
ਸ਼ਬਦਾਂ ਦੇ ਅਰਥਾਂ 'ਚ ਬੜੀ ਬੁਖਲਾਟ ਏ।

ਨ੍ਹੇਰ ਦੇ ਚੁਮਾਸਿਆਂ 'ਚ ਲੋਅ ਗਿੱਲੀ ਹੋ ਗਈ
ਕੌਲਿਆਂ 'ਚ ਦੀਵਿਆਂ ਦੀ ਅੱਖ ਸਿੱਲ੍ਹੀ ਹੋ ਗਈ
ਕੰਧਾਂ ਵੀ ਉਦਾਸ ਨੇ ਤੇ ਬੂਹਾ ਵੀ ਉਚਾਟ ਏ।

ਕੰਧਾਂ ਉੱਤੇ ਚੜ੍ਹ ਆਈਆਂ ਧੀਆਂ ਵੇਲਾਂ ਕੌੜੀਆਂ
ਬੂਹੇ ਉੱਤੇ ਅਜੇ ਵੀ ਬਰਾਤਾਂ ਨਹੀਉਂ ਬਹੁੜੀਆਂ
ਡੋਲੀਆਂ ਤਿਆਰ ਨੇ ਕਹਾਰਾਂ ਦੀ ਹੀ ਘਾਟ ਏ।

ਡੋਲੇ ਦੀ ਉਡੀਕ ਵਿਚ ਸੁੱਕ ਗਈਆਂ ਅੰਬੀਆਂ
ਹਾਲੇ ਵੀ ਨੇ ਇਨ੍ਹਾਂ ਵਿਚੋਂ ਰੋਂਦੀਆਂ ਸਾਰੰਗੀਆਂ
ਸੋਗਮਈ ਰਾਗਾਂ ਦਾ ਵਿਰਾਗਮਈ ਥਾਟ ਏ।

ਚਿੱਠੀਆਂ ਨੇ ਆਂਦਰਾਂ ਦਾ ਦੁੱਖ ਜਦੋਂ ਦੱਸਿਆ
ਚੰਦਰੀਆਂ ਮਾਵਾਂ ਦਾ ਕਲੇਜਾ ਗਿਆ ਪੱਛਿਆ
ਦਿਲ ਉਂਝ ਭੋਲੀਆਂ ਦਾ ਬੜਾ ਹੀ ਵਿਰਾਟ ਏ।

ਦੁੱਖ ਪਰਦੇਸਾਂ ਵਾਲੇ ਕਿਹਨੂੰ ਕਿਹਨੂੰ ਦੱਸੀਏ
ਦਿਲ ਵਿਚ ਰੋਈਏ ਅਤੇ ਉੱਤੋਂ ਉੱਤੋਂ ਹੱਸੀਏ
ਉਂਝ ਪਰਦੇਸੀਆਂ ਦਾ ਬੜਾ ਠਾਠ ਬਾਠ ਏ।❑❑

ਬੀਮਾਰ ਆਦਮੀ

ਇਹ ਜੋ ਸੌਹੇਂ ਸੋਚ ਦੀ ਦੀਵਾਰ ਹੈ, ਏਸ ਵਿਚ ਬੂਹਾ ਨ ਕੋਈ ਬਾਰ ਹੈ
ਸਹਿਮ ਕੇ ਬੈਠਾ ਜੋ ਪਿੱਛੇ ਆਦਮੀ, ਉਹ ਬੜਾ ਭੈਭੀਤ ਤੇ ਬੀਮਾਰ ਹੈ

ਪਹਿਨ ਕੇ ਬੈਠਾ ਹੈ ਕਾਇਆ ਦਾ ਕਫ਼ਨ, ਜਾਨ ਇਹਦੀ ਏਸ ਦੇ ਅੰਦਰ ਦਫ਼ਨ
ਜਾਣਦਾ ਹੈ ਦੇਹ ਹੈ ਮਿੱਟੀ ਗੋਰ ਦੀ, ਫੇਰ ਵੀ ਮਿੱਟੀ ਦਾ ਦਾਅਵੇਦਾਰ ਹੈ

ਮਨ ਦੀਆਂ ਨੇ ਬੰਦ ਬੂਹੇ ਬਾਰੀਆਂ, ਜ਼ਿਹਨ ਅੰਦਰ ਧੁਖਦੀਆਂ ਲਾਚਾਰੀਆਂ
ਖ਼ੂਨ ਮੈਲਾ ਹੋ ਗਿਆ ਹੈ ਏਸ ਦਾ, ਨਾੜੀਆਂ ਵਿਚ ਤੋਹਮਤਾਂ ਦੀ ਗ਼ਾਰ ਹੈ

ਏਸ ਦੀ ਹੋਵੇ ਕਿਵੇਂ ਕਾਇਆ ਕਲਪ, ਹੇਠ ਧਰਤੀ ਹੈ ਨ ਸਿਰ ਉੱਤੇ ਫਲਕ
ਖ਼ਲਾ ਦੇ ਅੰਦਰ ਲਟਕਿਆ ਬੇਆਸਰਾ, ਏਸ ਦੀ ਕੋਈ ਹੋਂਦ ਨ ਵਿਸਥਾਰ ਹੈ

ਖਾ ਗਿਆ ਹੈ ਵਕਤ ਇਹਨੂੰ ਚੂੰਡ ਕੇ, ਵਿਹਲ ਨੂੰ ਕਿੱਥੋਂ ਲਿਆਵੇ ਢੂੰਡ ਕੇ
ਮਰ ਗਈ ਹੈ ਏਸ ਦੀ ਰੂਹ ਅੰਦਰੋਂ, ਜਿਸਮ ਹੈ ਕਿ ਜਾਗਦਾ ਮੁਰਦਾਰ ਹੈ

ਹੋਵੇ ਕਿਵੇਂ ਇਨਸਾਨ ਦੀ ਪੂਰੀ ਕਮੀ, ਮਰ ਗਿਆ ਹੈ ਆਦਮੀ 'ਚੋਂ ਆਦਮੀ
ਤੁਰਿਆ ਫਿਰਦਾ ਹੈ ਜੋ ਸਾਡੇ ਸਾਹਮਣੇ, ਆਦਮੀਅਤ ਦਾ ਇਹ ਲਹਿਣੇਦਾਰ ਹੈ

ਮਾਰ ਕੇ ਬੈਠਾ ਹੈ, ਬੁੱਕਲ ਹੋਂਦ ਦੀ, ਖਾ ਰਹੀ ਸੰਸਾ ਇਹਨੂੰ ਅਣਹੋਂਦ ਦੀ
ਅੰਦਰੋਂ ਇਹ ਬਹੁਤ ਹੀ ਭੈਭੀਤ ਹੈ, ਤਰਸ ਦਾ ਪਾਤਰ ਇਹਦਾ ਕਿਰਦਾਰ ਹੈ❑❑

ਉੱਤਰ-ਆਧੁਨਿਕਵਾਦ ਨਾਲ ਸੰਵਾਦ

ਸਮੁੰਦਰ ਨੂੰ ਅੱਗ ਲੱਗ ਗਈ ਹੈ
ਮੱਛੀਆਂ ਦਰੱਖ਼ਤਾਂ 'ਤੇ ਚੜ੍ਹ ਗਈਆਂ ਹਨ
ਰੇਤ 'ਤੇ ਬੇੜੀ ਠਿਲ੍ਹ ਪਈ ਹੈ
ਪਾਣੀ 'ਤੇ ਲੀਕ ਬਹਿ ਗਈ ਹੈ
ਨਸਾਂ ਵਿਚ ਗਸ਼ਤ ਕਰਦਾ ਹੈ ਪਾਣੀ
ਬਰਫ਼ ਦੇ ਤੋਦੇ ਭਖ ਰਹੇ ਹਨ
ਅਜਿਹੇ ਬਦਲਦੇ ਵਾਤਾਵਰਣ ਵਿਚ
ਸੋਚਣ ਦੀ ਵਿਹਲ ਕਿੱਥੇ ਹੈ!
ਮੌਤ ਨੂੰ ਵੀ ਮਰਨ ਦੀ ਮੁਹਲਤ ਨਹੀਂ
ਉਹ ਤਾਂ ਖੁਦ ਮਰ ਰਹੀ ਹੈ

ਡਿਕਾਰਟਸ ਨੇ ਕਿਹਾ ਸੀ
'ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ'
ਸਾਰਤਰ ਬੋਲਿਆ
'ਮੈਂ ਹਾਂ, ਇਸ ਲਈ ਮੈਂ ਹਾਂ'
ਮੈਂ ਆਪਣੇ ਬਾਰੇ ਕੀ ਕਹਾਂ
ਮੇਰੇ ਲਈ ਤਾਂ ਮੇਰੀਆਂ ਕਾਢਾਂ ਸੋਚਦੀਆਂ ਹਨ
ਸੋਚਣਾ, ਥੀਣਾ, ਵਿਚਰਨਾ, ਇਹ ਮੇਰਾ ਕਰਤਵ ਨਹੀਂ
ਇਨਸਾਨਾਂ ਨੂੰ ਸੋਚਣ ਦੀ ਵਿਹਲ ਕਿੱਥੇ ਹੈ!

ਇਨਸਾਨ ਦੀ ਚਤੁਰਾਈ ਤਾਂ ਦੇਖੋ
ਡਾਰਵਨ ਦੀ ਕੀਤੀ ਕਰਾਈ 'ਤੇ, ਫੇਰੇ 'ਚ ਪੋਚਾ ਫੇਰ ਦਿੱਤਾ
ਸਦੀਆਂ ਦੀ ਖੱਟੀ ਕਮਾਈ, ਪਲਾਂ ਵਿਚ ਰੋੜ੍ਹ ਦਿੱਤੀ

ਮੈਂ ਵੀ ਕਿੰਨਾ ਪਾਗਲ ਹਾਂ
ਉੱਤਰ-ਆਧੁਨਿਕਵਾਦੀਆਂ ਨਾਲ
ਸੰਵਾਦ ਰਚਾ ਰਿਹਾ ਹਾਂ।❑❑

ਕਲੋਨਿੰਗ

ਮੇਰੇ 'ਚੋਂ ਮੈਨੂੰ ਹੀ ਕਰਕੇ ਕਸ਼ੀਦ
ਉਹ ਮੰਗਦੇ ਨੇ ਮੈਤੋਂ ਹੀ ਰਸੀਦ
'ਕਿ ਮੇਰਾ ਮੜੰਗਾ ਵੀ ਮੇਰਾ ਨਹੀਂ
ਧੜ ਉੱਤੇ ਮੇਰਾ ਹੀ ਚਿਹਰਾ ਨਹੀਂ'
ਜਦ ਤਕ ਮੈਂ ਹਾਂ ਮੇਰੀ ਹਸਤੀ ਹੈ
ਮੜੰਗੇ ਉਤਾਰਨ ਦੀ ਕੀ ਜ਼ਬਰਦਸਤੀ ਹੈ
ਮੇਰੇ ਅੰਦਰ ਇਕ ਹੋਰ ਵੀ ਬਸਤੀ ਹੈ
ਜਿਸ ਦੀ ਨ ਕੋਈ ਦੱਖ ਨ ਆਕਾਰ ਹੈ
ਮੇਰਾ ਵਜੂਦ ਉਸ ਦਾ ਹੀ ਵਿਸਥਾਰ ਹੈ
ਉਸ ਦਾ ਮੁਹਾਂਦਰਾ ਤਾਂ ਨਿਰਾਕਾਰ ਹੈ

ਕਰਨਾ ਹੈ ਤਾਂ ਉਸ ਨੂੰ ਕਰੋ, ਮੇਰੇ ਚੋਂ ਕਸ਼ੀਦ
ਮੈਂ ਖੁਸ਼ੀ ਖੁਸ਼ੀ ਲਿਖ ਦਿਆਂਗਾ ਰਸੀਦ।
ਮੈਨੂੰ ਪਤਾ ਕਿ ਉਤਾਰ ਕੇ ਮੇਰਾ ਮੁਹਾਂਦਰਾ
ਕਰਕੇ ਉਸ 'ਚੋਂ ਮੇਰੀ ਰੂਹ ਮੇਰੀ ਹੋਂਦ ਨੂੰ ਮਨਫ਼ੀ
ਮੇਰੀ ਕਾਇਆ ਨੂੰ ਉਸਤਰਿਆਂ 'ਤੇ ਧਰੋਗੇ
ਮੇਰੇ ਅੰਗਾਂ ਦੀ ਵਾਢੀ ਕਰੋਗੇ
ਵੇਚ ਕੇ ਮੈਨੂੰ ਹੀ ਮੇਰੇ ਅੰਗ
ਮੇਰੀ ਉਮਰ ਨੂੰ ਰਤਾ ਹੋਰ ਲੰਬੀ ਕਰੋਗੇ
ਮੇਰੇ ਸਿਰ ਮੇਰੇ ਕਤਲ ਦੀ ਤੋਹਮਤ ਧਰੋਗੇ।

ਆਦਮੀ ਨੂੰ ਅਜੂਨੀ ਹੋਣ ਦੀ ਕਿਉਂ ਲਾਲਸਾ ਹੈ
ਕਿਉਂ ਉਹ ਆਪਣੀ ਹੀ ਨਸਲ ਲਈ ਬੇਵਫਾ ਹੈ
ਕੀ ਉਸ ਦੇ ਅੰਦਰਲਾ ਆਦਮੀ ਮਰ ਗਿਆ ਹੈ
ਜੋ ਉਸ ਨੂੰ ਮਰਦ ਤੋਂ ਨਪੁੰਸਕ ਕਰ ਗਿਆ ਹੈ।❑❑

[1925, Los Altos Ave, Clovis, CA 93611, USA]

ਮੇਰੀ ਜਾਤ/ਬਲਬੀਰ ਮਾਧੋਪੁਰੀ

ਜਾਤ ਇਉਂ ਮੇਰੇ ਸੰਗ
ਜਿਵੇਂ ਮੇਰਾ ਰੰਗ, ਮੇਰਾ ਪਰਛਾਵਾਂ
ਇੰਨਾ ਮੇਲ-ਸੁਮੇਲ, ਕਿ ਮੈਂ ਮਨਫ਼ੀ
ਉਹ ਮੇਰੀ ਪਛਾਣ
ਪਿੰਡ ਹੋਵਾਂ ਚਾਹੇ ਸ਼ਹਿਰ
ਸਮੁੰਦਰ ਦੇ ਆਰ ਜਾਂ ਪਾਰ

ਬਹੁਤ ਲੁਕਾਉਂਦਾ, ਛੁਪਾਉਂਦਾ
ਸੌ ਪਰਦੇ ਪਾਉਂਦਾ ਹਾਂ ਮੈਂ
ਪਰ ਉਹ ਫਿਰ, ਆ ਖੜ੍ਹਦੀ ਹੈ ਵਾਰ-ਵਾਰ
ਜਿਵੇਂ ਕਲਫ਼ ਦੇ ਦਿਨਾਂ ਬਾਅਦ, ਧੁੱਪ ਵਰਗੇ ਵਾਲ
ਲੰਗਾਰ ਆਏ ਲੀੜਿਆਂ ਥਾਣੀਂ, ਜਿਸਮ ਝਾਕਦੇ ਖ਼ਿਆਲ।

ਚਾਹੁੰਦਾ ਹਾਂ ਉਸ ਦਾ ਤਿਆਗ
ਜਿਵੇਂ ਕੋਈ ਲੋਚਦਾ ਹੈ ਤਲਾਕ
ਪਰ ਉਹ ਮੈਨੂੰ ਦੱਸਦੇ ਨੇ, ਸਮਝਾਉਂਦੇ-ਸੁਝਾਉਂਦੇ ਨੇ
ਇਹ ਤਾਂ ਜਨਮਾਂ-ਜਨਮਾਂ ਦਾ ਸਾਥ
ਨਹੀਂ ਗੱਲ ਕੋਈ ਖ਼ਾਸ।

ਆਖਰ-ਤਰਕਸ਼ ਉੱਤੇ ਚੜ੍ਹਦੇ ਨੇ ਤਰਕ ਦੇ ਤੀਰ
ਜਾਣ ਵਰਤਮਾਨ ਅਤੀਤ ਨੂੰ ਚੀਰ

ਲਹੂ ਵਿਚ ਆਉਂਦਾ ਹੈ ਉਬਾਲ
ਜਿਵੇਂ ਧਰਤ ਅੰਦਰ ਭੂਚਾਲ
ਤੇ ਫਿਰ ਸਾਵੇਂ ਹੁੰਦੇ ਦਿਸਦੇ ਨੇ ਖੱਪੇ
ਚੜ੍ਹਦੇ-ਲਹਿੰਦੇ, ਸੱਜੇ-ਖੱਬੇ।

ਜਾਤ ਇਉਂ ਮੇਰੇ ਸੰਗ
ਜਿਵੇਂ ਮੇਰਾ ਰੰਗ, ਮੇਰਾ ਪਰਛਾਵਾਂ
ਇੰਨਾ ਮੇਲ-ਸੁਮੇਲ, ਕਿ ਮੈਂ ਮਨਫ਼ੀ
ਉਹ ਮੇਰੀ ਪਛਾਣ
ਪਿੰਡ ਹੋਵਾਂ ਚਾਹੇ ਸ਼ਹਿਰ
ਸਮੁੰਦਰ ਦੇ ਆਰ ਜਾਂ ਪਾਰ।❑❑

[East Block-4, Level-7, R.K. Puram, New Delhi]

ਦੋ ਗਜ਼ਲਾਂ/ ਅਮਰਦੀਪ ਸੰਧਾਂਵਾਲੀਆ

ਕਥਾ ਉਸਦੀ ਸੀ ਰੌਚਿਕ ਤੇ ਅਦਾ ਵੀ ਖ਼ੂਬ ਕਾਵਿਕ ਸੀ
ਕਿਵੇਂ ਨਾ ਦਾਦ ਮੈਂ ਦੇਂਦਾ, ਮੇਰਾ ਇਹ ਫਰਜ਼ ਨੈਤਿਕ ਸੀ।

ਨਿਰਾ ਉਹ ਨੂਰ ਚਾਹੇ ਦੂਰ ਮੇਰੀ ਪਹੁੰਚ ਤੋਂ ਸੀ ਪਰ,
ਨਜ਼ਾਰਾ ਕਲਪਨਾ ਉਸਦੀ ਕਰਨ ਦਾ ਹੀ ਅਲੌਕਿਕ ਸੀ।

ਅਸੀਂ ਦੋਵੇਂ ਹੀ ਦੋਸ਼ੀ ਹਾਂ ਕਿ ਮੈਂ ਡਰਦਾ ਸੀ ਰਸਮਾਂ ਤੋਂ,
ਤੇ ਮਨਭਾਉਂਦਾ ਵਿਸ਼ਾ ਮਹਿਬੂਬ ਮੇਰੇ ਦਾ ਸਮਾਜਿਕ ਸੀ।

ਬਹਾਰਾਂ ਦੇ ਨਜ਼ਾਰੇ ਦਾ ਹੀ ਕੇਵਲ ਸ਼ੌਕ ਸੀ ਉਸਨੂੰ,
ਬਦਲ ਮੌਸਮ ਗਿਆ ਤਾਂ ਬਦਲਨਾ ਉਸਦਾ ਸੁਭਾਵਿਕ ਸੀ।

ਜ਼ਰਾ ਅਫ਼ਸੋਸ ਨਾ ਕਿ ਮੈਂ ਉਦ੍ਹੇ ਅਨੁਸਾਰ ਕਿਉਂ ਚੱਲਿਆ,
ਗਿਲਾ ਹੈ ਕਿ ਉਦ੍ਹਾ ਵਿਵਹਾਰ ਨਾ ਮੇਰੇ ਮੁਤਾਬਿਕ ਸੀ।❑❑

2

ਜਦੋਂ ਮਨ ਠੀਕ ਨਾ ਹੋਵੇ ਤਾਂ ਕੁਝ ਨਾ ਠੀਕ ਲੱਗਦਾ ਹੈ
ਸਗੋਂ ਮੌਸਮ ਕਰੇ ਗ਼ਮਗ਼ੀਨ ਜੋ ਰਮਣੀਕ ਲੱਗਦਾ ਹੈ।

ਅਸਰ ਅੰਦਾਜ਼ ਉਸਦੀ ਚੁੱਪ ਆਖ਼ਰ ਇਸ ਕਦਰ ਹੋਈ,
ਕਿ ਮੈਨੂੰ ਕੋਸ਼ ਸ਼ਬਦਾਂ ਦਾ ਭਿਆਨਕ ਚੀਕ ਲੱਗਦਾ ਹੈ।

ਨ ਕਹਿ ਤੂ ਅਲਵਿਦਾ ਤੇ ਨਾਸਤਿਕ ਹੋਣੋਂ ਬਚਾ ਮੈਨੂੰ
ਤੇਰੀ ਮੌਜੂਦਗੀ ਵਿਚ ਹੀ ਖ਼ੁਦਾ ਨਜ਼ਦੀਕ ਲੱਗਦਾ ਹੈ।

ਭਲਾ ਇਸ ਖ਼ੂਬਸੂਰਤ ਸ਼ਹਿਰ ਬਾਰੇ ਹੋਰ ਕੀ ਆਖਾਂ,
ਕਿਸੇ ਜੰਗਲ ਘਣੇ ਦਾ ਹਰ ਜਣਾ ਵਸਨੀਕ ਲਗਦਾ ਹੈ।
'ਅਮਰ' ਸ਼ਾਇਰ ਕਦੇ ਮਹਿਬੂਬ ਦੀ ਬਿੰਦੀ 'ਚ ਗੁੰਮ ਜਾਵੇ,
ਕਦੇ ਪਰ ਫ਼ੈਲਿਆ ਉਹ ਦੂਰ ਅੰਬਰ ਠੀਕ ਲੱਗਦਾ ਹੈ।❑❑

[ਆਕਾਸ਼ਵਾਣੀ, ਪਟਿਆਲਾ]

ਅਰਥ ਲੁਕਿਆ ਹੋਇਆ ਸੀ
ਸ਼ੈਅ ਦੇ ਸੁਆਦ 'ਚ
ਮੈਂ ਚਖ਼ ਕੇ ਲੱਭਿਆ

ਉਹ ਤਾਂ ਘੁਲਿਆ ਹੋਇਆ ਸੀ
ਇਕ ਸ਼ੈਅ 'ਚ
ਫੜਿਆ ਮੈਂ ਨਿਤਾਰ ਕੇ

ਰੰਗ ਹੀ
ਇਕ ਸ਼ੈਅ ਦਾ ਅਰਥ ਸੀ

ਇਕ ਸ਼ੈਅ 'ਚ
ਉਸ ਦੀ ਚਮਕ ਨਾਲ
ਚੁੰਧਿਆ ਗਈਆਂ ਅੱਖੀਆਂ
ਇਕ ਸ਼ੈਅ 'ਚ ਸੀ ਉਹ ਨ੍ਹੇਰ-ਘੁੱਪ

ਅਰਥ ਚੀਖ਼ ਰਿਹਾ ਸੀ
ਇਕ ਸ਼ਬਦ 'ਚ
ਮੈਂ ਸੁਣਿਆ, ਉਸ ਦਾ ਸੰਨਾਟਾ ਵੀ

ਅਰਥ
ਆਸਮਾਨ 'ਚ ਮੈਂ ਵੇਖਿਆ
ਉਡਦਾ
ਇਕ ਪੰਛੀ ਦੇ ਪਰਾਂ 'ਚ

ਅਰਥ ਮਹਿਕ ਰਿਹਾ ਸੀ
ਇਕ ਫੁੱਲ 'ਚ
ਮੈਂ ਸੁੰਘਿਆ
ਫੇਰ ਇਕ ਅਰਥ ਉਸ ਦੇ
ਵਾਲਾਂ 'ਚ ਮੈਂ ਟੁੰਗਿਆ

ਅਰਥ ਇਕ ਚਿਹਰੇ 'ਤੇ
ਬਣ ਕੇ ਹਯਾ ਸੀ ਫੈਲਿਆ।❑❑

[47, Shaleen Enclave, Badripur Road, Jogiwala, Dehradoon,]

ਚਾਰ ਨਿੱਕੀਆਂ ਕਵਿਤਾਵਾਂ/ ਪਰਮਿੰਦਰ ਸਿੰਘ ਗਿੱਲ

ਮੁਸਾਫ਼ਿਰ

ਸਾਰੀ ਜ਼ਿੰਦਗੀ, ਤੁਰਦਾ ਰਿਹਾ, ਭਟਕਦਾ ਰਿਹਾ
ਪਰ ਫੇਰ ਵੀ... ਮੈਂ,
ਮੁਸਾਫਿਰ, ਨਾ ਗਿਣਿਆ ਗਿਆ
ਜਦੋਂ ਕਿਤੇ, ਥੱਕ-ਟੁੱਟ ਕੇ
ਕਿਸੇ ਰੁੱਖ ਦੀ ਛਾਵੇਂ
ਬੈਠ ਕੇ ਲੱਗਾਂ ਕਰਨ ਹਿਸਾਬ
ਕੀ ਪਾਇਆ, ਕੀ ਗੰਵਾਇਆ
ਤਾਂ ਕੁਝ ਵੀ
ਮੇਰੇ ਹੱਥ ਨਾ ਆਇਆ
ਘਰ ਛੱਡਿਆ, ਪਿੰਡ ਛੱਡਿਆ
ਤੇ ਛੱਡੇ ਯਾਰ ਬੇਲੀ
ਪਰ ਫੇਰ ਵੀ ਮੈਂ
ਮੁਸਾਫਿਰ, ਨਾ ਗਿਣਿਆ ਗਿਆ।❑❑

ਸੋਚਣਾ

ਕਦੇ ਕਦੇ ਮੈਂ ਸੋਚਦਾ ਹੁੰਦਾ ਹਾਂ
ਕਿ ਮੈਂ ਇੰਨਾ ਕਿਉਂ ਸੋਚਦਾ ਹਾਂ
ਜਦੋਂ ਮੈਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ
ਤਾਂ ਮੈਂ
ਚੁੱਪ-ਚਾਪ ਸੋਚਣ ਲੱਗ ਜਾਂਦਾ ਹਾਂ।❑❑

ਰੁਝੇਵਾਂ

ਅੱਜਕੱਲ੍ਹ ਕਿਸੇ ਕੋਲ ਇੰਨਾ ਸਮਾਂ ਹੀ ਨਹੀ
ਕਿ ਕੋਈ ਸਮਾਂ ਦੇਖ ਸਕੇ
ਜਦੋਂ ਵੀ ਕੋਈ, ਸਮਾਂ ਦੇਖਦਾ ਹੈ
ਜ਼ਰਾ ਰੁਕ ਕੇ
ਤਾਂ ਪਿਛਾਂਹ ਰਹਿ ਜਾਂਦਾ ਹੈ।❑❑

ਸ਼ਬਦ

ਪਿਆਰ ਨਹੀਂ, ਨਿੱਘ ਨਹੀਂ
ਮੋਹ ਨਹੀਂ, ਹਮਦਰਦੀ ਨਹੀਂ
ਉਹ ਸ਼ਬਦ ਬੇਜਾਨ ਪੱਥਰ ਦੀ ਤਰ੍ਹਾਂ ਹਨ
ਜਿੰਨਾਂ ਦੀ ਸੱਟ ਤੋਂ ਬਚਣ ਲਈ
ਹਰ ਕੋਈ
ਅਸਫਲ ਕੋਸ਼ਿਸ਼ ਕਰਦਾ ਹੈ❑❑

[ਪਿੰਡ ਤੇ ਡਾਕ : ਕਕਰਾਲਾ, ਤਹਸੀਲ ਸਮਾਣਾ, ਜਿਲ੍ਹਾ ਪਟਿਆਲਾ-147 102]

ਜੀਵਨ-ਯਾਤਰਾ ਤੇ ਕਾਵਿ-ਯਾਤਰਾ: ਕੁਝ ਕਵਿਤਾਵਾਂ/ਦੇਵ

ਦਾਅਵਤਨਾਮਾ

ਦੇਵ ਦੀ ਜੀਵਨ-ਯਾਤਰਾ ਤੇ ਕਾਵਿ-ਯਾਤਰਾ ਇਕ ਦੂਜੇ ਵਿਚ ਇਸ ਕਦਰ ਰਚੇ-ਮਿਚੇ ਹੋਏ ਹਨ ਕਿ ਮੈਨੂੰ ਇਨ੍ਹਾਂ ਦੋਹਾਂ ਵਿਚਕਾਰ ਵਿੱਥ ਪਾਉਣੀ ਨਾ ਸੰਭਵ ਜਾਪਦੀ ਹੈ ਅਤੇ ਨਾ ਹੀ ਉਚਿਤ।

ਕਵਿਤਾ ਉਹਦੇ ਲਈ ਮਹਿਜ਼ ਆਤਮ ਅਭਿਵਿਅਕਤੀ ਦਾ ਹੀ ਅਮਲ ਨਹੀਂ, ਸਗੋਂ ਆਤਮ-ਬੋਧ ਤੇ ਆਤਮ-ਪ੍ਰਤੀਤੀ ਦੀ ਨਿਰੰਤਰ ਪ੍ਰਕਿਰਿਆ ਵੀ ਹੈ। ਦੇਵ ਦੇ ਰਚਨਾ-ਸੰਸਾਰ ਵਿਚ ਕਵਿਤਾ ਰਚਣ ਤੇ ਕਵਿਤਾ ਦੁਆਰਾ ਰਚਿਤ ਹੋਣ ਦਾ ਕਰਮ ਇਕ ਅਦ੍ਵੈਤ-ਇਕਾਗਤਾ ਵਿਚ ਰੂਪਮਾਨ ਹੋਇਆ ਸਹੀ ਹੁੰਦਾ ਹੈ।

ਕਵਿਤਾ ਦੇਵ ਲਈ ਆਪਣੇ ਪਿੰਡ, ਪ੍ਰਾਂਤ, ਦੇਸ, ਪਰਦੇਸ, ਨਿੱਜ, ਪਰ, ਘਰ, ਸੰਸਾਰ, ਦੋਸਤਾਂ, ਦੋਖੀਆਂ, ਪ੍ਰੀਅਜਨਾਂ, ਪੁਰਖਿਆਂ, ਵਿਰਸੇ, ਵਰਤਮਾਨ, ਪਰੰਪਰਾ ਦੇ ਪ੍ਰੇਤਾਂ ਤੇ ਆਧੁਨਿਕਤਾ ਦੇ ਸੋਨ-ਮਿਰਗਾਂ ਨਾਲ ਸੰਵਾਦ ਰਚਾਉਣ ਲਈ ਵਿਛਿਆ ਸੁਆਗਤੀ ਦਸਤਰਖਾਨ ਵੀ ਹੈ ਤੇ ਲੜਾਈ ਦਾ ਮੈਦਾਨ ਵੀ।

ਇਸ ਬਹੁ-ਵਿਧ ਜਟਿਲ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕਵਿਤਾ ਇਕੋ ਸਮੇਂ ਹੀ ਦੇਵ ਦਾ ਸ਼ਸਤਰ ਤੇ ਸ਼ਾਸਤਰ ਹੈ ਅਤੇ ਸ਼ਾਸਤ੍ਰਾਰਥ ਵੀ।

ਅਗਲੇ ਪੰਨਿਆਂ ਵਿਚ ਸ਼ੋਰ ਨਾਲ ਪ੍ਰਦੂਸ਼ਤ ਸਮਕਾਲੀ ਸੰਸਾਰ ਵਿਚ, ਸ਼ਬਦ-ਕਰਮੀ ਤੇ ਰੰਗ-ਕਰਮੀ ਦੇਵ, ਆਪਣੇ ਸੁਹਜ ਦੁਆਰਾ ਸਹਿਜ ਸਿਰਜਣ ਦੀ ਯਾਤਰਾ 'ਤੇ ਜਾ ਰਿਹਾ ਹੈ।

ਬਤੌਰ ਹਮਸਫਰ ਤੁਹਾਡਾ ਵੀ ਇਸ ਸਹਿ-ਯਾਤਰਾ ਵਿਚ ਸ਼ਾਮਲ ਹੋਣ ਲਈ ਸੁਆਗਤ ਹੈ

[ਸਾਧੂ ਸਿੰਘ]

ਬਿਰਖ

ਸਾਰਾ ਸਿਆਲ
ਬਿਰਖ ਚੁੱਪ ਰਿਹਾ
ਭੂਰੀ ਆਇਤ ਦੀ ਬਰਫੀਲੀ ਬੁੱਕਲ ਦਾ 'ਨਿੱਘ' ਪਹਿਨੀ
ਪੰਛੀ 'ਪਰ' ਵਾਸੀ
ਅਸੀਂ ਪਾਰ-ਵਾਸੀ
ਬਦਲਦੀ ਰੁੱਤ
ਬਿਰਖ ਦੀ ਜਿਲਦ 'ਤੇ ਪਹਿਲੀ ਦਾਅਵਤ
ਹਰਾ ਦਸਤਰਖਾਨ
ਪਲ ਪਲ ਬਦਲਦੀ ਰੌਸ਼ਨੀ ਦੀਆਂ ਆਰਸੀਆਂ
ਨਾਜ਼ੁਕ ਪੱਤੇ
ਧੁੱਪ ਧੁੱਪ ਖਿੜ ਸੁਰ ਖੇਡਣ
ਪੂਰਬ ਵੱਲੋਂ ਝੁੰਡ ਆ ਰਿਹੈ ਉਡਾਣ ਦੀ ਝੱਲ ਦਾ
ਮੇਰੀ ਬਾਰੀ ਹੇਠ ਆਲ੍ਹਣਾ ਪੈਣਾਂ
ਪਰਿੰਦੇ ਕਦੇ ਵੀ ਸ਼ਰਨਾਰਥੀ ਨਹੀਂ ਹੁੰਦੇ
ਨਾ ਹੀ ਬਿਨ ਸਰਨਾਵੇਂ ਖਤ ਲਿਖਦੇ

ਉਡਾਣ ਮੁਕਤ ਹੈ ਹੇਰਵੇ ਤੋਂ
ਹੇਰਵਾ ਕਾਲੇ ਪਾਣੀ ਦਾ ਸਰਾਪ ਹੈ
ਸਾਡੇ ਨਕਸ਼ਾਂ 'ਤੇ ਪ੍ਰੇਤ ਪਰਛਾਵਾਂ
ਅੱਧਾ ਹਿੱਸਾ ਜ਼ਿੰਦੀ ਇੱਛਾ
ਦੂਜਾ ਹਿੱਸਾ ਅੰਨ੍ਹਾ ਸ਼ੀਸ਼ਾ
ਕੀ ਮੇਰੀ ਤਸਵੀਰ ?
ਬਿਰਖ ਪਰਿੰਦਿਆਂ ਨੂੰ ਸੁਪਨਾਉਂਦੇ
ਪਰਿੰਦੇ ਬਿਰਖ ਦੇ ਸਾਜ਼ 'ਤੇ
ਅੰਮ੍ਰਿਤ ਸੰਧਿਆ ਦਾ ਰਾਗ ਅਲਾਪਦੇ
ਅਚਾਨਕ ਚੁੱਪ ਅੰਦਰ ਵਿਸਫੋਟ
ਅੱਖਰਾਂ ਨੇ ਤੇਲ ਚੋਇਆ
ਕਵਿਤਾ ਨੇ ਦਸਤਕ ਦਿੱਤੀ
ਰੁੱਤ ਬਦਲੀ
ਬਿਰਖ ਨੇ ਨਵੀਂ ਜੂਨ ਪਾਈ
ਪੰਛੀ ਨੇ ਆਲ੍ਹਣੇ ਦਾ ਪ੍ਰਥਮ ਤੀਲਾ
ਅਰਦਾਸ ਕੀਤਾ
ਮੈਂ ਬੂਹਾ ਖੋਹਲਿਆ
ਸਰਦਲ 'ਤੇ ਜੀ ਆਇਆਂ ਦੇ ਦੀਵੇ ਜਗਣ ਲੱਗੇ ❑❑

ਮਿੱਟੀ ਤੇ ਅੱਗ

ਮਿੱਟੀ ਤੇ ਭੂਤਨੀ ਅੱਗ
ਆਕਾਸ਼ 'ਚੋਂ ਡੁੱਲ੍ਹ ਰਹੀਆਂ ਬੁਰਕੀਆਂ
ਇਸ਼ਤਿਹਾਰਾਂ 'ਚ ਤਰਦੀਆਂ
ਭੁੱਖੇ ਚੁੱਲ੍ਹੇ
ਮਜ਼ਾਕ ਸੁਨਹਿਰੀ ਬਾਜ਼ਾਰਾਂ ਦਾ
ਗੁਲਾਮੀ ਕਿੰਨੀ ਵਾਰ
ਆਜ਼ਾਦੀ ਦਾ ਭੇਸ ਪਹਿਨ ਕੇ ਆਈ ਹੈ
ਭੁੱਖ ਦਾ ਭੂਗੋਲ
ਸੁੱਤੀ ਪਈ ਮੁਠੀ 'ਚ ਦਫ਼ਨ
ਜਾਗੇ ਹੱਥਾਂ ਅੰਦਰ
ਅਗਨੀ ਵੀਰਜ
ਸੂਰਜ ਦੀ ਕਿਸਮਤ ਆਕਾਸ਼ 'ਚ ਨਹੀਂ
ਹੱਥਾਂ 'ਚ ਪਲਦੀ ਹੈ
ਹੱਥਾਂ ਦਾ ਨਸੀਬ ਲਕੀਰਾਂ ਨਹੀਂ
ਮੁੜ੍ਹਕਾ ਹੈ
ਮੁੜ੍ਹਕੇ 'ਚ ਤਰਦੇ ਨੇ ਇਸ ਧਰਤੀ ਦੇ ਸੁਪਨੇ
ਮੈਂ ਤੇ ਤੂੰ ❑❑

ਜਦੋਂ ਮੈਂ ਘਰ ਪਰਤਦਾ ਹਾਂ

ਜਿਵੇਂ ਮੈਂ ਤੁਹਾਨੂੰ ਛੱਡ ਕੇ ਗਿਆ ਸੀ
ਤੁਸੀਂ ਅਜੇ ਵੀ ਉਵੇਂ ਦੀ ਉਵੇਂ ਉਥੇ ਹੀ ਹੋ
ਬੋਦੀ ਤਲਵਾਰ ਦੇ ਹਾਰੇ ਸਿਕੰਦਰ
ਸ਼ਿਕਵਿਆਂ ਦੇ ਆਰਜ਼ੀ ਰੋਜ਼ਨਾਮਚੇ
ਤੁਹਾਡੇ ਦਰਵੇਸ਼ 'ਅਜੇ' ਤਕ ਨਹੀਂ ਪਰਤੇ
ਤੁਹਾਡੇ ਨਾਂ ਦੀ ਸੁਨਹਿਰੀ ਪਰਚੀ ਲੈ ਕੇ
ਮੇਰੇ ਤੇ ਤੁਹਾਡੇ ਵਿਚਕਾਰ ਵਿੱਥਾਂ ਉਦੋਂ ਵੀ ਸਨ
ਤੁਹਾਡੀਆਂ ਮੀਸਣੀਆਂ ਮਸਕੀਨ ਚੁੱਪਾਂ 'ਹੁਣ' ਵੀ ਨੇ
ਹਾਂ...ਬਹੁਤ ਕੁਝ ਬਦਲ ਗਿਐ
ਮੇਰੇ ਤੇ ਤੁਹਾਡੇ ਵਿਚਕਾਰ
ਤੁਹਾਡੇ 'ਬਿਨ ਸਿਰਨਾਵੇਂ' ਖਤ
'ਮੰਡੀ ਬਾਜ਼ਾਰ' ਦੀਆਂ ਰੰਡੀਆਂ
ਕਬਾਇਲੀ ਕਰਤੂਤਾਂ
ਪਰਦੂਸ਼ਤ ਰੋਲੇ
ਤੁਹਾਡੇ ਘਰ ਅੱਧ-ਕੱਚੀਆਂ ਜਿਲਦਾਂ 'ਚ ਜ਼ਮੀਨਦੋਜ਼
ਕਿੱਥੇ ਨੇ ਸ਼ਬਦ-ਧਰਮ
ਚੁੱਪਾਂ ਅੱਖਰ-ਪਾਰ
ਜਦੋਂ ਵੀ ਪਰਤਦਾ ਹਾਂ
ਕੱਚਘਰੜ ਕਰਤੂਤਾਂ
ਕਿਸ਼ਤ ਕਿਸ਼ਤ ਕੁੱਬੀ ਹੋ ਰਹੀ ਕਲਪਨਾ ਦੇ ਕਰੰਗ
ਤੁਹਾਡਾ ਮਰਸੀਆ ਹੈ
ਥਾਂ ਥਾਂ ਤੋਂ ਟੁੱਕੇ ਨਾਹਰੇ
ਬੇ ਪੈਰੇ ਜਲੂਸ
ਤੁਹਾਡੇ ਤਪਦਿਕੇ ਤਹਿਖਾਨਿਆਂ ਦਾ ਪਰਪੰਚ
ਜਦੋਂ ਵੀ ਮੈਂ ਪਰਤਦਾ ਹਾਂ
ਤੁਸੀਂ ਹੋਰ ਵੀ ਪਰੇਸ਼ਾਨ ਹੋ ਜਾਂਦੇ ਹੋ
ਮੈਂ ਤੁਹਾਨੂੰ ਤੁਹਾਡੀ ਸਵੈ ਸਾਜੀ 'ਉਜੱਡ' ਇੱਛਾ ਨਾਲ ਕਿਉਂ ਮੁਖਾਤਬ ਨਹੀਂ
ਤੁਹਾਡੇ 'ਝੁੰਡ' ਝੰਡੇ ਰੰਗ ਬਿਰੰਗੇ ਪਾਖੰਡ
ਇਕੋ 'ਥਾਂ' ਵਸਦੇ ਰਹੋ
ਜਿੱਥੇ ਮੈਂ ਤੁਹਾਨੂੰ 'ਛੱਡ' ਕੇ ਗਿਆ ਸੀ
ਉਥੋਂ ਤੁਸੀਂ ਕਦੇ ਵੀ ਉਜੜੋ ਨਾ ❑❑

ਮੇਜ਼

ਚਾਕੂ ਤੀਰ ਤਰਕ
ਬੁਲ੍ਹ ਗੁਆ ਚੁੱਕੇ ਨੇ
ਆਪਣੇ ਆਪਣੇ ਬੋਲ

ਲਾਵਾਰਿਸ ਬੰਦ ਮੱਥਿਆਂ ਅੰਦਰ ਘਿਰਿਆ
ਮੇਜ਼ ਪਿਆ ਹੈ ਬੇਬਸ
ਸੰਵਾਦ ਦੇ ਲਈ
ਸਾਹਾਂ ਦੀ ਸਲੀਬ ਤੇ ਘੜੀ
ਉਡੀਕ ਦੇ ਲਈ ਤਰਲੋ ਮੱਛੀ
ਪਾਣੀ
ਪੋਟਿਆਂ 'ਚੋਂ ਡੁੱਲ੍ਹ ਰਹੀ ਰੇਤ
ਮੇਜ਼ 'ਤੇ
ਪਾਣੀ ਮੇਰਾ ਕਿਸੇ ਹੋਰ ਦੀ ਪਿਆਸ 'ਚ ਕੈਦ ਹੈ

ਮੇਜ਼ ਤਕ ਪਹੁੰਚਣ ਲਈ ਸਫੀਰੀ ਅੱਖਰ
ਘਸੀਟ ਰਹੇ ਨੇ ਆਪਣਾ ਆਪ
ਝੰਡੇ ਨਾਹਰੇ ਕਚੀਚੀਆਂ
ਆਪਣੇ ਆਪਣੇ ਅੱਖਰਾਂ ਦੀਆਂ ਅਰਥੀਆਂ ਦੇ ਨਾਲ ਨਾਲ
ਖੱਸੀ ਮੁਸਕਾਣਾਂ ਦੇ ਇਰਦ ਗਿਰਦ
ਸ਼ਤਰੰਜੀ ਵਿਆਕਰਨ ਦੀ ਚਤੁਰਤਾ
ਕਾਲੀਆਂ ਐਨਕਾਂ 'ਚ ਕੈਦ
ਮੇਜ਼ 'ਤੇ ਪਈ ਘੜੀ ਪਿਘਲ ਰਹੀ ਹੈ
ਸ਼ਬਦ ਤੇ ਸੰਵਾਦ ਦੇ ਲਈ ❑ ❑

ਅੰਨ੍ਹੀ ਚਮਕ

ਲੋਰੀ ਤੇ ਲਾਰੇ ਦੇ ਵਿਚਕਾਰ
ਬੁਝੀ ਬੁਝੀ ਜਾਗ ਨਾਲ
ਭਰਮ ਦਾ ਨਕਾਬ ਪਹਿਨ
ਸ਼ੀਸ਼ੇ ਨੇ ਮੇਰਾ ਰਾਹ ਰੋਕ ਰੱਖਿਆ ਹੈ
ਅੰਨ੍ਹੀ ਚਮਕ ਦੀ ਚਕਾ-ਚੌਂਧ
ਜਲ ਪਰਵਾਹ ਕਰਦਾ ਰਹਿੰਦਾ ਹਾਂ
ਆਪਣੇ ਹੀ ਪਰਛਾਵਿਆਂ ਦੇ ਪਾਣੀਆਂ ਅੰਦਰ
ਅਜੀਬ ਸਮੇਂ ਨੇ
ਕੁਝ ਵੀ 'ਸਬੂਤਾ' ਨਹੀਂ
ਕੰਕਰ ਕੰਕਰ ਕਿਸ਼ਤ ਕਿਸ਼ਤ
ਇਹਨਾਂ ਸ਼ਮਿਆਂ ਦੇ
ਅਸੀਂ ਅੱਧ-ਅਧੂਰੇ
ਬਿਰਖ ਕਿੱਥੇ ਹੈ
ਜਿਸ ਦੀ ਭੁੱਲੀ ਵਿਸਰੀ ਛਾਂ ਨਾਲ
ਆਪਣੇ ਆਪ ਨੂੰ ਚੇਤੇ ਰੱਖਦਾ ਹਾਂ
ਸਲੇਟੀ ਸਨਕ ਖਾਮੋਸ਼ੀ

ਅੰਨ੍ਹੀ ਚਮਕ ਦੇ ਸ਼ੀਸ਼ਿਆਂ ਨਾਲ ਬਾਜ਼ਾਰ
ਮੇਰੀ ਸਰਦਲ 'ਤਕ' ਪਹੁੰਚ ਗਿਆ ਹੈ
ਛਾਂ-ਵਿਹੂਣੇ ਅਸੀਂ ਸਿਰਫਿਰੇ
ਮੇਰੇ ਪੈਰ ਮੱਚ ਰਹੇ ਨੇ ਜਲ ਚੁੱਕੇ ਬਿਰਖ ਦੇ ਸੋਗ ਨਾਲ
ਆਪਣੇ ਹੀ ਮਾਤਮ ਅੰਦਰ ਸਿਸਕੀ ਸਿਸਕੀ ਡੁੱਬ ਰਿਹਾ ਹਾਂ
ਕੀ ਹੋਇਆ ਜੇ ਮੈਂ ਅਜੇ ਵੀ ਬਾਰ ਬਾਰ ਭਟਕ ਰਿਹਾ ਹਾਂ
ਤਿਲ ਤਿਲ ਕਰਕੇ 'ਖਾਮੋਸ਼' ਹੋ ਰਹੇ ਆਦਮੀ
ਅੱਖਰਾਂ ਨੂੰ ਸਮਝਣਾ ਹੈ ਸਾਂਭਣਾ ਹੈ
ਨਹੀਂ ਮੇਰੇ ਕੋਲ ਅਜੇ ਵੀ ਸਿਆਣਾ 'ਬਣਨ' ਦਾ ਵਕਤ ਨਹੀਂ ❑ ❑

ਸ਼ੀਸ਼ੇ ਅੱਗੇ

ਸੁਪਨੇ
ਰਹੱਸ
ਪਰਛਾਵੇਂ
ਜਿਨ੍ਹਾਂ ਰਾਹੀਂ ਬਹੁਤ ਚਿਰ ਤੁਰਿਆ
ਜਿਨ੍ਹਾਂ ਅੱਖਰਾਂ ਨੇ ਮੈਨੂੰ
ਸੁਰਾਂ ਤੇ ਚਿਰਾਗਾਂ ਵਿਚਲੀ ਚੁੱਪ ਦੀ
ਚਿਤਰਕਾਰੀ 'ਸ਼ਬਦਿਆਈ'
ਪਾਣੀਆਂ ਨਾਲ ਵਾਹੇ
ਕਲਪਨਾ ਦੀ ਅੰਤਿਮ ਨੁੱਕਰ 'ਤੇ
ਪਰਵਾਜ਼ ਦੇ
ਪਰਿਕਰਮਾ ਦੇ
ਨਕਸ਼ੇ
ਸ਼ੀਸ਼ੇ ਅੱਗੇ ਖੜ੍ਹਾ ਹਾਂ
ਖਾਲੀ, ਬੇਬਸ, ਖਾਮੋਸ਼
ਰੋਜ਼ ਉਡਦਾ ਹਾਂ
ਆਲਸੀ ਹੱਥਾਂ ਨੂੰ ਹੁਕਮਦਾ
ਅਰਜ਼ਦਾ
ਦਰ 'ਤੇ ਕਿਸੇ ਨਵੀਂ ਦਸਤਕ ਦੀ ਕਨਸੋ ਹੈ
ਮੈਂ ਜੋ "ਜਾਣਦਾ ਹਾਂ" ਦੀ ਕੈਦ ਅੰਦਰ
ਆਪਣੇ ਆਪ ਨੂੰ ਸਰਾਪਦਾ ਰਿਹਾ
ਬਹੁਤ ਕਮਜ਼ੋਰ ਹਾਂ
ਨਿੱਕੀ ਜਿਹੀ 'ਇੱਛਾ' ਨੂੰ ਹੀ ਜਿੱਤਣ ਲਈ ਬਾਰ ਬਾਰ ਹਾਰਦਾ
ਇਹ ਬਾਜ਼ੀਆਂ ਤੇ 'ਜੁਗਤਾਂ' ਦੀ ਲੀਲ੍ਹਾ ਤੋਂ ਕਦੋਂ ਮੁਕਤ ਹੋਵਾਂਗਾ
ਇਸ ਖੇਡ ਨੇ ਮੈਨੂੰ ਭੰਵਰਾਂ ਕੋਹਰਿਆ ਭੁਚਾਲਾਂ ਤਹਿਖਾਨਿਆ ਅੰਦਰ "ਖਿਲਾਰ" ਦਿੱਤੈ
ਆਪਣੇ ਆਪ ਨੂੰ ਚੁਗਦਿਆਂ ਜੋ ਕੰਡੇ ਖੁਭਦੇ ਨੇ
ਮੈਂ ਫਿਰ ਕਦੇ ਉਸ ਰਕਤ ਨਾਲ ਕਵਿਤਾ ਲਿਖਾਂਗਾ।

ਸਬਕ

ਪਹਿਲੀ ਵਾਰ ਜਦੋਂ ਉਹ ਪਉੜੀ ਚੜ੍ਹਿਆ
ਹੱਥ 'ਚ ਨੀਲੀ ਬਹੀ ਸੀ
ਪੈਰਾਂ ਅੰਦਰ ਬੇਬਸੀ
ਜਦੋਂ ਉਸ ਪਉੜੀ ਤੋਂ ਥੱਲੇ ਉਤਰਿਆ
ਪੈਰਾਂ ਅੱਗੇ ਸੰਸਾਰ ਸੀ
ਸ਼ਬਦਾਂ ਅੰਦਰ ਸੁਪਨੇ ਹੀ ਸੁਪਨੇ
ਸਾਲਮ ਸਬੂਤਾ ਮੈਂ ਕਦੇ ਵੀ ਨਹੀਂ ਸਾਂ
ਕਦੇ ਭਰਮ ਦੀਆਂ ਬਰੈਕਟਾਂ ਦਾ ਗੁਲਾਮ
ਕਦੇ ਸੁਪਨਿਆਂ ਦਾ ਸਤਰੰਗਾ ਪੰਛੀ
ਰੌਸ਼ਨੀ ਅੰਦਰ ਉਦਾਸੀ ਕਿਉਂ ਹੈ ?

ਸ਼ਬਦ 'ਅੰਮਾਂ' ਨੇ ਜੋ ਕਦੇ 'ਸਬਕ' ਦਿੱਤਾ ਸੀ
ਦੇਬੀ ਕਿਤੇ ਵੀ ਕੋਈ ਦੀਵਾਰ ਨਹੀਂ
ਹਰ ਤਰ੍ਹਾਂ ਦੀ "ਦੀਵਾਰ" ਦਾ ਵਿਸਫੋਟ ਕਰ ਦੇਵੀਂ
ਆਰ-ਪਾਰ ਹੋ ਜਾਵੀਂ
'ਤੋੜ' ਦੇਵੀਂ
ਓਸ 'ਸਬਕ' ਦੀ ਅਸੀਸ ਨਾਲ
ਹਨੇਰਿਆਂ ਦੇ ਅਜਗਰ ਨੂੰ ਵੰਗਾਰਿਆ
ਮੇਰੇ 'ਸਬਕ' ਦੀ ਸ਼ਬਦ ਆਭਾ...ਅਚਾਨਕ
ਖਾਮੋਸ਼ ਸ਼ੀਸ਼ਾ "ਬਣ" ਗਈ
ਮੈਂ ਸਬਕ ਦੀ ਜੋਤ ਨੂੰ ਜਿਲਦ 'ਤੇ ਪਹਿਨ ਕੇ
ਰਿਸ਼ਤਿਆਂ ਦੇ ਆਰ-ਪਾਰ ਨਿਕਲ ਗਿਆ
ਦੀਵਾਰ ਦੇ ਪਾਰ ਜਗਦੇ ਦੀਵਿਆਂ ਨੇ
ਖੁਸ਼ਆਮਦੀਦ ਕਿਹਾ
ਵਾਪਸ "ਪਰਤਣ" ਲੱਗਿਆਂ "ਮੱਥਾ" ਟੇਕਿਆ
ਸਵੈ ਮੋਹ ਤੋਂ ਸਵੈ ਸਾਜੀ ਕਥਾ ਦੇ ਇਤਿਹਾਸ ਤੋਂ ਮੁਕਤ ਹੋ
ਮੇਰੇ ਹੱਥਾਂ 'ਤੇ ਖਿਲਰ ਗਏ ਓਦਰੇ ਫਰਿਸ਼ਤਿਆਂ ਦੇ ਖੰਭ
ਪਉੜੀਆਂ ਤੋਂ ਉਤਰਦਿਆਂ
ਮੇਰੇ ਕੋਲ ਮਿੱਟੀ ਸੀ ਤੁਰਨ ਲਈ ਨਵੀਂ ਅੱਖ ਸੀ ਤੇ "ਸਬਕ"
ਸਭ ਰਿਸ਼ਤੇ ਬੰਦਿਆਂ ਤੋਂ "ਬੌਣੇ" ਹੁੰਦੇ ਨੇ
ਮੈਂ ਫਿਰ ਤੁਰ ਪਿਆ ਨਵੇਂ ਰਾਹਾਂ 'ਤੇ ਭਟਕਣ ਲਈ
ਕਿਵੇਂ ਦੱਸਾਂ ਮੇਰੇ "ਰਾਹਾਂ" 'ਤੇ ਉਦਾਸੀ ਕਿਉਂ ਜਗਦੀ ਰਹਿੰਦੀ ਹੈ।❑❑

ਰੇਸ਼ਮੀ ਰਾਤਾਂ

ਅੰਨ੍ਹੀ ਰਾਤ ਦੀ ਮਿੱਟੀ 'ਤੇ ਨੀਹੋਂ ਸੱਖਣਾ ਘਰ
ਪੀਲੀ ਪਿਲੱਤਣ ਨਾਲ ਢਕਿਆ
ਸ਼ਾਨਦਾਰ
ਸ਼ਤੀਰ ਮਜ਼ਬੂਤ
ਰੂਹਾਂ ਕਮਜ਼ੋਰ
ਜੇਠ ਹਾੜ ਦੀ ਬੇਰਹਿਮ ਪੰਜਾਬੀ ਦੁਪਹਿਰ
ਟਾਹਲੀ ਥੱਲੇ ਢਿੱਲੀ ਨੁਮਾਣ ਵਾਲੀ ਕੁੱਬੀ ਚਾਰਪਾਈ 'ਤੇ ਪਈ
ਊਂਘਦੀ ਜਾਂ ਸੁਪਨਾਉਂਦੀ ਜ਼ਰਦ ਦਾੜ੍ਹੀ
ਝੁਰੜੀਆਂ ਦਾ ਗੁੱਛਾ
ਕੰਬਦੀ ਛਾਂ 'ਚ ਤਰਦਾ
ਚਿਤਕਬਰਾ ਵਕਤ
ਫਕੀਰ ਦਾ ਮੇਖਾਂ ਵਾਲਾ ਮੰਜਾ
ਬਾਬਾ ਰੱਬ ਦੇ ਤੇਲ 'ਚ ਤਰਦੇ 40 ਘੜੇ
'ਰੌਸ਼ਨੀ' ਹੈ ਤੇ 'ਮੌਤ ਦੇ ਖੂਹ' 'ਚ ਚਲਦੇ ਪਹੀਏ
ਉਦੋਂ ਉਹ 'ਪਿਆਸਾ' ਨਹੀਂ 'ਜਗਿਆਸਾ' ਸੀ
ਤੇ ਮੈਂ ਸੁਪਨਿਆਂ ਨੂੰ ਫੜਦਾ
ਤਿਤਲੀਆਂ ਦੇ ਮਗਰ ਕਿਤੇ ਦਾ ਕਿਤੇ ਨਿਕਲ ਜਾਂਦਾ
ਰੇਸ਼ਮੀ ਰਾਤਾਂ
ਮੇਰੇ ਸੁਪਨਿਆਂ ਦੇ ਮਗਧ ਟੈਕਸਿਲਾ ਤੇ ਮਹੰਜੋਦੜੋ
ਘਰ ਗਾਲਾਂ ਖਾਣ ਲਈ ਸੀ ਜਾਂ...ਅੱਧਪਚੱਧੀ ਨੀਂਦ ਨਾਲ ਸੌਣ ਲਈ
ਘਰ ਠੰਡਾ ਮਸਾਣ
ਮਕੜੀ ਜਾਲ: ਖੰਜ ਖੰਜੂਰੇ
ਦੂਹਰੀਆਂ ਜ਼ਹਿਰੀਲੀਆਂ ਮੁਸਕਾਣਾਂ
ਘਰ ਦਰ ਡਰ
ਘਰ ਦੇ ਥੇਹ ਅੰਦਰ ਕੌਣ ਨੇ
ਕਿਸ ਕਿਸ ਤਰ੍ਹਾਂ ਦੇ ਚਿੱਬ ਖੜਿੱਬੇ ਪਰਛਾਵੇਂ ?
ਕਿਉਂ ਅਸੀਂ ਲੁਕੋ ਲੁਕੋ ਕੇ ਰਖਦੇ ਹਾਂ ਆਪਣਾ ਆਪਣਾ ਹਨੇਰਾ
ਸੱਚ ਤੋਂ ਬਚਣ ਲਈ
ਕਾਸ਼ ਮੈਂ ਮੱਛੀ ਹੁੰਦਾ
ਧੁਰ ਥੱਲੇ ਸ਼ੁਧ ਨੀਲੰਬਰ ਦੇ ਤਲਿਸਮ ਨਾਲ
ਨਚਦੇ ਪਾਣੀਆਂ ਦਾ ਜਾਦੂ 'ਖੇਡਦਾ'
ਆਕਾਸ਼ ਹੁੰਦਾ ਮਘਦੇ ਸੂਰਜ ਅੰਦਰ
ਜਲਦੀ ਜਗਦੀ ਪਰਵਾਜ਼ ਨੂੰ ਚੁੰਮਣ ਲਈ ❑❑

ਦਰ

ਚੰਗੀਆਂ ਲਗਦੀਆਂ ਨੇ
ਤੁਹਾਡੀਆਂ ਆਵਾਜ਼ਾਂ
ਗਾਉਂਦੀਆਂ
ਗੁਣਗੁਣਾਉਂਦੀਆਂ
ਥੱਕੀਆਂ ਸ਼ਾਮਾਂ ਨੂੰ ਨਕਾਸ਼ਦੀਆਂ
ਗਜ਼ਲਦੀਆਂ

ਤੁਹਾਡੀਆਂ ਆਵਾਜ਼ਾਂ
ਭੂਗੋਲ ਦੇ ਭੋਲੇਪਨ ਨੂੰ ਪੁਕਾਰਦੀਆਂ
ਤੁਸੀਂ ਵਕਤ ਤੋਂ ਮੁਕਤ ਬੂੰਦ ਬੂੰਦ ਸਿਮਦੀ ਉਪਭਾਵੁਕਤਾ
ਦੀਵਿਆਂ ਨਾਲ ਕੰਬਦੀਆਂ ਸ਼ਾਮਾਂ ਅੰਦਰ
ਤੁਸੀਂ ਗੱਚ ਗੱਚ ਭਿਜਦੇ ਰਹੋ
ਮੈਂ ਵਕਤ ਨੂੰ ਮੁਖਾਤਬ ਜ਼ਖਮੀ ਉਡਾਣ ਹਾਂ
ਮੈਂ ਹੋਰ ਆਵਾਜ਼ ਹਾਂ
ਚੁਪਦੇਸ਼ਦੀ
ਅਰਥਾਂ-ਕੁ-ਅਰਥਾਂ ਦੇ ਦੋਜ਼ਖ ’ਚੋਂ ਲੰਘਦੀ
ਮੁੜ ਮੁੜ ਪ੍ਰਥਮ ਤੇ ਅੰਤਿਮ
ਅੱਖਰ ਸੁਪਨਾਉਂਦੀ
ਨਹੀਂ ਮੇਰੇ ਕੋਲ ਕਿਸੇ ਵੀ ਤਰ੍ਹਾਂ ਦਾ ਕੋਈ ਭੂਗੋਲ ਨਹੀਂ
ਟਿਮਟਿਮਾਉਂਦੀਆਂ ਜ਼ਮੀਨਾਂ ਨੇ
ਰਹੱਸਮਈ ਦਿਸਹੱਦੇ
...ਤੇ ਟੁਣੇਹਾਰੀਆਂ ਦੂਮੇਲਾਂ
ਨਹੀਂ ਮੇਰੇ ਕੋਲ ਤੁਹਾਡੇ ਵਾਲੇ ਭੂਗੋਲ ਦਾ ‘ਸ਼ੁਧਪੁਣਾ’ ਨਹੀਂ
ਮੇਰੇ ਭੋਲਾਪਣ ਤਾਂ ਉਦੋਂ ਹੀ ‘ਜਲਪਰਵਾਹ’ ਹੋ ਗਿਆ
ਜਦੋਂ ਪਿਤਰੀ ਦਰ/ਦਹਿਲੀਜ ਨੂੰ ਅਲਵਿਦਾ ਕਹੀ
ਤੇ ਉਹ ਸ਼ੀਸ਼ਾ
ਜਿਸ ਨੇ ਮੈਨੂੰ ਭਰਮਾਂ ਤੇ ਪਰਛਾਵਿਆਂ ਦੀ ਬੇਰਹਿਮੀ ਨਾਲ ਗੁੰਨ੍ਹਿਆ ਹੈ
ਹੁਣ ਮੇਰੇ ਪੈਰਾਂ ਦਾ ਮੁਖਬੰਦ ਲਿਖਦੈ ❑❑

ਜਰਜਰੇ ਨਕਸ਼ੇ

ਨਦੀ ਲਿਖਦੀ ਨਵੇਂ ਅੱਖਰਾਂ ਨਾਲ
ਵਗਦੇ ਪਾਣੀਆਂ ਦੀ ਪਲ ਪਲ ਬਦਲਦੀ
ਆਤਮ ਕਥਾ
ਰੌਸ਼ਨੀ ਤੋਂ ਪਹਿਲਾਂ ਅੱਗ ਨੇ ਰਾਖ ਕੀਤਾ
ਆਪਣਾ ਆਪ
ਰਾਖ ’ਚੋਂ ਗੂੰਜਿਆ
ਸੁਪਨੇ ਦਾ ਰਾਗ
ਆਕਾਸ਼ ਹੀ ਆਕਾਸ਼
ਨਦੀਂ ਨਵੇਂ ਅੱਖਰਾਂ ਨਾਲ ਤਿਤਲੀ ਦੇ ਖੰਭਾਂ ’ਤੇ ਸਵਾਰ
ਝਿਲਮਿਲ ਝਿਲਮਿਲ
ਲਿਸ਼ਕਦੇ ਤਾਰਿਆਂ ਦੀ ਧੂੜ
ਬੰਦਰਗਾਹ ’ਤੇ ਜੋ ਜਹਾਜ਼ ‘ਮੁੜੇ’
ਡੁੱਬ ਗਏ
ਆਪਣੇ ਭੂਗੋਲ ਦਾ ਹਉਕਾ ਹਉਕੇ ਹੋ ਕੇ

ਬੰਦਰਗਾਹ ਤੋਂ ਜੋ ਜਹਾਜ਼ ਤੁਰੇ
ਫਿਰ ਕਦੇ ਵੀ ਨਾ ਪਰਤੇ ਆਪਣੇ ਪਾਣੀਆਂ ਅੰਦਰ
ਪਤਾ ਨਹੀਂ ਕਿੱਥੇ ਚਲੇ ਗਏ ਨੇ ਉਹ
ਸਿਮਰਤੀਆਂ ਬਣਕੇ
ਮੇਰੇ ਕੋਲ ਸਾਗਰ ਦਾ ‘ਥਲ’ ਹੈ
ਜਾਂ ਬੇਨਾਮ ਦੇਸ਼ਾਂ ਦੇ ਭੂਰੇ ਜ਼ਰਦ-ਜਰਜਰੇ ਨਕਸ਼ੇ।❑❑

ਪੁਲ

ਪਿਛਲੇ ‘ਸਭ’ ਪੁਲ ਜਲਾ ਚੁੱਕਾ ਹਾਂ
ਹਾਂ ਹਾਲੇ ਵੀ ਹਾਂ ਆਪਣੇ ਹੀ ਅੱਧ ਵਿਚਕਾਰ
ਨਜ਼ਰ ਨਹੀਂ ਆ ਰਿਹਾ ਕੋਈ
ਪੁਲ
ਅੱਗੇ
ਦੂਰ ਬੈਠਿਆਂ ਹੀ ‘ਸਭ’ ਟੋਹਿਆ
ਸਰਦਲ ’ਚ ਚੁਗਾਠ ਹੁੰਦਾ
ਮੱਠ ਹੁੰਦਾ
ਮੱਤ ਨਹੀਂ
ਰਿਸ਼ਤੇ ਪਾਣੀ ਸਨ ਵਹਿ ਗਏ
ਪਤਝੜੀ ਸੁੱਕੇ ਚੇਤੇ
ਮੁਹੱਬਤ ਜ਼ਖਮੀ ਸ਼ੀਸ਼ਾ
ਤੱਕੇ ਮੈਨੂੰ ਰੋਜ਼
ਭਟਕਣਾ ਹੀ ਮੇਰੀ ਤਕ-ਦੂਰੀ
ਤਕ/ਦੀਰ/ਦੂਰੀ/ਤਕ
ਰਿਸ਼ਤੇ ਰੰਗ ਮੰਚ ਸਨ
ਰਾਸ ਲੀਲ੍ਹਾ
ਕਾਸ਼ ਇਸ਼ਕ ਦਾ ਉਕਾਬ
ਮੈਨੂੰ ਪਰਾਂ ’ਚ ਨਾ ਲਪੇਟਦਾ
ਮੈਂ ਵੀ ਕਿੰਨੇ ਸੁਖ ਨਾਲ
ਨੀਂਦ ਦਾ ਅਫੀਮੀ
ਪੀਨਕੀ ਹੁੰਦਾ ❑❑

ਇਸ ਤਰ੍ਹਾਂ

ਉਠਦਾ ਹਾਂ
ਸੋਚਦਾ ਹਾਂ
ਹਾਰਦਾ ਹਾਂ
ਬਾਰੀ ਦੇ ਬਾਹਰ ਬਹੁਰੂਪੀਏ ਬੱਦਲ ਨੇ
ਰਹੱਸਮਈ ਧੁੰਦ ਹੈ
ਤਪਤ ਖੰਡੀ ਬਰਸਾਤ ਹੈ

ਜਿਲਦ 'ਤੇ ਪਿਘਲਦੀ ਧੁੱਪ ਦੀ
ਮੁੜ੍ਹਕਾ ਚਾਂਦੀ
ਬਹੁਤ ਦਿਨਾਂ ਬਾਅਦ ਬਾਰੀ ਦੇ 'ਬਾਹਰ'
ਮੈਂ 'ਮੁੜ' ਤੱਕ ਰਿਹਾ ਹਾਂ
ਆਪਣਾ ਆਪ ❑ ❑

ਮਿੱਤਰ

ਪਿਛਲੀ ਵਾਰ ਜਦੋਂ ਮਿਲੇ ਸਾਂ
ਅੱਗ ਜਿਹੀ ਧੁੱਪ ਦੀ ਸਿਖਰ ਸੀ
ਤੂੰ ਅਜੇ ਤੂੰ ਨਹੀਂ ਸੀ
ਮੈਂ ਆਪਣੀ ਮੈਂ ਨੂੰ ਲੱਭਦਾ
ਸ਼ਹਿਰੋਂ ਸ਼ਹਿਰ ਦੀ
ਚਲ-ਉ-ਚੱਲ
ਸੁਪਨੇ ਸਨ ਤੇ ਬੇਸ਼ੁਮਾਰ ਪਰਛਾਵੇਂ
ਇੱਛਾਵਾਂ ਸੋਹ ਦੇ ਤੱਕਲੇ
ਮੋਨਾਲਿਜ਼ਾ ਦੀਆਂ ਅੱਖਾਂ
ਸ਼ੁਧ ਸਹਿਮ ਨਾਲ ਸੁੰਗੜੀਆਂ
ਤੇਰੇ ਅੰਦਰ ਤਰਥੱਲੀ ਸੀ ਤੇ ਖੁਦਾ
ਕੁਝ ਕਰਨ ਦੀ ਖੁਦ ਤੇ ਖੁਦਾ ਬਣਨ ਦੀ
ਗਰੀਬ ਗ੍ਰਹਿ ਨੂੰ
ਚੈਨ ਤੇ ਆਸ ਨਾਲ ਲਬਰੇਜ਼ ਕਰਨ ਦੀ
ਉਹ ਦਿਨ ਸਨ ਸਰਘੀ ਦੀ ਲੋਅ ਨਾਲ ਭਿੱਜੇ ਪਰਿੰਦੇ
ਦੀ ਆਦਿ ਉਡਾਣ ਦੀ ਆਬਸ਼ਾਰ
ਉਦੋਂ ਅਸੀਂ ਅਜੇ ਕੋਈ ਨਾਂ ਨਹੀਂ ਸੀ ਬਣੇ
ਨਾ ਹੀ ਕਿਸੇ ਜਿਲਦ ਨੇ ਸਾਡੀ ਜਿਲਦਸਾਜ਼ੀ ਹੀ ਕੀਤੀ ਸੀ
ਕਮੀਨਗੀਆਂ ਦਾ ਆਗਮਨ ਅਜੇ ਲਾਪਤਾ ਸੀ
ਤੈਨੂੰ ਬਲਖ ਬੁਖਾਰੇ ਦਾ ਬੁਖਾਰ ਸੀ
ਮੈਨੂੰ ਪਾਰ ਦਿਸ਼ਾਵਾਂ ਦਾ
ਹਕੀਕਤ ਨੇ ਉਸਨੂੰ 'ਘਰੇ' ਹੀ ਰੱਖ ਲਿਆ
ਮੈਨੂੰ ਸਦਾ ਲਈ ਘਰੋਂ
ਬੇ-ਘਰਾ ਕਰ ਦਿੱਤਾ ❑ ❑

ਖ਼ਾਨਗਾਹ

ਡੁੱਬ ਚੁੱਕੇ ਜਹਾਜ਼ਾਂ ਦੀ ਖ਼ਾਨਗਾਹ ਹਾਂ
ਗਈ ਰਾਤ
ਸਮੁੰਦਰ ਲਈ ਸਿਸਕਦੇ
ਮਲਾਹ ਦੀ ਦਰਗਾਹ ਹਾਂ
ਕੀ ਕਦੇ ਕੋਈ ਏਥੇ ਵੀ ਪਹੁੰਚੇਗਾ

ਪਾਰ ਪਰਾਰਾਂ ਤੋਂ ...ਗਰਕ ਗਏ ਸੁਪਨਿਆਂ ਦੀਆਂ
ਜੋਤਾਂ ਜਗਾਉਣ ਲਈ
ਗੁਲਾਬ ਨੂੰ ਉਡੀਕਦੀ ਉਦਾਸ ਨਜ਼ਰ
ਹਲਕਾਏ ਭੰਵਰਾਂ ਦੀਆਂ ਚਾਕੂ ਜੀਭਾਂ ਤੋਂ
ਪੀਲੇ ਪਾਟੇ ਨਕਸ਼ੇ ਬਚਾਕੇ
ਪਹੁੰਚੇਗਾ ਏਥੇ ਵੀ ਕੋਈ
ਸਮੁੰਦਰ ਤੇ ਦਿਸਹੱਦਿਆਂ ਦੇ ਵਿਚਕਾਰ
ਮੇਰੀਆਂ ਨੀਲੀਆਂ ਪੈੜਾਂ ਨੂੰ ਪੜ੍ਹਨ ਲਈ
ਸੁਪਨਕਾਰਾਂ ਲਈ ਸੁਨਹਿਰੀ
ਸੁੰਨਾ ਭਟਕਦਾ ਝੱਲ
ਸਿਆਣਿਆਂ ਨੂੰ ਮੁਬਾਰਕ
ਠੰਡਾ 'ਯੁਕਤੀ ਚੱਜ'
ਸ਼ਬਦਾਂ ਦੀ ਕਸਮ ਹੈ
ਮੇਰੇ ਸਫਰਾਂ ਦੀ ਪਰਵਾਹ
ਹਰ ਵਾਰ ਹੀ ਭਟਕ ਤੇ ਪਿਘਲ ਜਾਂਦਾ ਹਾਂ
ਪਰ ਕੀ ਕਰਾਂ ਉਕਾਬ ਦੀ 'ਅੱਖ' ਦਾ
ਜੋ ਮੇਰੀ ਪਰਵਾਜ਼ ਨੇ ਮੱਥੇ ਅੰਦਰ ਗਹਿਰੀ ਉਗਾ ਲਈ ਹੈ। ❑ ❑

ਮੈਂ ਕਿੱਥੇ ਹਾਂ ?

ਅਕਸਰ ਪੁੱਛਣ ਮੈਥੋਂ
ਕੌਣ ਹੁੰਦੈ ਪਰਵਾਸੀ ?
ਵੱਡਾ ਨਾਂ ਤੇ ਸ਼ਹਿਰ ਵੀ ਆਪਣਾ
ਛਤਰੀ ਸੀ
ਨਿੱਕੀ ਜਿਹੀ ਛੱਤ ਦੀ ਵੱਡੀ ਅਸੀਸ ਵੀ
ਤੱਤੀ ਸੜਕ 'ਤੇ ਮਹਾਂਕਵੀ ਦਾ ਬਿਨ ਪਹਿਚਾਣੇ "ਇੰਝ" ਮਰ ਜਾਣਾ
ਰਾਹਾਂ 'ਤੇ ਸ਼ੀਸ਼ਿਆਂ ਦੀ ਚਮਕ
ਮਿਰਾਜ ਨੂੰ ਕਲਪ ਪਾਣੀ
ਤੁਰਦੀ ਹੀ ਗਈ ਆਸ
ਪਿਆਸਦੀ
ਸਹਿਰਾ ਦੇ ਮਗਰ ਮਗਰ
ਨਕਸ਼ੇ ਬੰਦਰਗਾਹਾਂ ਦੇ
ਬੁੱਢੀ ਨਹੀਂ ਧਰਤੀ
ਸੁਪਨੇ ਦਿਨ ਰਾਤ ਮਹਾਂਨਾਚ ਦੇ
ਜਿੱਥੇ ਘੋੜਾ ਬਾਦਸ਼ਾਹ ਨੱਚੇ
ਲੱਕ ਟੁਣੂ ਟੁਣੂ
ਫਾਦਰਟਾਈਮ
ਬਾਰ ਬਾਰ ਪੁੱਛਦੈ ਆਪਣੇ ਆਪ ਨੂੰ

'ਮੈਂ ਕਿੱਥੇ ਹਾਂ'
ਤੁਹਾਡੇ ਸੁਆਲ ਦਾ ਜਵਾਬ ਮੈਂ ਕੀ ਦੇਵਾਂ
ਕੌਣ ਹੁੰਦੈ ਪਰਵਾਸੀ ? ❑ ❑

ਕਦੋਂ ਤਕ

ਕਦੋਂ ਕੁ ਤਕ
ਤੁਸੀਂ ਮੇਰੇ ਨਾਂ ਨਾਲ ਤਾਸ਼ ਖੇਡਦੇ
ਆਪਣੇ ਸ਼ੀਸ਼ਿਆਂ ਅੰਦਰ ਮੇਰੇ ਡੁੱਬਣ ਦੀ ਉਡੀਕ ਕਰਦੇ ਰਹੋਗੇ
ਮੈਂ ਤਾਂ ਕਦੋਂ ਦਾ ਬਹੁਤ ਬਹੁਤ ਦੂਰ ਜਾ ਚੁੱਕਾ ਹਾਂ
ਜਿੱਤਾਂ ਹਾਰਾਂ ਤੋਂ
ਤੁਹਾਨੂੰ ਤੁਹਾਡੇ ਸ਼ੀਸ਼ੇ ਸ਼ੁਹਰਤ ਮੰਚ ਮੁਬਾਰਕ
ਸ਼ਬਦ
ਕੋਈ ਸਫਰ, ਕੁਝ ਸੁਪਨੇ
ਇਸ ਨਿੱਕੀ ਜਿਹੀ ਇੱਛਾ ਦੇ ਲਈ
ਕਵਿਤਾ ਦਰ ਕਵਿਤਾ
ਲਿਖਦਾ ਰਹਿੰਦਾ ਹਾਂ
ਵਕਤ ਨੂੰ ਅਰਜ਼ੀ
ਤੁਹਾਨੂੰ ਤੁਹਾਡਾ ਗੁਲਾਬ ਮੁਬਾਰਕ
ਮੈਨੂੰ ਮੇਰੀ ਸਤਰੰਗੀ ਪੀਂਘ ❑ ❑

ਤੁਰਨ ਲੱਗੇ

ਤੁਰਨ ਲੱਗੇ
ਕੰਡੇ ਸਨ ਤੇ ਅਦਿਸਦਾ ਭੈ
ਕੰਡੇ ਬੀਜ ਬਣੇ
ਨਵੀਂ ਤੋਂ ਨਵੀਂ ਜੂਨ
ਮਿੱਟੀ ਦੇ ਸੁਪਨੇ
ਬਿਰਖ ਤੇ ਪੈਰ
ਤੁਰਦਾ ਰਹਿੰਦਾ ਹਾਂ ਸੁਪਨਿਆਂ ਦੇ ਮੈਦਾਨ ਅੰਦਰ
ਸੂਰਜ ਨਾਲ ਚੌਪਟ ਖੇਡਦਾ
ਕਦੇ ਪੱਤਝੜ
ਕਦੇ ਬਹਾਰ
ਬਹੁਤ ਸਾਰੀਆਂ ਹੰਕਾਰੀ ਤਲਵਾਰਾਂ ਦੀ ਛਾਂ ਹੇਠੋਂ ਲੰਘਦਾ
ਕਵਿਤਾ ਮੈਨੂੰ ਸਾਂਭ ਸਾਂਭ ਕੇ ਰੱਖਦੀ ਹੈ
ਖਰੂਦੀ ਨਜ਼ਰਾਂ ਦੇ ਖੂਨਖਾਰ ਵਾਵਰੋਲਿਆਂ ਤੋਂ
ਸੱਤਾਂ ਤੇ 'ਸਾਜ਼ਿਸ਼' ਦੇ ਵਿਚਕਾਰ
ਮੇਰੇ ਕੋਲ ਹੈ ਮੇਰੇ ਪੈਰਾਂ ਦਾ ਪਾਗਲਪਨ ਤੇ
...ਸ਼ਬਦ...ਵਿਸ਼ਵਾਸ। ❑ ❑

[Schulhausgasse12 & 14, 3113, Rubigen, Switzerland]

ਨੀਲਾ ਪਾਣੀ

ਤਲਵਿੰਦਰ ਸਿੰਘ

ਸਵਾਮੀ ਸਤਿਆਪਾਲ ਜੀ ਦੇ ਡੇਰੇ ਤੋਂ ਕਿਲੋ ਡੇਢ ਕਿਲੋਮੀਟਰ ਪਹਿਲਾਂ ਇਕ ਮੋੜ 'ਤੇ ਪਹੁੰਚੇ ਤਾਂ ਫ਼ਿਰੋਜ਼ਾ ਇੰਝ ਚਹਿਕੀ ਜਿਵੇਂ ਕਰੰਟ ਲੱਗਾ ਹੋਵੇ, 'ਓ ਮਾਈ ਗਾਡ! ਕਿੰਨਾ ਮਨਮੋਹਕ ਦ੍ਰਿਸ਼, ਪਲੀਜ਼ ਸਟੌਪ, ਮੈਨੂੰ ਵੀਡੀਓ ਲੈਣ ਦਿਓ...।'

ਖੱਬੇ ਹੱਥ ਉੱਚੇ ਪਹਾੜ ਤੋਂ ਵਲ੍ਹ ਖਾਂਦਾ ਤੇ ਸ਼ੋਖ਼ੀ ਨਾਲ ਤਿਲਕਦਾ ਹੇਠਾਂ ਪੱਥਰਾਂ ਨਾਲ ਵੱਜ ਕੇ ਖੌਫ਼ਨਾਕ ਤੇ ਖਰ੍ਹਵਾ ਸੰਗੀਤ ਪੈਦਾ ਕਰਕੇ ਡਿਗਦਾ ਝਰਨਾ ਇਉਂ ਸੀ ਜਿਵੇਂ ਫੁਹਾਰੇ ਦਾ ਮੂੰਹ ਉਲਟਾ ਕੀਤਾ ਹੋਵੇ। ਸੱਜੇ ਪਾਸੇ ਦੂਰ ਤਕ ਉਤਰਦੀ ਨਿਵਾਣ ਸਿੱਧੇ ਤਣੇ ਹੋਏ ਜੰਗਲੀ ਰੁੱਖਾਂ ਦੀ ਹਰਿਆਵਲ ਨਾਲ ਲਬਾਲਬ ਭਰੀ ਹੋਈ ਸੀ। ਸੜਕ ਨਾਲ ਛੂਹਕੇ ਲੰਘਦੇ ਬੱਦਲਾਂ ਦੇ ਗੋਹੜੇ ਖ਼ੂਬਸੂਰਤ ਮੰਜ਼ਰ ਪੇਸ਼ ਕਰ ਰਹੇ ਸਨ। ਜੈਦੇਵ ਮੁਲਤਾਨੀ ਨੇ ਕਾਰ ਨੂੰ ਸਾਈਡ ਕੀਤਾ ਤੇ ਬਰੇਕ ਲਾ ਦਿੱਤੀ। ਫਿਰੋਜ਼ਾ ਦੀ ਉਤੇਜਨਾ ਤੇ ਉਤਸ਼ਾਹ ਵੇਖ ਮੈਂ ਕਿਹਾ, 'ਮੁਹਤਰਮਾ ਫ਼ਿਰੋਜ਼ਾ, ਏਥੇ ਫੌਰਨਰਜ਼ ਲਈ ਫੋਟੋਗ੍ਰਾਫ਼ੀ ਪ੍ਰੋਹਿਬਟਿਡ ਆ। ਪਰ ਇਕ ਤਾਂ ਤੇਰਾ ਕੋਈ ਨਾ ਕੋਈ ਨੌਂਗਾ ਏਥੇ ਪੈਂਦਾ ਏ ਤੇ ਦੂਜਾ ਤੂੰ ਸਾਨੂੰ ਮੱਂਗੀ ਦੀਆਂ ਪਹਾੜੀਆਂ ਦੇ ਦੀਦਾਰੇ ਕਰਾਉਣ ਦਾ ਵੀ ਵਾਅਦਾ ਕਰ ਦਿੱਤਾ ਏ, ਇਸ ਲਈ ਤੈਨੂੰ ਇਜਾਜ਼ਤ ਆ। ਰੱਜ ਕੇ ਫੋਟੋਆਂ ਖਿੱਚ ਲੈ।' ਫ਼ਿਰੋਜ਼ਾ ਨੇ ਨਖ਼ਰੀਲੀ ਅਦਾ ਨਾਲ ਆਪਣੇ ਕੱਟੇ ਹੋਏ ਵਾਲ ਝਟਕੇ ਤੇ ਸ਼ੋਖ਼ੀ ਨਾਲ ਆਪਣਾ ਕੈਮਰਾ ਸੰਭਾਲਦੀ ਕਾਰ 'ਚੋਂ ਉਤਰਦੀ ਬੋਲੀ, 'ਸਰ ਤੁਸੀਂ ਤਸ਼ਰੀਫ਼ ਤਾਂ ਲਿਆਓ, ਤੁਹਾਨੂੰ ਉਹ ਉਹ ਥਾਵਾਂ ਵੀ ਵਿਖਾਵਾਂਗੇ ਜਿਨ੍ਹਾਂ ਬਾਰੇ ਕਦੀ ਅਸੀਂ ਵੀ ਨਹੀਂ ਸੋਚਿਆ। ਕਿਉਂ ਹਬੀਬ ਸਾਹਿਬ ?'

'ਹਾਂ ਹਾਂ ਕਿਉਂ ਨਹੀਂ।' ਹਬੀਬ ਕਹਿਣ ਲੱਗਾ, 'ਪਰ ਹੋ ਸਕਦੈ ਫਿਰੋਜ਼ਾ, ਉਦੋਂ ਇਹ ਸਟੇਟ ਗੈੱਸਟ ਹੋਣ ਤੇ ਸਾਡੇ ਲਈ ਇਹਨਾਂ ਕੋਲ ਵਕਤ ਈ ਨਾ ਹੋਵੇ...।' ਪਰ ਉਦੋਂ ਤਕ ਉਹ ਇਕ ਪਾਸੇ ਖਲੋ ਕੇ ਆਪਣਾ ਕੈਮਰਾ ਘੁਮਾਉਣ ਲੱਗੀ ਸੀ। ਫੋਟੋਆਂ ਲਈ ਉਸਦੇ ਇਸ਼ਕ ਉੱਤੇ ਮੁਸਕਰਾਉਂਦਾ ਹਬੀਬ ਬੋਲਿਆ, 'ਇਹ ਕੁੜੀ ਸਾਡੀ ਅਖ਼ਬਾਰ ਦੀ ਜਿੰਦ ਐ, ਇਹਦੇ ਜਿਹੀ ਨਾ ਤਾਂ ਕਿਸੇ ਦੀ ਡਰਾਫ਼ਟਿੰਗ ਐ, ਨਾ ਕਿਸੇ ਕੋਲ ਇਹਦੇ ਜਿਹੀਆਂ ਫ਼ੋਟੋਆਂ ਖਿੱਚਣ ਦੀ ਸੈਂਸੇਬਿਲਟੀ। ਲਫਜ਼ਾਂ ਵਿਚ ਵੀ ਜਾਨ ਪਾ ਦਿੰਦੀ ਆ ਤੇ ਦ੍ਰਿਸ਼ਾਂ ਵਿਚ ਵੀ।'

ਮੋੜ ਦੀ ਨੁੱਕਰ ਵਾਲੀ ਦੁਕਾਨ ਵੱਲ ਇਸ਼ਾਰਾ ਕਰਦਿਆਂ ਮਨਮੀਨ ਜੈਦੇਵ ਨੂੰ ਸੰਬੋਧਤ ਹੋ ਕੇ ਬੋਲੀ, 'ਸਰ ਸਵੇਰੇ ਤੁਰਨ ਵੇਲੇ ਤੁਸਾਂ ਚਾਹ ਦੀ ਔਫ਼ਰ ਦਿੱਤੀ ਸੀ, ਪਰ ਅਸਾਂ ਏਸ ਕਰਕੇ ਨਹੀਂ ਸੀ ਪੀਤੀ ਕਿ ਲੇਟ ਨਾ ਹੋ ਜਾਈਏ ਪਰ ਹੁਣ ਮੌਕਾ ਆ, ਤਲਬ ਵੀ ਆ ਤੇ ਦੁਕਾਨ ਵੀ। ਕੱਪ ਕੱਪ ਹੋ ਜਾਏ ਤਾਂ ਚੰਗਾ ਈ ਐ। ਨਾਲੇ ਤਦ ਤਕ ਫਿਰੋਜ਼ਾ ਦਾ ਭੁੱਸ ਵੀ ਪੂਰਾ ਹੋ ਜੂ।'

'ਕੋਈ ਹਰਜ ਨਹੀਂ, ਉਂਝ ਸਵਾਮੀ ਜੀ ਦੇ ਡੇਰੇ ਬਹੁਤ ਕੁਝ ਮਿਲੇਗਾ, ਪਰ ਹੁਣ ਤੂੰ ਕਿਹਾ ਤਾਂ ਨਾਂਹ ਵੀ ਨਹੀਂ ਕੀਤੀ ਜਾ ਸਕਦੀ।' ਜੈਦੇਵ ਨੇ ਸਿਰ ਬਾਹਰ ਕੱਢ ਚਾਹ ਵਾਲੇ ਨੂੰ 'ਹੈਲੋ' ਕਹਿਕੇ ਹਾਕ ਮਾਰੀ ਤੇ ਨਾਲ ਹੀ ਪੂਰਾ ਪੰਜਾ ਖੋਲ੍ਹ ਕੇ ਪੰਜ ਕੱਪ ਚਾਹ ਦਾ ਇਸ਼ਾਰਾ ਕਰ ਦਿੱਤਾ। ਹਬੀਬ ਵੀ ਬਾਹਰ ਨਿਕਲ ਕੇ ਟਹਿਲਣ ਲੱਗਾ ਤੇ ਮੂੰਹ ਖੋਲ੍ਹ ਕੇ ਡੂੰਘੇ ਡੂੰਘੇ ਸਾਹ ਲੈਂਦਾ ਉਡਦੇ ਬੱਦਲਾਂ ਦੇ ਫੰਭਿਆਂ ਵਿਚ ਹੱਥ ਮਾਰਨ ਲੱਗਾ। ਫਿਰੋਜ਼ਾ ਝਰਨੇ 'ਚੋਂ ਉਡਦੀ ਭੂਰ ਦਾ ਕਲੋਜ਼ਅੱਪ ਲੈ ਕੇ ਦ੍ਰਿਸ਼ ਨੂੰ ਜ਼ੂਮ ਆਊਟ ਕਰ ਰਹੀ ਸੀ। ਫਿਰ ਉਹਨੇ ਪਹਾੜ ਦੀ ਢਲਾਣ 'ਤੇ ਗਾਈਂ ਚਰਾ ਰਹੀ ਇਕ ਪਹਾੜਨ ਕੁੜੀ ਨੂੰ ਫੋਕਸ ਵਿਚ ਲਿਆਂਦਾ। ਹਬੀਬ ਉਹਦੇ ਕੋਲ ਜਾ ਖਲੋਤਾ ਤੇ ਵਿਊ-ਫਾਈਂਡਰ 'ਤੇ ਨਿਗਾਹ ਜਮਾ ਕੇ ਬੋਲਿਆ, 'ਤੈਨੂੰ ਕੀ ਪਤੈ ਗ਼ਰੀਬੀ ਕੀ ਹੁੰਦੀ ਐ ? ਤੂੰ ਸ਼ਹਿਰ 'ਚ ਜੰਮੀ, ਅਮੀਰ ਘਰ ਵਿਚ ਪਲੀ, ਇਹ ਦੇਖ...।' ਉਹ ਕੁੜੀ ਦੇ ਕਲੋਜ਼ਅੱਪ ਨੂੰ ਗਹੁ ਨਾਲ ਵੇਖਦਾ ਕਹਿ ਰਿਹਾ ਸੀ, 'ਇਹ ਐ ਗ਼ਰੀਬੀ, ਪਾਟੇ ਕੱਪੜਿਆਂ ਚੋਂ ਝਾਕਦਾ ਹੁਸਨ, ਦੁਨੀਆਂ ਦੀ ਹਰ ਸ਼ੈ ਤੋਂ ਬੇਖ਼ਬਰ ਮਾਸੂਮਤਾ, ਕਿਸੇ ਸੁਖ ਸੁਵਿਧਾ ਤੋਂ ਬਗ਼ੈਰ ਚਿਹਰੇ

'ਤੇ ਮੁਸਕਾਨ। ਇਹਨੂੰ ਕੀ ਪਤਾ ਕਿ ਅਸੀਂ ਇਹਨੂੰ ਵੇਖ ਰਹੇ ਆਂ'।

'ਇਹ ਜ਼ਿੰਦਗੀ ਦੀ ਤਲਖ਼ ਹਕੀਕਤ ਐ। ਮੈਂ ਗ਼ਰੀਬੀ ਭਾਵੇਂ ਨਹੀਂ ਵੇਖੀ ਪਰ ਗ਼ਰੀਬ ਦੀ ਹੈਸੀਅਤ ਨੂੰ ਮਹਿਸੂਸ ਕਰ ਸਕਦੀ ਆਂ, ਅਸੀਂ ਨਿੱਤ ਗ਼ਰੀਬ ਵਿਕਦੇ ਵੇਖਦੇ ਆਂ।' ਫਿਰੋਜ਼ਾ ਕੈਮਰੇ ਦਾ ਰੁਖ ਕੁੜੀ ਤੋਂ ਬਦਲ ਕੇ ਲੰਗੂਰਾਂ ਦੀ ਇਕ ਟੋਲੀ ਵੱਲ ਕਰ ਰਹੀ ਸੀ ਜੋ ਇਕ ਦੂਜੇ ਨਾਲ ਇੰਝ ਜੁੜੇ ਬੈਠੇ ਸਨ ਜਿਵੇਂ ਕਿਸੇ ਡੂੰਘੀ ਸਲਾਹ ਵਿਚ ਮਗਨ ਹੋਣ।

ਪਰ ਹਬੀਬ ਦੀ ਨਜ਼ਰ ਢਲਾਨ ਦੇ ਓਸੇ ਥਾਂ 'ਤੇ ਅਟਕੀ ਹੋਈ ਸੀ ਜਿੱਥੇ ਕੁੜੀ ਦਾ ਧੁੰਦਲਾ ਵਜੂਦ ਨਜ਼ਰੀਂ ਪੈ ਰਿਹਾ ਸੀ। ਕੁਝ ਚੇਤੇ ਕਰਕੇ ਤੇ ਉਥੋਂ ਧਿਆਨ ਹਟਾ ਕੇ ਫਿਰੋਜ਼ਾ ਨੂੰ ਸੰਬੋਧਤ ਹੋ ਕੇ ਬੋਲਿਆ, 'ਤੂੰ ਠੀਕ ਆਖਿਆ ਫ਼ਿਰੋਜ਼ਾ, ਇਸ ਕੁੜੀ ਤੋਂ ਮੈਨੂੰ ਆਪਣੇ ਪਿੰਡ ਦੀ ਗ਼ਰੀਬ ਵੰਜਾਰਨ ਦੀ ਯਾਦ ਆ ਗਈ। ਸਾਡੇ ਪਿੰਡ ਦੇ ਚੌਧਰੀ ਮਲਿਕ ਨੇ ਉਸ ਦੇ ਸੁਹੱਪਣ 'ਤੇ ਮੋਹਿਤ ਹੋ ਕੇ ਆ ਵੇਖਿਆ ਨਾ ਤਾ, ਉਸਨੂੰ ਆਪਣੀ ਬੇਗ਼ਮ ਬਣਾ ਧਰਿਆ ਤੇ ਗ਼ਰੀਬੀ ਦੀ ਖੱਡ 'ਚੋਂ ਬਾਹਰ ਕੱਢ ਦਿੱਤਾ। ਉਹ ਜਿੰਨੀ ਗ਼ਰੀਬ ਸੀ ਓਨੀ ਹੀ ਰੱਜ ਕੇ ਸੁਨੱਖੀ ਸੀ। ਤੇਰਾਂ ਸਾਲਾਂ ਦੀ ਸੀ ਜਦੋਂ ਚੌਧਰੀ ਦੀ ਨਜ਼ਰੇ ਚੜ੍ਹੀ। ਉਹਨੇ ਪੰਜ ਹਜ਼ਾਰ ਰੁਪਿਆ ਦੇ ਕੇ ਗੋਲੂ ਵੰਜਾਰੇ ਕੋਲੋਂ ਕੁੜੀ ਖਰੀਦ ਲਈ ਤੇ ਘਰ ਵਸਾ ਲਈ ਸੀ। ਪਰ ਕੁਝ ਵਰ੍ਹਿਆਂ ਬਾਅਦ ਜਿਉਂ ਹੀ ਚੌਧਰੀ ਨੇ ਮਹਿਸੂਸ ਕੀਤਾ ਕਿ ਵੰਜਾਰਨ ਦੀ ਜਵਾਨੀ ਢਲ ਰਹੀ ਐ, ਉਹਨੇ ਉਹਨੂੰ ਬੜੀ ਬੇਕਿਰਕੀ ਨਾਲ ਆਪਣੇ ਨਾਲੋਂ ਤੋੜ ਪਰੇ ਕੀਤਾ ਤੇ ਉਹਨੂੰ ਨੌਕਰਾਂ ਦੇ ਵਾੜੇ ਵਿਚ ਧੱਕ ਦਿੱਤਾ। ਛੇਤੀ ਹੀ ਉਹਨੂੰ ਕਿਸੇ ਹੋਰ ਦਾ ਹੁਸਨ ਭਾ ਗਿਆ ਤੇ ਉਹਦੀ ਕੀਮਤ ਤਾਰ ਕੇ ਬੇਗ਼ਮ ਬਣਾ ਕੇ ਘਰ ਲੈ ਆਇਆ।

ਫਿਰੋਜ਼ਾ ਨੇ ਹਉਕੇ ਵਰਗਾ ਸਾਹ ਕੱਢਿਆ ਤੇ ਕੈਮਰਾ ਬੰਦ ਕਰ ਦਿੱਤਾ। ਚਾਹ ਵਾਲੇ ਦਾ ਛੋਟੂ ਤਾਰਾਂ ਦੇ ਬਣੇ ਛਿੱਕੇ ਵਿਚ ਪੰਜ ਗਿਲਾਸੀਆਂ ਫਸਾਈ ਆ ਕੇ ਬੋਲਿਆ,'ਸਾਹਿਬ ਚਾਏ।' ਮਨਮੀਨ ਉਸ ਦੇ ਕੋਲੋਂ ਗਿਲਾਸੀਆਂ ਫੜ ਕੇ ਚਾਹ ਵਰਤਾਉਣ ਲੱਗੀ। ਮੇਰਾ ਧਿਆਨ ਸੈਮੀਨਾਰ ਵਾਲੇ ਮੁੱਦਿਆਂ ਨੂੰ ਲੈ ਕੇ ਸਟੋਰੀ ਬਣਾਉਣ ਵਿਚ ਟਿਕਿਆ ਹੋਇਆ ਸੀ। ਮੈਂ ਹਮੇਸ਼ਾਂ ਪੁਲਿਟੀਕਲ ਖਬਰ ਤੋਂ ਪਾਸਾ ਵੱਟਿਆ ਸੀ ਪਰ ਇਹ ਸੁਆਲ ਮੇਰੇ ਜ਼ਿਹਨ ਨੂੰ ਕੁਰੇਦ ਰਹੇ ਸਨ। ਮੈਨੂੰ ਲੱਗ ਰਿਹਾ ਸੀ ਕਿ ਰਾਜਨੀਤੀ ਸਭ ਕੁਝ ਕਰ ਸਕਦੀ ਏ ਜੇ ਨੇਕ ਨੀਅਤ ਹੋਵੇ। ਵਿਦੇਸ਼ ਮੰਤਰੀ ਦਾ ਭਾਸ਼ਨ ਨਵੇਂ ਸੰਬੰਧਾਂ ਦੀ ਬਾਤ ਪਾ ਰਿਹਾ ਸੀ। ਉਹਨਾਂ ਦਾ ਜੁਮਲਾ ਮੈਨੂੰ ਚੰਗਾ ਲੱਗਾ ਸੀ ਕਿ 'ਪਾਕਿਸਤਾਨ ਦੁਸ਼ਮਣ ਮੁਲਕ ਨਹੀਂ ਮਿੱਤਰ ਮੁਲਕ ਹੈ, ਸਾਡੀਆਂ ਸਾਂਝਾਂ ਬਹੁਤ ਲੰਮੀਆਂ ਤੇ ਪੁਰਾਣੀਆਂ ਨੇ। ਇਹਨਾਂ ਨੂੰ ਮੁੜ ਉਭਾਰਨ ਤੇ ਪ੍ਰਚਾਰਨ ਦੀ ਲੋੜ ਹੈ।' ਮੈਂ ਇਸ ਮੁੱਦੇ ਨੂੰ ਕੇਂਦਰ ਵਿਚ ਰੱਖ ਕੇ ਲਿਖਣ ਦਾ ਇਛੁੱਕ ਸਾਂ।

ਸਾਂਝਾਂ ਤੇ ਵਖਰੇਵਿਆਂ ਦੇ ਸੁਆਲ ਨੂੰ ਸੁਲਝਾਉਂਦਿਆਂ ਜੈਦੇਵ ਨੇ ਕਿਹਾ ਸੀ, 'ਤੈਨੂੰ ਪਤਾ ਸੰਤਾਲੀ ਤੋਂ ਪਹਿਲਾਂ ਅੰਬਰਸਰ ਰੇਲਵੇ ਸਟੇਸ਼ਨ 'ਤੇ ਦੋ ਘੜੇ ਪਏ ਹੁੰਦੇ ਸੀ। ਇਕ 'ਤੇ ਲਿਖਿਆ ਹੁੰਦਾ ਸੀ ਹਿੰਦੂ ਪਾਣੀ ਤੇ ਦੂਜੇ 'ਤੇ ਮੁਸਲਿਮ ਪਾਣੀ। ਜੇ ਕਿਤੇ ਭੁੱਲ ਭੁਲੇਖੇ ਇਕ ਦਾ ਦੂਜੇ ਨੂੰ ਹੱਥ ਲੱਗ ਜਾਂਦਾ ਤਾਂ ਦੰਗਿਆਂ ਦੀ ਨੌਬਤ ਆ ਜਾਂਦੀ। ਇਹ ਲੋਕ ਬੜੀ ਦੇਰ ਤੋਂ ਇਕ ਦੂਜੇ ਕੋਲੋਂ ਤ੍ਰਹਿੰਦੇ ਆ ਰਹੇ ਸਨ ਤੇ ਮਨਾਂ ਵਿਚ ਸ਼ੱਕ ਪਾਲ ਕੇ ਰੱਖ ਰਹੇ ਸਨ। ਇਹਨਾਂ ਨੂੰ ਲਗਦਾ ਸੀ ਜਿਵੇਂ ਹਰ ਕੋਈ ਲੱਕ ਨਾਲ ਬੰਬ ਬੰਨ੍ਹੀ ਫਿਰਦਾ ਹੋਵੇ। ਪਰ ਸਿਤਮ ਦੀ ਗੱਲ ਵੇਖੋ, ਅੱਜ ਵੀ ਹਾਲਾਤ ਨਹੀਂ ਬਦਲੇ।'

'ਹੁਣ ਇਕ ਦਮ ਅਮਨ ਦਾ ਏਜੰਡਾ ਆ ਗਿਆ। ਲੋਕ ਬੜੀ ਦੇਰ ਦੇ ਕਹਿ ਰਹੇ ਸਨ ਪਰ ਹਕੂਮਤਾਂ ਦੇ ਕੰਨੀਂ ਜੂੰ ਨਹੀਂ ਸੀ ਸਰਕੀ...।' ਹਬੀਬ ਨੇ ਕਿਹਾ।

ਮੈਂ ਗੱਲ ਜੋੜੀ, 'ਹੁਣ ਬੁਸ਼ ਹੋਰਾਂ ਨੇ ਇਹਨਾਂ ਦੀ ਪੂਛਲ 'ਤੇ ਪੈਰ ਜੁ ਰੱਖ ਦਿੱਤਾ, ਬੱਝੇ ਲਹੌਰ ਵੇਖਣ ਡਹੇ ਨੇ। ਨਾਲੇ ਬਈ ਅਗਲੇ ਨੇ ਆਪਣੇ ਹਥਿਆਰ ਵੀ ਵੇਚਣੇ ਨੇ। ਨਾਲੇ ਅਮਨ ਨਾਲੇ ਜੰਗ, ਵੇਖੋ ਪੁਲਿਟੀਕਲ ਉਸ਼ਟੰਡ।'

'ਅਸੀਂ ਰੱਬ ਅੱਗੇ ਅਰਦਾਸਾਂ ਕਰਦੇ ਰਹੇ।' ਜੈਦੇਵ ਨੇ ਕਿਹਾ, 'ਬੁਸ਼ ਅੱਗ ਗੋਡੇ ਟੇਕਦੇ, ਹੇ ਸਰਬਸ਼ਕਤੀਮਾਨ ਸਰਬਵਿਆਪਕ ਬੁਸ਼ ਸਾਹਿਬ, ਅਸੀਂ ਤੀਜੀ ਦੁਨੀਆਂ ਦੇ ਬਸ਼ਿੰਦੇ, ਤੁਹਾਡੇ ਚਾਕਰ,

ਸਾਨੂੰ ਤੇਲ ਬਖ਼ਸ਼ੋ, ਹਥਿਆਰ ਜਹਾਜ਼ ਦੇਵੋ. ਤਰੱਕੀ ਲਈ ਗਰਾਂਟਾਂ ਵੀ, ਪਾਕਿਸਤਾਨ 'ਚ ਰਹਿ ਗਏ ਧਾਰਮਿਕ ਸਥਾਨਾਂ 'ਤੇ ਜਾਣ ਦੀ ਆਗਿਆ ਦੇਵੋ...।'

'ਕਿੰਨੇ ਹੀਣੇ ਤੇ ਗ਼ਲੀਜ਼ ਲੋਕ ਹਾਂ ਅਸੀਂ।' ਹਬੀਬ ਬੋਲਿਆ।

ਚਾਹ ਦੀਆਂ ਚੁਸਕੀਆਂ ਭਰਦੀ ਫਿਰੋਜ਼ਾ ਬੋਲੀ, 'ਆਪਾਂ ਲੇਟ ਹੋ ਰਹੇ ਹਾਂ, ਅਸੀਂ ਪੀਰਾਂਵਾਲੀ ਵੀ ਜਾਣੈ ਤੇ ਉਹ ਖ਼ੂਨੀ ਨਾਲ਼ਾ ਜ਼ਰੂਰ ਵੇਖਣੈ। ਚਾਹ ਜਲਦੀ ਮੁਕਾਓ ਤੇ ਤੁਰੀਏ।'

'ਤੂੰ ਹੀ ਰੁਕਣ ਲਈ ਕਿਹਾ ਸੀ, ਨਹੀਂ ਤਾਂ ਅਸੀਂ ਤਾਂ ਜਾ ਹੀ ਰਹੇ ਸਾਂ।' ਜੈਦੇਵ ਨੇ ਕਿਹਾ।

ਸੰਘਣੇ ਬੱਦਲਾਂ ਦਾ ਝੁਰਮਟ ਸੜਕ ਪਾਰ ਕਰ ਰਿਹਾ ਸੀ। ਮੈਂ ਸੋਚ ਰਿਹਾ ਸਾਂ ਮੇਰੇ ਮਨ ਵਿਚ ਇਸ਼ੂ ਬੜੇ ਸੱਜਰੇ ਨੇ ਤੇ ਕਿਤੇ ਬਹਿ ਕੇ ਸਟੋਰੀ ਲਿਖ ਕੇ ਅਖ਼ਬਾਰ ਨੂੰ ਫੈਕਸ ਕਰ ਦਿੰਦਾ ਪਰ ਲੱਗ ਰਿਹਾ ਸੀ ਹੁਣ ਹੋ ਨਹੀਂ ਸਕਣਾ। ਸੀਟ 'ਤੇ ਬਹਿੰਦਿਆਂ ਜੈਦੇਵ ਨੇ ਐਕਸਲੇਟਰ ਦੱਬਿਆ ਤੇ ਕਾਰ ਵਿੰਗ ਤੜਿੰਗੇ ਮੋੜਾਂ 'ਤੇ ਸਰਕਣ ਲੱਗੀ। ਹਬੀਬ ਖ਼ਲਾਅ ਨੂੰ ਘੂਰਦਾ ਚਿਹਰੇ ਦੇ ਪ੍ਰਭਾਵਾਂ ਨੂੰ ਬਦਲਾ ਰਿਹਾ ਸੀ। 'ਕਿੰਨਾ ਚੰਗਾ ਸੀ ਇਹ ਸਭ ਕੁਝ।' ਉਹ ਬੁੜਬੁੜਾਇਆ।

'ਹੁਣ ਵੀ ਚੰਗਾ ਈ ਐ, ਸੀ ਦਾ ਕੀ ਮਤਲਬ ?' ਜੈਦੇਵ ਨੇ ਕਿਹਾ।

'ਨਹੀਂ ਜੈਦੇਵ, ਇਹ ਸਭ ਕੁਝ ਕਿੱਥੇ ਹੈ ਸਾਡੇ ਲਈ ? ਇਹ ਤਾਂ ਤੁਹਾਡੀ ਮਿਹਰਬਾਨੀ ਐ ਕਿ ਇਸ ਸਭ ਕਾਸੇ ਦੇ ਦਰਸ਼ਨ ਕਰਾ ਰਹੇ ਓ, ਨਹੀਂ ਤਾਂ ਇਕ ਸਿੱਕ ਸਾਡੇ ਨਾਲ ਈ ਮਰ ਜਾਣੀ ਸੀ।' ਹਬੀਬ ਦੀਆਂ ਨਿਗ਼ਾਹਾਂ ਬਾਹਰ ਦੇ ਨਜ਼ਾਰਿਆਂ ਵਿਚ ਉਲਝੀਆਂ ਹੋਈਆਂ ਸਨ।

'ਉਹ ਇਕ ਭੈੜੀ ਹਕੀਕਤ ਸੀ ਜੋ ਸਾਡੇ ਵੱਡਿਆਂ ਨੇ ਝੱਲੀ ਤੇ ਸਾਡੀਆਂ ਅੱਖਾਂ 'ਚ ਮੁਸਲਸਲ ਰੜਕਦੀ ਐ।' ਫਿਰੋਜ਼ਾ ਵੀ ਕਿਸੇ ਭਾਵੁਕਤਾ ਦੇ ਘੇਰੇ 'ਚ ਆ ਰਹੀ ਸੀ। ਉਸਦੀ ਭਾਵੁਕਤਾ ਨਾਲ ਸਾਂਝ ਗੰਢਦੀ ਮਨਮੀਨ ਬੋਲੀ, 'ਮੇਰੇ ਪਿਤਾ ਜੀ ਸਿਰਫ਼ ਪੰਜ ਸਾਲ ਦੇ ਸਨ ਜਦੋਂ ਦਾਦਾ ਜੀ ਨੇ ਆਪਣਾ ਗਵਾਲ ਮੰਡੀ ਵਾਲਾ ਸਭ ਤੋਂ ਸੁਹਣਾ ਤੇ ਵੱਡਾ ਘਰ ਛੱਡਿਆ। ਉਥੇ ਉਹਨਾਂ ਵੇਲਿਆਂ ਮੁਤਾਬਕ ਜ਼ਿੰਦਗੀ ਦੀ ਹਰ ਸਹੂਲਤ ਸੀ। ਹਰ ਜੀਅ ਦਾ ਵੱਖਰਾ ਵੱਖਰਾ ਬੈੱਡ ਰੂਮ। ਡਰਾਇੰਗ ਕਮ ਡਾਇਨਿੰਗ ਰੂਮ। ਅਨਾਰਕਲੀ ਵਿਚ ਸ਼ਾਨਦਾਰ ਦੁਕਾਨ। ਪਰ ਜਦੋਂ ਨਿਕਲੇ ਤਾਂ ਖਾਲੀ ਹੱਥ। ਲੁਧਿਆਣੇ ਇਕ ਰਿਮੋਟ ਜਿਹੇ ਪਿੰਡ ਇਕ ਰਿਸ਼ਤੇਕਾਰ ਦੇ ਘਰ ਮਜਬੂਰਨ ਕੁਝ ਮਹੀਨੇ ਵਸਣਾ ਪਿਆ। ਮੇਰੇ ਪਿਤਾ ਜੀ ਛੋਟੇ ਸਨ ਤੇ ਸਦਮੇ ਦਾ ਅਸਰ ਉਹਨਾਂ ਦੇ ਦਿਮਾਗ਼ 'ਤੇ ਘੱਟ ਸੀ। ਇਹ ਰੋਟੀ ਦੇ ਟਾਇਮ ਕੁਕੜੀਆਂ ਦੇ ਆਲੇ ਵਿਚ ਜਾ ਬਹਿੰਦੇ ਤੇ ਜਾਲੀ ਵਾਲੀ ਤਾਕੀ ਬੰਦ ਕਰਕੇ ਆਪਣੀ ਮਾਂ ਨੂੰ ਪੁਕਾਰਦੇ, ਅੰਮਾਂ ਜੀ, ਰੋਟੀ ਜਾਲੀ ਵਿਚ ਲਿਆਓ। ਸਾਨੂੰ ਇਹ ਹਾਲੇ ਵੀ ਕਈ ਵਾਰ ਦੱਸਦੇ ਤੇ ਰੋਂਦੇ ਨੇ।'

'ਇਹ ਦੁਖਾਂਤ ਕਿੱਥੇ ਨਹੀਂ ਵਾਪਰਿਆ ? ਮੇਰੇ ਨਾਲ ਨਹੀਂ ਜਾਂ ਤੁਹਾਡੇ ਨਾਲ ਨਹੀਂ। ਮੇਰੇ ਵਡੇਰੇ ਜਦੋਂ ਗੁਰਦਾਸਪੁਰਿਓਂ ਨਿਕਲੇ ਤਾਂ ਸਾਡੇ ਘਰ ਦੀਆਂ ਤ੍ਰੀਮਤਾਂ ਨੂੰ ਸਿੱਖ ਧਾੜਵੀ ਖੋਹ ਖਿੱਚ ਕੇ ਲੈ ਗਏ। ਇਹਨਾਂ ਵਿਚ ਇਕ ਨੌਆਂ ਵਰ੍ਹਿਆਂ ਦੀ ਬਾਲੜੀ ਵੀ ਸੀ ਜਿਹਨੂੰ ਘਰ ਦੇ ਜੀਆਂ ਸਾਹਮਣੇ ਅਗਲਿਆਂ ਬੇਪਤ ਕਰ ਦਿੱਤਾ। ਇਹ ਕਿਸੇ ਵੀ ਦਿਲ-ਹੂਲਵੀਂ ਘਟਨਾ ਤੋਂ ਛੋਟੀ ਗੱਲ ਐ ?'

'ਅਸਲ ਵਿਚ ਕਲਚਰਲ ਡਿਫਰੈਂਸ ਪਹਿਲਾਂ ਵੀ ਹੈ ਸੀ।' ਜੈਦੇਵ ਬੋਲਿਆ, 'ਮੇਰੀ ਨਾਨੀ ਦੀਆਂ ਕਈ ਸਹੇਲੀਆਂ ਮੁਸਲਮਾਨ ਸੀਗੀਆਂ। ਉਹ ਮੈਨੂੰ ਆਪਣੀ ਜਵਾਨੀ ਵੇਲੇ ਦੀਆਂ ਗੱਲਾਂ ਦੱਸਦੇ ਹੁੰਦੇ ਸੀ ਜਦੋਂ ਉਹਨਾਂ ਦੀ ਉਮਰ ਅਜਿਹੀ ਸੀ ਜਦੋਂ ਕੋਈ ਕਿਸੇ ਗੱਲ ਦੀ ਬਹੁਤੀ ਪਰਵਾਹ ਨਹੀਂ ਕਰਦਾ, ਪਰ ਇਹ ਇਕ ਦੂਜੇ ਦੇ ਘਰ ਦਾ ਰਿੱਧਾ ਪੱਕਾ ਨਹੀਂ ਸੀ ਖਾਂਦੀਆਂ। ਵਿਆਹਾਂ ਵਿਚ ਵੀ ਇਕ ਦੂਜੇ ਨੂੰ ਸੁੱਕੀ ਰਸਦ ਵਿਚ ਭਾਜੀ ਦੇਣ ਦਾ ਰਿਵਾਜ ਸੀ। ਇਕ ਦੂਜੇ ਪ੍ਰਤੀ ਨਾ ਸਤਿਕਾਰ ਸੀ ਨਾ ਕੋਈ ਅਪਣੱਤ।'

'ਨਹੀਂ, ਦੋਵੇਂ ਈ ਧਿਰਾਂ ਸਨ।' ਮੈਂ ਕਿਹਾ, 'ਮੇਰੇ ਤਾਇਆ ਜੀ ਇਨਕਲਾਬੀ ਪਾਰਟੀ ਨਾਲ ਸਨ। ਉਹ ਮੁਸਲਮਾਨਾਂ ਦੇ ਘਰੀਂ ਵੀ ਰਹਿੰਦੇ ਤੇ ਉਥੇ ਖਾਂਦੇ ਪੀਂਦੇ ਵੀ, ਕੋਈ ਤੇਰ ਮੇਰ ਨਹੀਂ ਸੀ।'

ਹਬੀਬ ਬੋਲਿਆ, 'ਪਰ ਤੁਹਾਡੇ ਗੁਰੂ ਸਾਹਿਬ ਨੇ ਇਹ ਕਿਉਂ ਕਿਹਾ ਕਿ ਮੁਸਲਮਾਨ 'ਤੇ

ਵਿਸ਼ਵਾਸ ਨਾ ਕਰੋ, ਭਾਵੇਂ ਉਹ ਤੇਲ ਲਿਬੜੀ ਬਾਂਹ 'ਤੇ ਲੱਗੇ ਤਿਲਾਂ ਜਿੰਨੀਆਂ ਸਹੁੰਆਂ ਚੁੱਕੇ।'

'ਇਹ ਕਿਸੇ ਸ਼ਰਾਰਤੀ ਦਿਮਾਗ਼ ਦੀ ਉਪਜ ਹੈ। ਭਲਾ ਗੁਰੂ ਏਨੀ ਗ਼ੈਰ ਜ਼ਿੰਮੇਵਾਰੀ ਵਾਲਾ ਬਿਆਨ ਕਿਉਂ ਦੇਣਗੇ, ਜਦ ਕਿ ਉਹਨਾਂ ਦੇ ਕਈ ਮੁਸਲਮਾਨਾਂ ਨਾਲ ਬੜੇ ਚੰਗੇ ਤਾਅਲੁਕ ਸਨ।' ਜੈਦੇਵ ਨੇ ਦੱਸਿਆ।

ਕਾਰ ਡੇਰੇ ਦੇ ਗੇਟ 'ਤੇ ਆ ਅੱਪੜੀ। ਇੱਥੇ ਥਾਂ ਪੱਧਰੀ ਤੇ ਖੁੱਲ੍ਹੀ ਸੀ। ਆਸੇ ਪਾਸੇ ਪਹਾੜਾਂ ਨਾਲ ਘਿਰੀ। ਦੂਰ ਤਕ ਡੇਰੇ ਦੀ ਚਾਰਦੀਵਾਰੀ। ਵਿਹੜੇ ਵਿਚ ਵੰਨ ਸੁਵੰਨੇ ਬੂਟੇ ਲੱਗੇ ਸਨ ਤੇ ਫੁੱਲਾਂ ਦੀਆਂ ਝਾੜੀਆਂ ਇਸ ਥਾਂ ਦੀ ਸ਼ੋਭਾ ਵਿਚ ਵਾਧਾ ਕਰ ਰਹੀਆਂ ਸਨ। ਇਹ ਥਾਂ ਮੇਰੀ ਜਾਣੀ ਪਛਾਣੀ ਸੀ ਤੇ ਮੈਂ ਪਹਿਲਾਂ ਵੀ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਇਥੇ ਆ ਕੇ ਰੁਕ ਚੁੱਕਿਆ ਸਾਂ। ਸਵਾਮੀ ਸਤਿਆਪਾਲ ਮੈਨੂੰ ਇਕ ਅਖ਼ਬਾਰ ਨਵੀਸ ਦੇ ਤੌਰ 'ਤੇ ਜਾਣਦੇ ਸਨ। ਇਕ ਵਾਰੀ ਮੈਂ ਉਹਨਾਂ ਨਾਲ ਬਚਨ ਬਿਲਾਸ ਕਰਦਿਆਂ ਬੇਨਤੀ ਕੀਤੀ ਸੀ ਕਿ ਸਵਾਮੀ ਜੀ, ਉਂਝ ਤਾਂ ਏਥੇ ਰਹਿਣ ਟਿਕਣ ਦਾ ਲਾਜਵਾਬ ਪ੍ਰਬੰਧ ਹੈ ਪਰ ਜੇ ਇੱਥੇ ਇਕ ਪ੍ਰੈੱਸ ਹੋਮ ਬਣਾ ਦਿਓ ਜਿੱਥੇ ਕਦੀ ਕਦਾਈਂ ਸਾਡੇ ਜਿਹੇ ਫੱਕਰ ਆ ਕੇ ਕੋਈ ਖ਼ਬਰ ਸਟੋਰੀ ਲਿਖ ਲਿਆ ਕਰਨ ਤਾਂ ਸਵਾਮੀ ਜੀ ਦੇ ਜਲਾਲ ਭਰੇ ਚਿਹਰੇ 'ਤੇ ਅਨੋਖੇ ਰੰਗ ਉਭਰੇ ਸਨ। ਉਹਨਾਂ ਕੋਲ ਬੈਠੇ ਸੈਕਟਰੀ ਨੂੰ ਬੁਲਾ ਕੇ ਕਿਹਾ, "ਖੁਰਾਣਾ ਜੀ, ਜਲਵੰਤ ਸਿੰਘ ਪੁਰੀ ਹੋਰਾਂ ਨੂੰ ਇਹਨਾਂ ਦੀ ਪਸੰਦ ਦੀ ਜਗ੍ਹਾ ਵਿਖਾਓ, ਇੰਜੀਨੀਅਰ ਅਗਨੀਹੋਤਰੀ ਨੂੰ ਬੁਲਾ ਕੇ ਨਕਸ਼ਾ ਬਣਵਾਓ ਤੇ ਝੱਟ ਹੀ ਉਸਾਰੀ ਸ਼ੁਰੂ ਕਰਵਾਓ।' ਉਹਨਾਂ ਮੁਸਕਰਾਉਂਦੇ ਚਿਹਰੇ ਨਾਲ ਮੇਰੇ ਵੱਲ ਵੇਖਿਆ ਤੇ ਕਿਹਾ, 'ਪੁਰੀ ਸਾਹਿਬ, ਧੰਨਵਾਦ।' ਫਿਰ ਸੈਕਟਰੀ ਨੂੰ ਕਿਹਾ, 'ਖੁਰਾਣਾ ਜੀ, ਇਹ ਗੱਲ ਸਾਡੇ ਦਿਮਾਗ ਵਿਚ ਪਹਿਲਾਂ ਕਿਉਂ ਨਹੀਂ ਆਈ ?'

ਖੁਰਾਣਾ ਜੀ ਨੇ ਸਿਰ ਝੁਕਾ ਕੇ ਜਿਵੇਂ ਇਸ ਗੱਲ ਦੇ ਦਿਮਾਗ਼ ਵਿਚ ਨਾ ਆਉਣ ਦੀ ਕੁਤਾਹੀ ਦੀ ਮੁਆਫ਼ੀ ਮੰਗੀ ਤੇ ਮੈਨੂੰ ਕਿਹਾ, 'ਆਓ ਪੁਰੀ ਸਾਹਿਬ।' ਮੈਂ ਵੀ ਹੱਥ ਜੋੜ ਸਿਰ ਨਿਵਾ ਉਠਿਆ ਤੇ ਬਾਹਰ ਖੁਲ੍ਹੇ ਵਿਹੜੇ ਵਿਚ ਖੁਰਾਣੇ ਨਾਲ ਘੁੰਮਣ ਲੱਗਾ। ਮੇਰੀ ਦਿਲਚਸਪੀ ਬਣ ਗਈ ਸੀ ਤੇ ਚੰਗਾ ਵੀ ਲੱਗਾ ਕਿ ਮੈਂ ਸਵਾਮੀ ਜੀ ਦੀ ਨਜ਼ਰ ਵਿਚ ਵਿਸ਼ੇਸ਼ ਬਣ ਗਿਆ ਸਾਂ। ਅਸਾਂ ਇਕ ਖੂੰਜਾ ਚੁਣਿਆ। 'ਇਹ ਥਾਂ ਬੜੀ ਢੁਕਵੀਂ ਹੈ ਖੁਰਾਣਾ ਜੀ, ਏਥੋਂ ਦੂਰ ਤਕ ਵਾਦੀ ਦਾ ਸੁੰਦਰ ਨਜ਼ਾਰਾ ਦਿਸਦਾ ਹੈ ਤੇ ਝੀਲ ਦੇ ਦਰਸ਼ਨ ਵੀ ਹੋ ਜਾਂਦੇ ਹਨ। ਅੱਗੇ ਜਿਵੇਂ ਤੁਸੀਂ ਜਾਂ ਸਵਾਮੀ ਜੀ ਕਹਿਣ।'

ਆਪਣੀ ਕਾਰਵਾਈ ਪਾ ਕੇ ਅਸੀਂ ਆ ਗਏ। ਮੈਂ ਸਵਾਮੀ ਜੀ ਦੀਆਂ ਤਸਵੀਰਾਂ ਲਈਆਂ ਤੇ ਬੜੀ ਮਾਹਰਕੇ ਦੀ ਸਟੋਰੀ ਲਿਖੀ। ਮੇਰੀ ਅਖਬਾਰ ਨੇ ਸੰਡੇ ਐਡੀਸ਼ਨ ਦੇ ਮੈਗਜ਼ੀਨ 'ਤੇ ਉਸਨੂੰ ਛਾਪਿਆ। ਸਵਾਮੀ ਜੀ ਨੇ ਆਪ ਫੋਨ 'ਤੇ ਗੱਲ ਕੀਤੀ ਤੇ ਦਾਅਵਤ ਦਿੱਤੀ ਕਿ ਕਿਸੇ ਦਿਨ ਆਪਣੇ ਦੋਸਤਾਂ ਸਹਿਤ ਮੈਂ ਉਹਨਾਂ ਕੋਲ ਪਿਕਨਿਕ ਦਾ ਮੂਡ ਬਣਾ ਕੇ ਆਵਾਂ। ਮੈਂ ਮਹਿਸੂਸ ਕੀਤਾ ਜਿਵੇਂ ਮੈਂ ਸੁਆਮੀ ਜੀ ਦੀਆਂ ਨਜ਼ਰਾਂ ਵਿਚ ਇਕ ਹੀ ਦਿਨ ਵਿਚ ਆਮ ਤੋਂ ਖਾਸ ਮਨੁੱਖ ਬਣ ਗਿਆ ਹੋਵਾਂ। ਮੈਂ ਸਵਾਮੀ ਜੀ ਨੂੰ ਕਿਹਾ ਕਿ ਮੈਂ ਜਲਦੀ ਹੀ ਉਹਨਾਂ ਦੇ ਦਰਸ਼ਨਾਂ ਲਈ ਆਵਾਂਗਾ।

ਅਚਾਨਕ ਹੀ ਸਵਾਮੀ ਜੀ ਦਾ ਖਾਸ ਬੰਦਾ ਹੋਣ ਦਾ ਅਹਿਸਾਸ ਮੇਰੇ 'ਤੇ ਤਾਰੀ ਹੋ ਗਿਆ। ਅਸੀਂ ਕਾਰ 'ਚੋਂ ਨਿਕਲ ਡੇਰੇ ਦੀ ਰੌਣਕ ਵੱਲ ਝਾਤ ਮਾਰੀ। ਦੂਰੋਂ ਨੇੜਿਓਂ ਆਏ ਲੋਕਾਂ ਦੇ ਚਿਹਰਿਆਂ 'ਤੇ ਕੋਈ ਅਨੋਖਾ ਉਤਸ਼ਾਹ ਝਲਕ ਰਿਹਾ ਸੀ। ਸਭ ਇਕ ਜ਼ਾਬਤੇ ਵਿਚ ਤੁਰ ਰਹੇ ਸਨ। ਮੈਨੂੰ ਪਤਾ ਸੀ ਕਿ ਮਹੀਨੇ ਦੇ ਆਖਰੀ ਐਤਵਾਰ ਸਵਾਮੀ ਜੀ ਖੁਦ ਪ੍ਰਵਚਨ ਕਰਦੇ ਸਨ, ਇਸ ਲਈ ਸ਼ਰਧਾਲੂਆਂ ਦੀ ਰੌਣਕ ਆਮ ਨਾਲੋਂ ਵੱਧ ਸੀ। ਆਮ ਦਿਨਾਂ ਵਿਚ ਉਹ ਬਹੁਤ ਸਮਾਂ ਲੋਕ ਸੇਵਾ ਵਿਚ ਗੁਜ਼ਾਰਦੇ ਜਾਂ ਸੱਚਖੰਡ ਭਵਨ ਵਿਚ ਬੈਠ ਕੇ ਦੁਨੀਆਂ ਦੇ ਧਰਮਾਂ ਦਾ ਅਧਿਐਨ ਕਰਦੇ ਜਾਂ ਕਦੇ ਵਿਦੇਸ਼ੀਂ ਵਸੇ ਆਪਣੇ ਉਪਾਸ਼ਕਾਂ ਦੇ ਸੱਦੇ ਪ੍ਰਵਾਨ ਕਰਦੇ ਹੋਏ ਇੰਗਲੈਂਡ ਅਮਰੀਕਾ ਚਲੇ ਜਾਂਦੇ ਤੇ ਕਈ ਕਈ ਮਹੀਨੇ ਉਥੇ ਈ ਟਿਕ ਜਾਂਦੇ। ਉਹਨਾਂ ਦਾ ਪੁੱਤਰ ਏਥੋਂ ਈ ਕਿਸੇ ਹਲਕੇ ਤੋਂ ਚੋਣ ਜਿੱਤ ਕੇ ਦਿੱਲੀ ਰਾਜਨੀਤੀ ਕਰ ਰਿਹਾ ਸੀ ਤੇ ਏਥੇ ਕਦੀ ਕਦਾਈਂ ਹੀ ਚੱਕਰ ਮਾਰਦਾ ਸੀ। ਚੰਡੀਗੜ੍ਹੋਂ ਤੁਰਨ ਵੇਲੇ ਮੈਂ ਸਵਾਮੀ ਜੀ ਦੇ ਸੈਕਟਰੀ

ਨੂੰ ਫ਼ੋਨ ਕਰਕੇ ਆਉਣ ਬਾਰੇ ਨੋਟ ਕਰਵਾ ਦਿੱਤਾ ਸੀ ਕਿ ਕੁਝ ਮਹਿਮਾਨ ਮੇਰੇ ਨਾਲ ਡੇਰੇ ਦੇ ਦਰਸ਼ਨਾਂ ਨੂੰ ਆ ਰਹੇ ਹਨ। ਇਹ ਵੀ ਦੱਸਿਆ ਕਿ ਇਹ ਮੀਡੀਏ ਨਾਲ ਜੁੜੇ ਹਨ ਤੇ ਡੇਰੇ ਬਾਰੇ ਲਿਖਣਗੇ ਵੀ। ਇਹਨਾਂ ਵਿਚੋਂ ਇਕ ਦਾ ਵਾਸਤਾ ਡੇਰੇ ਲਾਗਲੇ ਪਿੰਡ ਪੀਰਾਂਵਾਲੀ ਨਾਲ ਵੀ ਹੈ। ਸੈਕਟਰੀ ਨੇ ਦੱਸਿਆ ਕਿ ਇਹ ਪਿੰਡ ਡੇਰੇ ਦੇ ਬਿਲਕੁਲ ਨਜ਼ਦੀਕ ਹੈ, ਸਿਰਫ਼ ਇਕ ਪਹਾੜੀ ਤੋਂ ਪਾਰ।

ਮੈਂ ਆਪਣੇ ਸਾਥੀਆਂ ਸਮੇਤ ਸਿੱਧਾ ਪ੍ਰੈੱਸ ਹੋਮ ਵੱਲ ਰੁਖ਼ ਕੀਤਾ। ਉਥੋਂ ਦੇ ਅਟੈਂਡੈਂਟ ਰਾਮ ਨਾਥ ਨੇ ਅੱਗਲਵਾਂਢੀ ਹੋ ਕੇ ਮੈਨੂੰ ਹੱਥ ਜੋੜ ਕੇ ਨਮਸਕਾਰ ਕੀਤਾ ਤੇ ਉਸ ਦੱਸਿਆ ਕਿ ਉਸ ਪਾਸ ਸਾਡੇ ਆਉਣ ਦੀ ਪਹਿਲਾਂ ਈ ਇਤਲਾਹ ਸੀ। ਉਹ ਗੱਡੀ ਵਿਚੋਂ ਸਾਮਾਨ ਕੱਢਣ ਦੌੜਿਆ ਤੇ ਵਾਰੋ ਵਾਰੀ ਅਟੈਚੀ ਸੂਟਕੇਸ ਕੱਢ ਲਿਆਇਆ। ਮੈਂ ਘੜੀ ਵੇਖੀ, ਸਤਿਸੰਗ ਚੱਲ ਰਿਹਾ ਸੀ। ਮੈਂ ਸਲਾਹ ਦਿੱਤੀ ਕਿ ਇਸ ਤੋਂ ਪਹਿਲਾਂ ਕਿ ਸਤਿਸੰਗ ਸਮਾਪਤ ਹੋ ਜਾਏ, ਸੁਆਮੀ ਜੀ ਦੇ ਦਰਸ਼ਨ ਕਰ ਲਏ ਜਾਣ ਤੇ ਬਾਕੀ ਕੰਮ ਬਾਅਦ 'ਚ ਕੀਤੇ ਜਾਣ, ਜਿਸਨੂੰ ਸਾਰਿਆਂ ਨੇ ਮੰਨ ਲਿਆ ਤੇ ਅਸੀਂ ਜੁੱਤੀਆਂ ਕਮਰਿਆਂ ਵਿਚ ਹੀ ਲਾਹ ਕੇ ਸਤਿਸੰਗ ਭਵਨ ਵੱਲ ਤੁਰ ਪਏ।

ਭਵਨ ਦੇ ਗੇਟ 'ਤੇ ਹੀ ਸੈਕਟਰੀ ਖੁਰਾਣਾ ਮਿਲ ਪਏ ਤੇ ਉਹਨਾਂ ਸਾਡਾ ਸੁਆਗਤ ਕੀਤਾ ਤੇ ਇਕ ਸਾਈਡ ਤੋਂ ਸਾਨੂੰ ਸਟੇਜ ਦੇ ਕੋਲ ਡੱਠੀਆਂ ਕੁਰਸੀਆਂ 'ਤੇ ਲਿਜਾ ਬੈਠਾਇਆ। ਪੂਰਾ ਭਵਨ ਸੰਗਤ ਨਾਲ ਭਰਿਆ ਹੋਇਆ ਸੀ। ਲੋਕ ਇਕ ਮਨ ਹੋ ਕੇ ਸਵਾਮੀ ਜੀ ਦਾ ਪ੍ਰਵਚਨ ਸੁਣ ਰਹੇ ਸਨ। ਸਾਡੇ ਮਹਿਮਾਨਾਂ ਲਈ ਇਕ ਅਲੌਕਿਕ ਨਜ਼ਾਰਾ ਸੀ। ਹਬੀਬ ਨੇ ਮੇਰੇ ਤੇ ਜੈਦੇਵ ਵੱਲ ਵੇਖ ਕੇ ਇੰਝ ਅੱਖਾਂ ਦੀ ਹਰਕਤ ਕੀਤੀ ਜਿਵੇਂ ਕਹਿ ਰਿਹਾ ਹੋਵੇ, 'ਬਾਕਮਾਲ'। ਮੈਂ ਵੀ ਉਹਦੀ ਭਾਵਨਾ ਦਾ ਜੁਆਬ ਇੰਝ ਦਿੱਤਾ ਜਿਵੇਂ ਕਿਹਾ ਹੋਵੇ, 'ਇਹ ਸਭ ਸਵਾਮੀ ਜੀ ਦੀ ਲਾਸਾਨੀ ਪ੍ਰਤਿਭਾ ਦਾ ਜਲੌ ਹੈ।' ਫਿਰੋਜ਼ਾ ਕੈਮਰਾ ਸੂਤ ਕਰਦੀ ਆਪਣੇ ਫੋਕਸ ਬਣਾਉਣ ਲੱਗੀ ਜਦ ਕਿ ਅਸੀਂ ਧਿਆਨ ਸਵਾਮੀ ਜੀ ਦੇ ਸ਼ਬਦਾਂ 'ਤੇ ਕੇਂਦਰਤ ਕੀਤਾ।

'...ਧਰਤੀ ਦੀ ਕੀ ਜ਼ਾਤ ਹੈ ? ਧਰਤੀ ਤਾਂ ਸਭ ਦੇ ਜੀਵਨ ਦਾ ਸਰੋਤ ਹੈ। ਇਹ ਮਾਂ ਹੈ, ਜਣਨੀ ਹੈ, ਜਗਤ ਦੀ ਪਾਲਣਹਾਰ ਹੈ। ਧਰਤੀ ਲਈ ਅਸੀਂ ਸਾਰੇ ਬੱਚੇ ਹਾਂ। ਇਸਦੇ ਪੈਦਾ ਕੀਤੇ ਧੀਆਂ ਪੁੱਤਰ ਹਾਂ। ਜਣਨੀ ਦੀ ਕੋਈ ਜ਼ਾਤ ਨਹੀਂ ਹੁੰਦੀ। ਧਰਤੀ ਮਾਂ ਹੈ। ਸੰਸਾਰ ਉਪਰ ਉਤਪਤੀ ਦਾ ਸੋਮਾ ਹੈ। ਇਸਨੂੰ ਤੰਗ ਦਾਇਰਿਆਂ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਇਹ ਹਰ ਦਾਇਰੇ ਤੋਂ ਉਪਰ ਹੈ। ਕਿਉਂਕਿ ਉਹ ਮਾਂ ਹੈ ਤੇ ਮਾਂ ਦੀ ਕੋਈ ਜ਼ਾਤ ਨਹੀਂ ਹੁੰਦੀ। ਇਸ ਮਾਂ ਨੇ ਆਪਣੇ ਬੱਚਿਆਂ ਦੀ ਭੁੱਖ ਦੂਰ ਕਰਨ ਲਈ ਰੁੱਖ ਪੈਦਾ ਕੀਤੇ ਨੇ। ਇਹ ਸਾਨੂੰ ਆਸਰਾ ਦਿੰਦੇ ਨੇ, ਫੁੱਲ ਫ਼ਲ ਦਿੰਦੇ ਨੇ। ਪਖੇਰੂਆਂ ਦਾ ਰੈਣ ਬਸੇਰਾ ਬਣਦੇ ਨੇ। ਉਹਨਾਂ ਨੂੰ ਖੁਰਾਕ ਮੁਹੱਈਆ ਕਰਦੇ ਨੇ। ਬਿਨਾਂ ਕਿਸੇ ਵਿਤਕਰੇ ਦੇ, ਬਿਨਾਂ ਕਿਸੇ ਭੇਦ ਭਾਵ ਦੇ। ਰੁੱਖਾਂ ਦੀ ਵੀ ਕੋਈ ਜ਼ਾਤ ਨਹੀਂ ਹੈ। ਇਹਨਾਂ ਨੂੰ ਵੀ ਕਿਸੇ ਕੈਟੇਗਰੀ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਹਵਾ ਤੇ ਪਾਣੀ ਧਰਤੀ ਦੀਆਂ ਨੇਅਮਤਾਂ ਨੇ। ਨਾ ਹਵਾ ਦੀ ਕੋਈ ਜ਼ਾਤ ਹੈ ਨਾ ਪਾਣੀ ਦੀ। ਇਹ ਸਭ ਕੈਦਾਂ ਬੰਧਨਾਂ ਤੋਂ ਉਪਰ ਨੇ। ਇਹਨਾਂ ਨੂੰ ਵਾਟਰਟਾਈਟ ਕੰਪਾਰਟਮੈਂਟਾਂ ਵਿਚ ਨਹੀਂ ਕੈਦ ਕੀਤਾ ਜਾ ਸਕਦਾ। ਕਿਸੇ ਜ਼ਾਤ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ। ਸੰਤ ਮਹਾਂਪੁਰਖ ਧਰਤੀ ਉਪਰ ਭੇਜੇ ਰੱਬ ਦੇ ਦੂਤ ਨੇ। ਇਹ ਜ਼ਾਤਾਂ ਪਾਤਾਂ ਤੇ ਤੰਗ ਦਾਇਰਿਆਂ ਵਿਚ ਬੱਝੇ ਇਨਸਾਨ ਨੂੰ ਕੁਦਰਤ ਦੇ ਅਟੱਲ ਹੁਕਮਾਂ ਦੀ ਸੋਝੀ ਦਿੰਦੇ ਨੇ। ਧਰਮ ਸਿਖਾਉਂਦੇ ਨੇ। ਧਰਮ ਦਾ ਸੰਕਲਪ ਜ਼ਾਤਾਂ ਬੰਧਨਾਂ ਤੋਂ ਉਪਰ ਹੈ। ਸੰਤ ਧਰਮ ਦੇ ਵਾਹਕ ਨੇ। ਵੱਡੇ ਵੱਡੇ ਪੀਰ ਪੈਗੰਬਰ ਆਖਦੇ ਨੇ ਕਿ ਧਰਮ ਫਰਜ਼ਾਂ ਦੀ ਨਿਯਮਾਵਲੀ ਹੈ। ਫਰਜ਼ਾਂ ਦੀ ਪਾਲਣਾ ਕਰਨਾ ਹੀ ਧਰਮ ਦੀ ਪਾਲਣਾ ਕਰਨਾ ਹੈ। ਧਰਮ ਜੀਵਨ ਜਾਚ ਹੈ। ਇਹ ਨਾ ਹਿੰਦੂ ਹੈ, ਨਾ ਮੁਸਲਿਮ। ਨਾ ਸਿੱਖ ਨਾ ਈਸਾਈ। ਧਰਮ ਜ਼ਾਤਾਂ ਤੋਂ ਉਪਰ ਉਠਣ ਦਾ ਸੁਨੇਹਾ ਦਿੰਦਾ ਹੈ। ਸੰਤ ਧਰਮ ਸਿਖਾਉਂਦੇ ਹਨ। ਮਨੁੱਖ ਨੂੰ ਕੈਦਾਂ ਤੋਂ ਮੁਕਤ ਕਰਦੇ ਹਨ। ਜਿਵੇਂ ਧਰਤੀ ਬੱਚਿਆਂ ਨੂੰ ਨਿਰਪੱਖਪਤਾ ਨਾਲ ਜਨਮ ਦਿੰਦੀ ਹੈ, ਰੁੱਖ ਪਾਲਦੇ ਤੇ ਹਵਾ ਪਾਣੀ ਜੀਵਨ ਤੋਰਦੇ ਨੇ, ਉਵੇਂ ਹੀ ਸੰਤ ਬਿਨਾਂ ਵਿਤਕਰੇ ਇਨਸਾਨ ਨੂੰ ਧਰਮ ਨਾਲ ਜੋੜਦੇ ਨੇ। ਸੰਤ ਮਹਾਨ ਆਤਮਾਵਾਂ ਨਾਲ

ਵਰੋਸਾਏ ਰੱਬ ਦੇ ਪੁੱਤਰ ਨੇ. ਇਹ ਈਸ਼ਵਰ, ਅੱਲਾ, ਵਾਹਿਗੁਰੂ ਤੇ ਗਾਡ ਦੀ ਸੰਤਾਨ ਨੇ। ਸੰਤਾਂ ਦੀ ਉਂਗਲ ਫੜ ਕੇ ਹੀ ਇਨਸਾਨ ਜ਼ਾਤਾਂ, ਵਖਰੇਵਿਆਂ ਤੇ ਬੰਧਨਾਂ ਦੇ ਖੋਲ ਚੋਂ ਨਿਕਲ ਸਕਦਾ ਹੈ। ਸੰਤਾਂ ਦੀ ਮਿਹਰ ਨਾਲ ਉਹ ਵਿਸ਼ਾਲ ਹੋ ਸਕਦਾ ਹੈ। ਧਰਤੀ ਦਾ ਸੱਚਾ ਪੁੱਤਰ ਬਣ ਸਕਦਾ ਹੈ। ਇਥੇ ਆਉਣ ਦਾ ਹੱਕ ਅਦਾ ਕਰ ਸਕਦਾ ਹੈ। ਸੋ ਪਿਆਰੀ ਸਾਧ ਸੰਗਤ, ਅੱਜ ਲਈ ਏਨਾ ਹੀ ਕਾਫ਼ੀ ਹੈ...। ਸੰਗਤ ਆਪਣੇ ਅੰਦਰਲੇ ਚਾਨਣ ਬਿੰਦੂ ਨੂੰ ਵੇਖਣ ਲਈ ਸਮਾਧੀ ਵਿਚ ਲੀਨ ਹੋਵੇ ਤੇ ਮੰਤਰ ਦਾ ਜਾਪ ਕਰੇ...।'

ਸਵਾਮੀ ਜੀ ਦੇ ਨੇਤਰ ਬੰਦ ਸਨ। ਸੰਗਤ ਜਿਵੇਂ ਡੂੰਘੇ ਮੌਨ ਦੀ ਅਵਸਥਾ ਵਿਚ ਪਹੁੰਚੀ ਹੋਈ ਸੀ। ਏਨੀ ਖਾਮੋਸ਼ੀ ਸੀ ਕਿ ਸਾਹਾਂ ਦੀ ਆਵਾਜ਼ ਤਕ ਸੁਣੀ ਜਾ ਸਕਦੀ ਸੀ। ਜਿਵੇਂ ਧਰਤੀ ਬ੍ਰਹਿਮੰਡ ਇਕ ਹੋ ਗਏ। ਸੰਤ ਤੇ ਰੱਬ ਦੇ ਮੇਲ ਦੀ ਘੜੀ ਸੀ। ਸਾਰੇ ਪਾਸੇ ਇਕ ਨੂਰ ਫੈਲ ਰਿਹਾ ਸੀ। ਪੰਜ ਕੁ ਮਿੰਟਾਂ ਪਿੱਛੋਂ ਸਵਾਮੀ ਜੀ ਨੇ ਦੋਵੇਂ ਹੱਥ ਉਪਰ ਚੁੱਕੇ ਤੇ ਉੱਚੀ ਆਵਾਜ਼ ਵਿਚ ਉਚਾਰਿਆ, 'ਜੋਤ ਜਗੇ ਹੋਵੇ ਉਜਿਆਰਾ, ਧਰਤੀ ਮੰਗਲ ਬੋਧ ਅਪਾਰਾ, ਜੱਗ ਅੰਧਿਆਰਾ ਜੰਗਲ ਸਾਰਾ, ਜੁਗਾਂ ਜੁਗਾਂ ਤੋਂ ਨਾਮ ਅਧਾਰਾ...।'

ਨੈਣ ਖੁੱਲ੍ਹੇ, ਪੰਡਾਲ ਵਿਚ ਸਜੀ ਸੰਗਤ ਨੇ ਸਵਾਮੀ ਜੀ ਦੇ ਨਾਲ ਹੀ ਬਾਹਾਂ ਹੇਠ ਕੀਤੀਆਂ। ਬੜੀ ਸ਼ਰਧਾ ਨਾਲ ਲੋਕਾਂ ਸਿਰ ਝੁਕਾਇਆ ਤੇ ਆਹਿਸਤਾ ਆਹਿਸਤਾ ਉਠਣ ਲੱਗੇ। ਸਵਾਮੀ ਜੀ ਨੇ ਬੜੀ ਸਹਿਜ ਨਜ਼ਰ ਮੇਰੇ ਵੱਲ ਸੁੱਟੀ ਤੇ ਏਨਾ ਹਲਕਾ ਮੁਸਕਰਾਏ ਕਿ ਮੇਰੇ ਤੋਂ ਸਿਵਾ ਕਿਸੇ ਵੀ ਨਾ ਗੌਲਿਆ। ਮੈਨੂੰ ਚੰਗਾ ਲੱਗਾ ਕਿ ਏਡੇ ਉੱਚੇ ਮਹਾਨ ਸੁਆਮੀ ਜੀ ਨੇ ਮੇਰੇ ਵੱਲ ਉਚੇਚੀ ਤਵੱਜੋ ਦਿੱਤੀ ਹੈ। ਮੈਂ ਉਤਸ਼ਾਹਤ ਹੋ ਕੇ ਆਪਣੇ ਸਾਥੀਆਂ ਨੂੰ ਕਿਹਾ ਕਿ ਆਓ, ਲਾਗੇ ਜਾ ਕੇ ਮਹਾਪੁਰਸ਼ਾਂ ਦੇ ਦਰਸ਼ਨ ਕਰੋ। ਅਸੀਂ ਸਵਾਮੀ ਜੀ ਦੇ ਆਸਣ ਵੱਲ ਵਧੇ ਤਾਂ ਸੇਵਾਦਾਰਾਂ ਨੇ ਥੋੜ੍ਹਾ ਕੁ ਅੱਗੇ ਹੋਣ ਦੀ ਕੋਸ਼ਿਸ਼ ਕੀਤੀ ਪਰ ਸਵਾਮੀ ਜੀ ਦਾ ਇਸ਼ਾਰਾ ਪਾ ਕੇ ਪਿੱਛੇ ਹਟ ਗਏ। ਅਸੀਂ ਉਹਨਾਂ ਦੇ ਕੋਲ ਇਰਦ ਗਿਰਦ ਬਹਿ ਗਏ ਤੇ ਚਰਨ ਬੰਦਨਾ ਕੀਤੀ। ਮੈਂ ਦੱਸਿਆ, 'ਸਵਾਮੀ ਜੀ ਮਹਾਰਾਜ, ਇਹ ਹਬੀਬ ਕੁਰੈਸ਼ੀ ਸਾਹਿਬ ਨੇ ਤੇ ਇਹ ਬੀਬੀ ਫਿਰੋਜ਼ਾ। ਇਹ ਦੋਵੇਂ ਇਸਲਾਮਾਬਾਦ ਦੀ ਅਖਬਾਰ ਨਾਲ ਤਾਅਲੁਕ ਰੱਖਦੇ ਨੇ। ਜੈਦੇਵ ਸਾਹਿਬ ਤੇ ਮਨਮੀਨ ਚੰਦਨ ਦਿੱਲੀ ਤੋਂ ਅੰਗਰੇਜ਼ੀ ਦੀਆਂ ਵੱਡੀਆਂ ਅਖਬਾਰਾਂ ਦੇ ਨੁਮਾਇੰਦੇ ਨੇ। ਇਹ ਤੁਹਾਡੇ ਡੇਰੇ ਦੀ ਸ਼ੋਭਾ ਸੁਣ ਕੇ ਆਏ ਨੇ ਤੇ ਇਸਨੂੰ ਆਪਣੀਆਂ ਅਖਬਾਰਾਂ ਲਈ ਕਵਰ ਵੀ ਕਰਨਾ ਚਾਹੁੰਦੇ ਨੇ। ਪੀਰਾਂਵਾਲੀ ਬੀਬੀ ਫਿਰੋਜ਼ਾ ਦੀ ਵਾਲਿਦਾ ਦਾ ਨਾਨਕਾ ਪਿੰਡ ਏ ਤੇ ਇਹ ਉਹ ਪਿੰਡ ਵੀ ਵੇਖਣ ਦੀ ਖਾਹਸ਼ ਰੱਖਦੀ ਏ। ਇਹ ਸਭ ਚੰਡੀਗੜ੍ਹ ਸੰਮੇਲਨ ਵਿਚ ਸ਼ਿਰਕਤ ਕਰਨ ਲਈ ਆਏ ਤੇ ਏਥੇ ਆਉਣ ਦਾ ਪ੍ਰੋਗਰਾਮ ਬਣ ਗਿਆ ਸੁਆਮੀ ਜੀ।'

ਸੁਆਮੀ ਜੀ ਮੁਸਕਰਾਏ ਤੇ ਕਿਹਾ, 'ਲੰਮਾ ਸਫ਼ਰ ਕਰਕੇ ਆਏ ਹੋ, ਕੁਝ ਚਿਰ ਆਰਾਮ ਫ਼ਰਮਾਓ, ਕੁਝ ਜਲਪਾਨ ਕਰੋ। ਮੈਨੂੰ ਖੁਰਾਣਾ ਜੀ ਨੇ ਦੱਸ ਦਿੱਤਾ ਸੀ ਕਿ ਤੁਸੀਂ ਆ ਰਹੇ ਹੋ। ਉਹਦੀ ਡਿਊਟੀ ਹੈ ਕਿ ਤੁਹਾਡੀ ਹਰ ਸੁਖ ਸੁਵਿਧਾ ਦਾ ਖਿਆਲ ਰੱਖੇ।' ਫਿਰ ਉਹ ਮੈਨੂੰ ਮੁਖਾਤਿਬ ਹੋਏ, 'ਮਹਿਮਾਨਾਂ ਨੂੰ ਕੋਈ ਤਕਲੀਫ਼ ਨਾ ਹੋਵੇ ਪੂਰੀ ਸਾਹਿਬ। ਜਿਸ ਚੀਜ਼ ਦੀ ਲੋੜ ਹੋਵੇ ਤੁਸੀਂ ਕਹਿ ਦੇਣਾ, ਖੁਰਾਣਾ ਜੀ ਮੁਹੱਈਆ ਕਰਾ ਦੇਣਗੇ। ਜੇ ਇਹਨਾਂ ਨੇ ਲਿਖਣਾ ਲਿਖਾਉਣਾ ਹੈ, ਉਹ ਵੀ ਦੱਸ ਦੇਣਾ। ਕੁਝ ਲਿਟਰੇਚਰ ਵੀ ਛਾਪਿਆ ਹੈ, ਉਹ ਖੁਰਾਣਾ ਜੀ ਲਿਆ ਦੇਣਗੇ। ਹੋਰ ਵੀ ਜੋ ਕੁਝ ਲੋੜ ਹੋਵੇ, ਦੱਸ ਦੇਣਾ। ਇਹ ਰੱਬ ਦਾ ਘਰ ਹੈ, ਇਥੇ ਕੋਈ ਤੋਟ ਨਹੀਂ...।'

ਸਵਾਮੀ ਜੀ ਦੇ ਮੁਖਾਰਬਿੰਦ 'ਚੋਂ ਨਿਕਲਿਆ ਇਕ ਇਕ ਲਫ਼ਜ਼ ਜਿਵੇਂ ਸ਼ਹਿਦ 'ਚ ਗੜੁੱਚ ਸੀ। 'ਏਨੀ ਮਿੱਠੀ ਜ਼ੁਬਾਨ ਕਿਸੇ ਪਹੁੰਚੇ ਸੰਤ ਦੀ ਹੀ ਹੋ ਸਕਦੀ ਹੈ।' ਮੈਂ ਸੋਚਿਆ।

ਜੈਦੇਵ ਨੇ ਕਿਹਾ, 'ਪੂਰੀ ਸਾਹਬ ਤੁਹਾਡੇ ਬਾਰੇ ਬਹੁਤ ਵਾਰ ਦੱਸਦੇ ਸਨ, ਪਰ ਅੱਜ ਸਾਖ਼ਸ਼ਾਤ ਦਰਸ਼ਨ ਕਰਕੇ ਨਿਹਾਲ ਹੋ ਗਏ।'

ਸਵਾਮੀ ਜੀ ਨੇ ਅੱਖਾਂ ਮੀਟੀਆਂ ਤੇ ਬਚਨ ਉਚਾਰਿਆ, 'ਇਹ ਸਭ ਅਕਾਲ ਪੁਰਖ ਦੀ ਮਹਿਮਾ ਹੈ, ਮੈਂ ਕੀ ਹਾਂ ਮੇਰੇ ਬੱਚੇ ? ਇਕ ਮਿੱਟੀ ਦਾ ਪੁਤਲਾ। ਮੇਰਾ ਮੁਝ ਮੇਂ ਕੁਛ ਨਹੀਂ, ਜੋ ਕੁਛ ਹੈ ਸੋ

ਤੇਰਾ। ਇਹ ਤਾਂ ਭਾਈ ਸਤਿਗੁਰਾਂ ਦਾ ਪ੍ਰਤਾਪ ਹੈ। ਬਾਕੀ ਕੁਝ ਤੁਹਾਡੀਆਂ ਅੱਖਾਂ ਦਾ ਸੁਹਜ ਹੈ, ਤੁਸੀਂ ਕਲਮਾਂ ਵਾਲੇ ਹੋ। ਤੁਹਾਡਾ ਆਪਣਾ ਨਜ਼ਰੀਆ ਹੈ।'

ਹਬੀਬ ਸਿਰ ਹਿਲਾ ਰਿਹਾ ਸੀ। ਸਵਾਮੀ ਜੀ ਦੇ ਬਚਨ ਉਸਨੂੰ ਚੰਗੇ ਲੱਗ ਰਹੇ ਸਨ।

'ਖੁਰਾਣਾ ਜੀ ਕਿਸੇ ਦੀ ਡਿਊਟੀ ਲਾ ਦੇਣਗੇ।' ਸਵਾਮੀ ਜੀ ਬੋਲੇ, 'ਉਹ ਤੁਹਾਨੂੰ ਪੀਰਾਂਵਾਲੀ ਲੈ ਜਾਏਗਾ। ਨਾਲ ਹੀ ਪਹਾੜੀ ਦੇ ਪਾਰ ਹੀ ਤਾਂ ਹੈ, ਭਾਵੇਂ ਪੈਦਲ ਹੀ ਚਲੇ ਜਾਣਾ। ਪਿੰਡ ਹੁਣ ਬਹੁਤ ਬਦਲ ਗਿਆ। ਪੀਰ ਅਲੀ ਦੀ ਸਮਾਧ ਦੀ ਸਾਂਭ ਸੰਭਾਲ ਕਿਸੇ ਕੀਤੀ ਨਹੀਂ, ਉਹ ਹੁਣ ਖਸਤਾ ਹਾਲ ਹੈ। ਪੁਰਾਣੀ ਪੀੜ੍ਹੀ ਦਾ ਕੋਈ ਵਿਰਲਾ ਹੀ ਬਚਿਆ ਹੈ। ਆਮ ਸਾਧਾਰਨ ਲੋਕਾਂ ਕੋਲੋਂ ਤੁਹਾਨੂੰ ਕੁਝ ਨਹੀਂ ਲੱਭਣਾ। ਉਹਨਾਂ ਤੋਂ ਪੁੱਛਣ ਦਾ ਤੁਹਾਨੂੰ ਕੋਈ ਫ਼ਾਇਦਾ ਨਹੀਂ ਹੋਣਾ। ਮੇਰਾ ਸੇਵਾਦਾਰ ਤੁਹਾਨੂੰ ਪਿੰਡ ਘੁਮਾ ਦਏਗਾ, ਤੁਹਾਨੂੰ ਇਤਿਹਾਸ ਵੀ ਦੱਸ ਦਏਗਾ।' ਫਿਰ ਉਹਨਾਂ ਇੰਝ ਦਾ ਪ੍ਰਭਾਵ ਦਿੱਤਾ ਜਿਵੇਂ ਉਠਣਾ ਚਾਹ ਰਹੇ ਹੋਣ ਤੇ ਆਸੇ ਪਾਸੇ ਖਲੋਤੇ ਸੇਵਾਦਾਰ ਵੀ ਜਿਵੇਂ ਏਸੇ ਹੀ ਤਾਕ ਵਿਚ ਸਨ। ਉਹਨਾਂ ਸਵਾਮੀ ਜੀ ਨੂੰ ਆਸਰਾ ਦੇ ਕੇ ਉਠਾਇਆ। ਭਵਨ ਵਿਚ ਅਜੇ ਵੀ ਬਹੁਤ ਸਾਰੇ ਸ਼ਰਧਾਲੂ ਦਰਸ਼ਨ ਕਰਨ ਲਈ ਖਲੋਤੇ ਸਨ। ਅਸੀਂ ਸਵਾਮੀ ਜੀ ਦੇ ਮਗਰ ਹੀ ਸਟੇਜ ਤੋਂ ਉਤਰੇ। ਰਾਹ ਵਿਚ ਲੋਕਾਂ ਵਿਛ ਵਿਛ ਕੇ ਉਹਨਾਂ ਨੂੰ ਡੰਡੌਤ ਕੀਤੀ। ਉਹ ਸੱਚਖੰਡ ਭਵਨ ਵੱਲ ਆਰਾਮ ਕਰਨ ਲਈ ਨਿਕਲ ਗਏ ਤੇ ਅਸੀਂ ਬਾਹਰ ਆ ਗਏ। ਲੋਕ ਲੰਗਰ ਹਾਲ ਵੱਲ ਤੁਰੇ ਜਾ ਰਹੇ ਸਨ। ਅਸੀਂ ਪ੍ਰੈਸ ਹੋਮ ਵੱਲ ਆ ਗਏ। ਹਬੀਬ ਦੱਸ ਰਿਹਾ ਸੀ, 'ਓਧਰ ਵੀ ਏਸੇ ਤਰ੍ਹਾਂ ਪੀਰਾਂ ਦੇ ਡੇਰੇ ਨੇ, ਇੰਝ ਹੀ ਰੌਣਕਾਂ ਜੁੜਦੀਆਂ ਨੇ, ਲੰਗਰ ਲਗਦੇ ਨੇ...। ਬੜੀ ਜੈ ਜੈ ਕਾਰ ਹੁੰਦੀ ਐ।'

'ਪਰ ਸਿੱਖਾਂ ਵਿਚ ਡੇਰਿਆਂ ਦਾ ਵਿਰੋਧ ਨਹੀਂ ?' ਫਿਰੋਜ਼ਾ ਨੇ ਪੁੱਛਿਆ।

ਮੈਂ ਆਖਿਆ, 'ਅਸਲ 'ਚ ਵਿਰੋਧ ਚੌਧਰ ਦਾ ਹੈ। ਇਹ ਵੀ ਇਕ ਕੈਪੀਟੀਸ਼ਨ ਹੈ। ਸਿੱਖੀ ਦੀ ਮੁੱਖਧਾਰਾ 'ਚੋਂ ਕਈ ਡੇਰੇ ਨਿਕਲੇ। ਹੁਣ ਏਸ ਵੇਲੇ ਤਾਂ ਸ਼ੁਮਾਰ ਈ ਕੋਈ ਨਹੀਂ। ਹਵਾ ਬੰਦ ਹੈ। ਨਾ ਵਿਰੋਧ ਹੈ ਨਾ ਸਮਰਥਨ। ਬੰਦਾ ਦਰਸ਼ਕ ਬਣਿਆ ਪਿਐ। ਕੁਝ ਕਰਨ ਜੋਗਾ ਨਹੀਂ। ਸਿੱਖੀ ਵਿਚ ਵੀ ਏਹੀ ਹਾਲ ਐ। ਪਰ ਇਹ ਸਵਾਮੀ ਜੀ ਨਿਰੋਲ ਧਰਮ ਸਿਖਾਉਂਦੇ ਨੇ, ਕਿਸੇ ਦਾ ਵਿਰੋਧ ਨਹੀਂ ਕਰਦੇ, ਸਭ ਧਰਮਾਂ ਦੀ ਇੱਜ਼ਤ ਕਰਦੇ ਨੇ। ਧਰਮ ਵਿਚ ਰਾਜਨੀਤੀ ਨਹੀਂ ਵੜਨ ਦਿੰਦੇ।'

ਹਬੀਬ ਨੇ ਕਿਹਾ, 'ਕੋਈ ਵੇਲਾ ਸੀ ਪੰਜਾਬ ਦੀ ਧਾਂਕ ਸੀ, ਰੋਅਬ ਸੀ। ਪੰਜਾਬੀ ਆਪਣੀ ਵੱਖਰੀ ਖਸਲਤ ਕਰਕੇ ਪਛਾਣੇ ਜਾਂਦੇ ਸੀ। ਉਹਨਾਂ ਦਾ ਆਪਣਾ ਇਕ ਮਰਤਬਾ ਸੀ। ਹੁਣ ਪੰਜਾਬ ਸਿਰਫ ਗਾ ਰਿਹਾ ਏ। ਦਾਰੂ ਪੀ ਕੇ ਨੱਚ ਟੱਪ ਰਿਹਾ ਏ...।'

ਮਨਮੀਨ ਬੋਲੀ, 'ਚਲੋ, ਦਾਰੂ ਪੀਣਾ, ਭੰਗੜੇ ਪਾਉਣੇ ਤੇ ਮਸਤੀ ਕਰਨੀ ਪੰਜਾਬੀਆਂ ਦਾ ਖਾਸਾ ਰਿਹਾ ਈ ਏ, ਪਰ ਇਹ ਪੱਛਮੀ ਜ਼ਹਿਰ ਦਾ ਨਸ਼ਾ ਤਾਂ ਲਗਦਾ ਲੈ ਬਹੇਗਾ। ਕੁੜੀਆਂ ਦੀ ਨਵੀਂ ਜਨਰੇਸ਼ਨ ਨੰਗੀ ਹੋ ਰਹੀ ਐ ਤੇ ਗੱਭਰੂ ਨਸ਼ੇੜੀ ਬਣਨ ਡਹੇ ਨੇ।'

'ਨਹੀਂ, ਸਾਰਾ ਵਿਸ਼ਵ ਈ ਨੰਗਾ ਹੋ ਰਿਹੈ।' ਹਬੀਬ ਨੇ ਕਿਹਾ।

ਮੈਂ ਗੱਲ ਨੂੰ ਅਗਾਂਹ ਤੋਰਿਆ, 'ਪਰ ਤੁਹਾਡੇ ਮੁਲਕ ਵਿਚ ਤਾਂ ਕੁਝ ਬਚਾਅ ਐ। ਸ਼ਾਇਦ ਮਜ਼ਹਬੀ ਕੱਟੜਤਾ ਦਾ ਅਸਰ ਹੋਵੇ।'

'ਇਹ ਉਪਰੋਂ ਈ ਲਗਦਾ।' ਹਬੀਬ ਬੋਲਿਆ, 'ਤੁਸੀਂ ਟੀ. ਵੀ. ਸੀਰੀਅਲਾਂ ਵਿਚ ਪਾਏ ਬੁਰਕੇ ਈ ਵੇਖਦੇ ਓ, ਹੇਠਲੀਆਂ ਤੈਹਾਂ ਫਰੋਲ ਕੇ ਵੇਖੋ ਤਾਂ ਪਤਾ ਲੱਗੇ। ਤੁਹਾਡੇ ਕਿਆਸ ਤੋਂ ਕਿਤੇ ਅੱਗੇ ਨਿਕਲੇ ਆਂ ਅਸੀਂ। ਦੂਰ ਦੇ ਢੋਲ ਸੁਹਾਵਣੇ ਈ ਲਗਦੇ ਆ।'

ਰਾਮ ਨਾਥ ਨੇ ਆ ਕੇ ਕਿਹਾ, 'ਸਾਹਿਬ ਵੀ.ਆਈ.ਪੀ. ਡਾਇਨਿੰਗ ਹਾਲ ਵਿਚ ਚੱਲ ਕੇ ਲੰਗਰ ਛਕ ਲਵੋ।'

ਦੁਪਹਿਰ ਦਾ ਇਕ ਵੱਜ ਰਿਹਾ ਸੀ ਤੇ ਭੁੱਖ ਵੀ ਚਮਕ ਪਈ ਸੀ। ਅਸੀਂ ਉਸਦੇ ਮਗਰ ਮਗਰ ਉਸ ਲੰਗਰ ਹਾਲ ਵੱਲ ਤੁਰ ਪਏ। ਦੇਸੀ ਘਿਓ ਦੀਆਂ ਆ ਰਹੀਆਂ ਮਹਿਕਾਂ ਨੇ ਭੁੱਖ ਹੋਰ ਤਿੱਖੀ ਕਰ

ਦਿੱਤੀ। ਫਾਈਵ ਸਟਾਰ ਹੋਟਲ ਦੇ ਮਿਆਰ ਦਾ ਖਾਣਾ ਤੇ ਮਗਰੋਂ ਬਦਾਮਾਂ ਕਾਜੂਆਂ ਦੀ ਖੀਰ ਨੇ ਨਿਸ਼ਾ ਕਰਵਾ ਦਿੱਤੀ। ਵਾਪਸ ਪ੍ਰੈੱਸ ਹੋਮ ਆ ਕੇ ਉਸ ਭਾਰੀ ਖਾਣੇ ਦੀ ਘੂਕੀ ਨੇ ਏਨਾ ਦਬੱਲਿਆ ਕਿ ਕੁਝ ਘੰਟੇ ਸਾਨੂੰ ਹੋਸ਼ ਈ ਨਾ ਰਹੀ ਕਿ ਕਿੱਥੇ ਪਏ ਆਂ।

ਫਿਰੋਜ਼ਾ ਨੇ ਸਭਨਾਂ ਦੇ ਦਰਵਾਜ਼ੇ ਖੜਕਾ ਕੇ ਜਗਾਇਆ ਤੇ ਕਿਹਾ ਕਿ ਅਸੀਂ ਪੀਰਾਂਵਾਲੀ ਵੀ ਜਾਣਾ ਹੈ ਇਸ ਲਈ ਛੇਤੀ ਫਰੈਸ਼ ਹੋ ਜਾਈਏ। ਸਾਡੇ ਨਾਲ ਜਾਣ ਲਈ ਸੇਵਾਦਾਰ ਪਹਿਲਾਂ ਹੀ ਆਇਆ ਖਲੋਤਾ ਸੀ। ਪਹਾੜੀ ਦੀ ਚੜ੍ਹਾਈ ਤੇ ਫਿਰ ਉਤਰਾਈ, ਪੈਂਡਾ ਭਾਵੇਂ ਕੁਲ ਮਿਲਾ ਕੇ ਡੇਢ-ਦੋ ਕਿਲੋਮੀਟਰ ਤੋਂ ਵੱਧ ਨਹੀਂ ਸੀ ਪਰ ਅਸਾਂ ਗੱਡੀ 'ਤੇ ਜਾਣ ਦਾ ਹੀ ਫੈਸਲਾ ਕੀਤਾ। ਜੈਦੇਵ ਨੇ ਸਟੇਅਰਿਗ ਸੰਭਾਲਿਆ ਤੇ ਗੱਡੀ ਇਕ ਟੁੱਟੀ ਜਿਹੀ ਲਿੰਕ ਰੋਡ 'ਤੇ ਹਿਚਕੋਲੇ ਖਾਂਦੀ ਤੁਰਨ ਲੱਗੀ। ਸੜਕ ਏਨੀ ਤੰਗ ਸੀ ਕਿ ਜੇ ਸਾਹਮਣਿਓਂ ਕੋਈ ਹੋਰ ਗੱਡੀ ਆ ਟੱਕਰੇ ਤਾਂ ਕਰਾਸ ਕਰਨਾ ਵੀ ਕਠਿਨ ਹੋ ਜਾਂਦਾ। ਪਰ ਜਲਦੀ ਹੀ ਪਹਾੜੀ ਦੀ ਚੜ੍ਹਾਈ ਮੁਕਾ ਕੇ ਅਸੀਂ ਪਾਰ ਜਾ ਲੱਥੇ। ਗੱਡੀ ਪਾਰਕ ਕਰ ਕੇ ਇਕ ਇਕਹਿਰੇ ਜਿਹੇ ਰਸਤੇ ਪਿੰਡ ਵੱਲ ਵਧਣ ਲੱਗੇ। ਪੱਛਮ ਵੱਲ ਲਹਿ ਰਹੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਚੀੜ੍ਹ ਦੇ ਰੁੱਖਾਂ ਵਿਚੋਂ ਛਣ ਕੇ ਆ ਰਹੀਆਂ ਸਨ। ਮੋੜਾਂ 'ਤੇ ਬੈਠੇ ਲੰਗੂਰਾਂ ਦੇ ਟੋਲੇ ਸਾਨੂੰ ਘੂਰ ਰਹੇ ਸਨ। ਮਨਮੀਨ ਤੇ ਫਿਰੋਜ਼ਾ ਡਰ ਕੇ ਇਕ ਦੂਜੀ ਨਾਲ ਲੱਗਣ ਲੱਗੀਆਂ। ਸੇਵਾਦਾਰ ਨੇ ਕਿਹਾ ਕਿ ਲੰਗੂਰ ਬੜਾ ਸ਼ਰੀਫ਼ ਜਾਨਵਰ ਹੁੰਦਾ, ਬਾਂਦਰ ਸ਼ਰਾਰਤੀ ਹੁੰਦਾ। ਤੁਸੀਂ ਆਪਣੇ ਧਿਆਨ ਤੁਰੇ ਚੱਲੋ, ਇਹ ਕੁਝ ਨਹੀਂ ਕਹਿਣਗੇ।

ਸਾਹਮਣੇ ਦਿਸਦੇ ਪਿੰਡ ਵੱਲ ਵੇਖਦਿਆਂ ਫਿਰੋਜ਼ਾ ਕਹਿਣ ਲੱਗੀ, 'ਜਦੋਂ ਇਸ ਪਿੰਡ ਨਾਲੋਂ ਸਾਡਾ ਨਾਤਾ ਟੁੱਟਿਆ ਉਦੋਂ ਮੇਰੀ ਮਾਂ ਵੀ ਨਹੀਂ ਸੀ ਜੰਮੀ। ਨਾਨੀ ਜੀ ਦਾ ਵਿਆਹ ਵੰਡ ਤੋਂ ਮਹੀਨਾ ਪਹਿਲਾਂ ਹੀ ਹੋਇਆ ਸੀ ਤੇ ਉਹ ਸਿਆਲਕੋਟ ਆ ਗਏ ਸਨ। ਨਾਨੀ ਜੀ ਮੈਨੂੰ ਬਚਪਨ ਵਿਚ ਇਸ ਬਾਰੇ ਏਨਾ ਦੱਸਦੇ ਰਹੇ ਕਿ ਕਈ ਵਾਰੀ ਇਸ ਪਿੰਡ ਦੇ ਨਕਸ਼ ਮੇਰੇ ਸੁਪਨਿਆਂ ਵਿਚ ਵੀ ਆਏ, ਪਰ ਉਹ ਹੋਰ ਢੰਗ ਦੇ ਪਹਾੜ ਤੇ ਹੋਰ ਤਰ੍ਹਾਂ ਦਾ ਪਿੰਡ ਹੁੰਦਾ, ਇਹ ਵੱਖਰਾ ਹੈ। ਨਾਨੀ ਦੱਸਦੀ, ਉਹਨੇ ਆਪਣੇ ਅੱਬੂ ਤੇ ਅੰਮਾਂ ਨੂੰ ਮੁੜ ਕਦੀ ਨਹੀਂ ਵੇਖਿਆ।'

ਸਾਹਮਣੇ ਪਿੰਡ ਸੀ। ਖਿੱਲਰੇ ਪੁੱਲਰੇ ਪੰਜਾਹ ਸੱਠ ਘਰ। ਅਸੀਂ ਤੇਜ਼ ਵਹਾਅ ਵਾਲੇ ਨਾਲੇ ਦਾ ਪੁਲ ਪਾਰ ਕਰ ਰਹੇ ਸਾਂ। ਸੇਵਾਦਾਰ ਦੱਸ ਰਿਹਾ ਸੀ, 'ਮੁੱਦਤਾਂ ਪਹਿਲਾਂ ਜਦੋਂ ਪੁਲ ਨਹੀਂ ਸੀ ਹੁੰਦਾ, ਲੋਕ ਪੱਥਰਾਂ 'ਤੇ ਪੈਰ ਰੱਖ ਰੱਖ ਇਸਨੂੰ ਪਾਰ ਕਰਦੇ, ਕਈ ਲੋਕ ਡਿੱਗ ਜਾਂਦੇ ਤੇ ਮੁੜ ਉਹਨਾਂ ਦੀ ਲਾਸ਼ ਵੀ ਨਾ ਲੱਭਦੀ। ਸੱਜੇ ਪਾਸੇ ਵੇਖੋ, ਇਹ ਤੰਗ ਜਿਹੀ ਖੱਡ ਵਿਚ ਡਿੱਗ ਰਿਹੈ, ਇਸਦਾ ਨਾਂ ਉਦੋਂ ਈ ਕਿਤੇ ਖ਼ੂਨੀ ਨਾਲ਼ਾ ਪਿਆ।'

'ਇਹ ਅੱਗੇ ਕਿੱਥਰ ਨੂੰ ਜਾਂਦਾ।' ਹਬੀਬ ਨੇ ਪੁੱਛਿਆ।

'ਜਿਹੜੀ ਝੀਲ ਜਿਹੀ ਤੁਹਾਡੇ ਪ੍ਰੈੱਸ ਹੋਮ ਦੇ ਪਿਛਵਾੜੇ ਵੇਖਿਆਂ ਦਿਸਦੀ ਏ, ਪਹਿਲਾਂ ਉਹਦੇ ਵਿਚ ਜਾ ਰਲਦਾ, ਅੱਗੇ ਕਿਤੇ ਜਾ ਕੇ ਸਤਲੁਜ ਨਾਲ। ਇਹਦਾ ਕੁਝ ਪਾਣੀ ਪਾਕਿਸਤਾਨ ਵੀ ਜਾਂਦਾ ਹੋਊ। ਪਾਣੀ ਦਾ ਕੀ ਆ, ਜਿੱਧਰ ਨਿਵਾਣ ਵੇਖੀ, ਵਹਿ ਨਿਕਲਿਆ।' ਸੇਵਾਦਾਰ ਬੋਲਿਆ।

ਕੁਝ ਬੱਚੇ ਤੇ ਔਰਤਾਂ ਢਲਾਨੀ ਛੱਤਾਂ ਵਾਲੇ ਘਰਾਂ 'ਚੋਂ ਨਿਕਲ ਸਾਡੇ ਵੱਲ ਝਾਕਣ ਲੱਗੇ। ਇਕ ਪਸ਼ੂਆਂ ਦੇ ਵਾੜੇ 'ਚੋਂ ਨਿਕਲਦੇ ਬਜ਼ੁਰਗ ਨੂੰ ਇਸ਼ਾਰੇ ਨਾਲ ਮੈਂ ਰੋਕਿਆ। ਉਹ ਪੰਜ ਸੱਤ ਕਦਮ ਸਾਡੇ ਵੱਲ ਤੁਰਿਆ ਤੇ ਮੇਰੇ ਵੱਲ ਵੇਖ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੋਲਿਆ। ਮੈਂ ਵੀ ਸਿਰ ਹਿਲਾ ਕੇ ਜੁਆਬ ਦਿੱਤਾ ਤੇ ਫਿਰੋਜ਼ਾ ਤੇ ਹਬੀਬ ਵੱਲ ਇਸ਼ਾਰਾ ਕਰਦਿਆਂ ਕਿਹਾ, 'ਇਹ ਦੋ ਮਹਿਮਾਨ ਪਾਕਿਸਤਾਨ ਤੋਂ ਆਏ ਨੇ। ਇਸ ਬੀਬੀ ਦੀ ਮਾਤਾ ਦੇ ਨਾਨਕੇ ਇਥੇ ਸਨ। ਇਹ ਉਚੇਚੇ ਤੌਰ 'ਤੇ ਆਪਣਾ ਪੁਰਾਣਾ ਘਰ ਵੇਖਣ ਤੇ ਘਰਾਣੇ ਬਾਰੇ ਜਾਨਣ ਆਈ ਐ, ਜੇ ਕੁਝ ਪਤਾ ਹੋਵੇ ਤਾਂ ਦੱਸੋ।'

ਉਹ ਬਜ਼ੁਰਗ ਆਪਣੀ ਗੰਜੀ ਟਿੰਡ ਖੁਰਕਣ ਲੱਗਾ। ਫਿਰ ਬੋਲਿਆ, 'ਘਰ ਤਾਂ ਨਹੀਂ ਲੱਭੇਗਾ, ਕਿਉਂਕਿ ਜਿੱਥੇ ਮੁਸਲਮਾਨਾਂ ਦਾ ਮੁਹੱਲਾ ਸੀ, ਉਹ ਸਤਿਆਪਾਲ ਦੇ ਬਾਪ ਹੁਕਮੇ ਚੌਧਰੀ ਨੇ ਮਲੀਆਮੇਟ

ਕਰਾ ਦਿੱਤਾ ਸੀ। ਹਾਂ, ਮਾਈ ਇੱਛਰਾਂ ਉਦੋਂ ਦੀ ਬਚੀ ਇਕ ਨਿਸ਼ਾਨੀ ਹੈ, ਉਹ ਹੈ ਵੀ ਮੁਸਲਮਾਨਣੀ, ਘਰ ਟੱਬਰ ਬਾਰੇ ਦੱਸ ਦਏਗੀ।'

ਫਿਰੋਜ਼ਾ ਦੀਆਂ ਅੱਖਾਂ ਵਿਚ ਅਨੋਖੀ ਚਮਕ ਆਈ। ਕਾਹਲੀ ਨਾਲ ਬੋਲੀ, 'ਸਾਨੂੰ ਉਹਨਾਂ ਨਾਲ ਮਿਲਾਓ।'

ਸੇਵਾਦਾਰ ਕਹਿਣ ਲੱਗਾ, 'ਉਹ ਤਾਂ ਕਮਲੀ ਐ, ਕੁਝ ਨਹੀਂ ਦੱਸ ਸਕੇਗੀ। ਲੋਕ ਵੀ ਉਹਨੂੰ ਸ਼ੁਦੈਣ ਕਹਿੰਦੇ ਆ।'

ਉਸ ਗੰਜੇ ਆਦਮੀ ਨੇ ਅਸ਼ੁਖਾਵੀਂ ਜਿਹੀ ਨਜ਼ਰੇ ਉਸ ਵੱਲ ਵੇਖਿਆ ਤੇ 'ਚਲੋ' ਕਹਿਕੇ ਅੱਗੇ ਅੱਗੇ ਤੁਰ ਪਿਆ। ਉੱਚੀ ਨੀਵੀਂ ਬੀਹੀ 'ਚੋਂ ਲੰਘਦੇ ਇਕ ਖਸਤਾ ਹਾਲ ਝੁੱਗੀ ਅੱਗੇ ਜਾ ਰੁਕੇ। ਛੱਪਰ ਥੱਲੇ ਖੁੱਸੀ ਜਿਹੀ ਮੰਜੀ 'ਤੇ ਗੁੱਛਾ ਮੁੱਛਾ ਹੋਈ ਪਈ ਇਕ ਬੁੱਢੜੀ ਨੂੰ ਉਹਨੇ ਪੁਕਾਰਿਆ, 'ਮਾਈ ਇੱਛਰਾਂ...!'

'ਵੇ ਕੌਣ ਆ ? ਨਰੈਣਾ ਆਂ ? ਆ ਜਾ ਲੰਘ ਆ।' ਉਥੇ ਪਈ ਪਈ ਬਿਨਾਂ ਹਿੱਲਿਆਂ ਜੁੱਲਿਆਂ ਮਾਈ ਬੋਲੀ।

ਉਸ ਬੰਦੇ ਦਾ ਇਸ਼ਾਰਾ ਪਾ ਕੇ ਅਸੀਂ ਛੋਟੇ ਜਿਹੇ ਵਿਹੜੇ ਦੀ ਇਕ ਪੌੜੀ ਚੜ੍ਹ ਕੇ ਅੰਦਰ ਦਾਖਲ ਹੋ ਗਏ। ਉਹਨੇ ਇਧਰ ਉਧਰ ਵੇਖਿਆ ਤੇ ਕਿਧਰੋਂ ਇਕ ਮੰਜੀ ਲੈ ਆਇਆ। ਬਹਿਣ ਲਈ ਕਹਿ ਕੇ ਉਹ ਬੋਲਿਆ, 'ਇਹਦਾ ਅੱਗੇ ਪਿੱਛੇ ਕੋਈ ਨਹੀਂ। ਇਹ ਪਿੰਡ ਦੀ ਸਾਂਝੀ ਮਾਂ ਏ। ਪਿੰਡ ਦੇ ਲੋਕ ਆਪਣੇ ਘਰਾਂ 'ਚ ਰੋਟੀ ਭਾਵੇਂ ਲੇਟ ਕਰ ਲੈਣ, ਪਰ ਇਹਨੂੰ ਮਜਾਲ ਐ ਘੜੀ ਵੀ ਲੇਟ ਕਰਨ।...ਏਧਰ ਵੇਖੋ, ਇਹ ਬੱਕਰੀ ਐ ਮਾਈ ਦੀ, ਮੁੰਡੇ ਖੁੰਡੇ ਆਪਣੇ ਕੰਮ ਭਾਵੇਂ ਭੁੱਲ ਜਾਣ, ਪਰ ਇਹਦਾ ਘਾਹ ਪੱਤਾ ਨਹੀਂ ਭੁੱਲਦੇ।'

'ਕਿੱਧਰ ਆਇਆ ਸੀ ਪੁੱਤ ਨਰੈਣਿਆ!' ਮਾਈ ਫੇਰ ਬੋਲੀ ਤੇ ਹੌਲੀ ਜਿਹੇ ਪਾਸਾ ਲੈ ਕੇ ਚੁੰਨ੍ਹੀਆਂ ਜਿਹੀਆਂ ਅੱਖਾਂ ਨਾਲ ਵੇਖਣ ਲੱਗੀ। ਮੈਂ ਉਹਦੇ ਝੁਰੜੀਆਂ ਭਰੇ ਚਿਹਰੇ ਵਿਚੋਂ ਉਹਦੇ ਬੀਤੇ ਵੇਲੇ ਦੇ ਨਕਸ਼ ਤਲਾਸ਼ਣ ਲੱਗਾ। ਮਾਈ ਸੁਹੱਪਣ ਦੀ ਮੂਰਤ ਰਹੀ ਸੀ। ਸੇਵਾਦਾਰ ਬੇਆਰਾਮੀ ਜਿਹੀ ਮਹਿਸੂਸ ਕਰ ਰਿਹਾ ਸੀ। ਬੋਲਿਆ, 'ਇਹ ਤਾਂ ਝੱਲੀ ਜ਼ਨਾਨੀ ਏ ਸਾਹਿਬ। ਇਹਦੇ ਕੋਲੋਂ ਤੁਹਾਨੂੰ ਕੀ ਲੱਭੇਗਾ ?'

ਮਾਈ ਦੀਆਂ ਚੁੰਨ੍ਹੀਆਂ ਮੱਧਮ ਅੱਖਾਂ ਸੇਵਾਦਾਰ ਦੀ ਆਵਾਜ਼ ਵਾਲੇ ਪਾਸੇ ਮੁੜੀਆਂ ਤੇ ਕਹਿਣ ਲੱਗੀ, 'ਨਰੈਣਿਆ, ਇਹ ਕਰਮੂ ਦਾ ਗੇਜਾ ਨਹੀਂ ਜਿਹੜਾ ਬੋਲਿਆ ? ਏਸ ਕੰਜਰ ਨੂੰ ਪੁੱਛ ਤਾਂ ਸ਼ੁਦੈਣ ਮੈਨੂੰ ਕਿਹਨੇ ਬਣਾਇਆ ? ਓਸੇ ਨੇ ਜਿਹਨੂੰ ਇਹਦਾ ਪਿਉ ਆਪਣੀਆਂ ਭੈਣਾਂ ਭੇਜਦਾ ਰਿਹਾ, ਦੱਲਾ ਸੀ ਉਹ ਵੱਡਾ। ਹੁਕਮਾਂ ਚੌਧਰੀ ਕਸਾਈ ਸੀ ਬੜਾ ਵੱਡਾ। ਓਸੇ ਦਾ ਤੁਖ਼ਮ ਹੁਣ ਸਵਾਮੀ ਬਣਿਆ ਬੈਠਾ, ਲੋਕਾਂ ਦਾ ਕਾਤਲ, ਲੋਕਾਂ ਦੀਆਂ ਜ਼ਮੀਨਾਂ ਨੱਪਣ ਵਾਲਾ...।'

'ਮੈਂ ਕਿਹਾ ਸੀ ਨਾ ਇਹ ਝੱਲੀ ਤੀਵੀਂ ਐ ਤੇ ਬੇਵਜਾਹ ਅਵਾ ਤਵਾ ਬੋਲਦੀ ਐ।' ਸੇਵਾਦਾਰ ਦੰਦ ਪੀਂਹਦਾ, ਪਰ ਲਾਚਾਰ ਜਿਹਾ ਹੋ ਕੇ ਬੋਲਿਆ।

ਨਰੈਣੇ ਨੇ ਉਹਦੀ ਸੁਣੀ ਅਣਸੁਣੀ ਕਰ ਦਿੱਤੀ। ਮਾਈ ਨੂੰ ਮੁਖਾਤਿਬ ਹੋਇਆ, 'ਮਾਈ ਤੂੰ ਗੇਜੇ ਦੀ ਗੱਲ ਛੱਡ, ਏਧਰ ਵੇਖ, ਇਹ ਕੌਣ ਆਏ ਨੇ ਤੇਰੇ ਘਰ...। ਪਾਕਿਸਤਾਨ ਤੋਂ ਇਕ ਬੀਬੀ ਆਈ ਆ, ਜਿਹਦੀ ਮਾਂ ਦੇ ਨਾਨਕੇ ਸੀ ਏਥੇ। ਤੂੰ ਇਹਦੇ ਨਾਲ ਗੱਲ ਕਰ।'

ਮਾਈ ਦਾ ਹਿਰਖ਼ ਮੱਠਾ ਹੋਇਆ ਤੇ ਉਹਦੀਆਂ ਬੁਝੀਆਂ ਅੱਖਾਂ 'ਚ ਚਮਕ ਆਈ। ਫਿਰ ਜਿਵੇਂ ਸੰਘ ਵਿਚ ਕੁਝ ਕੌੜਾ ਆ ਗਿਆ ਹੋਵੇ। ਇੰਝ ਲੱਗਾ ਜਿਵੇਂ ਵਿਰਲੀਆਂ ਝਿੰਮਣੀਆਂ ਵਿਚ ਪਾਣੀ ਭਰ ਗਿਆ ਹੋਵੇ। ਉਹਦੇ ਰੁੰਨੇ ਗਲ਼ੇ 'ਚੋਂ ਆਵਾਜ਼ ਨਿਕਲੀ, 'ਕੌਣ ਐ ਪੁੱਤ ?'

ਫਿਰੋਜ਼ਾ ਉਹਦੇ ਨੇੜੇ ਹੋਈ, 'ਮੈਂ ਫਿਰੋਜ਼ਾ ਆਂ ਅੰਮਾਂ। ਮੇਰੀ ਨਾਨੀ ਦੇ ਪਿਉ ਦਾ ਨਾਂ ਜਲਾਲ ਸੀ।'

ਚੁੰਨ੍ਹੀਆਂ ਤੇ ਬੁਝੀਆਂ ਅੱਖਾਂ ਪਿੱਛੇ ਜਿਵੇਂ ਤੇਜ਼ੀ ਨਾਲ ਹਰਕਤ ਹੋਈ। ਬੋਲੀ, 'ਜਲਾਲ ਘਰਾਟਾਂ ਵਾਲਾ।'

ਫਿਰੋਜ਼ਾ ਦੀਆਂ ਅੱਖਾਂ ਚਮਕੀਆਂ, 'ਹਾਂ ਹਾਂ, ਇਹੀ ਦੱਸਦੇ ਹੁੰਦੇ ਸੀ ਨਾਨੀ ਅੰਮਾ।'

'ਉਹਦੀ ਤਾਂ ਇਕੋ ਧੀ ਵਿਆਹੀ ਸੀ ਨਸੀਮਾਂ। ਮਹੀਨੇ ਪਿੱਛੋਂ ਈ ਰੌਲੇ ਪੈ ਗਏ। ਫਿਰ ਕਿਹੜਾ ਕਦੀ ਨਸੀਮਾਂ ਮਿਲੀ ਪਰ ਚੰਗਾ ਹੋਇਆ, ਵੇਲੇ ਸਿਰ ਨਿਕਲ ਗਈ। ਫਿਰ ਕਿਹੜਾ ਕਿਸੇ ਨੂੰ ਛੱਡਿਆ ਚੌਧਰੀ ਹੁਕਮੇ ਨੇ।' ਫਿਰ ਮਾਈ ਨੂੰ ਜਿਵੇਂ ਦੌਰਾ ਪੈ ਗਿਆ। ਉਹ ਝੁਰੜੀਆਂ ਭਰੇ ਸੁੱਕੇ ਹੱਥ ਹਵਾ ਵਿਚ ਲਹਿਰਾ ਕੇ ਕਦੀ ਮੋਢਿਆਂ, ਕਦੀ ਸਿਰ ਨੂੰ ਮਾਰਨ ਲੱਗੀ ਤੇ ਰੋਣ ਭਹਿ ਪਈ, 'ਖਾ ਲਿਆ ਇਹਨੇ ਮੇਰਾ ਅੱਬਾ, ਮੇਰੇ ਜਮੀਲ ਤੇ ਨੌਸ਼ਾਦ ਭਰਾ, ਮੇਰੀ ਹਮੀਦਾਂ ਭਾਬੀ। ਕੰਜਰ ਨੇ ਮੈਨੂੰ ਨਾ ਜਿਊਂਦਿਆਂ 'ਚ ਛੱਡਿਆ ਨਾ ਮੋਇਆਂ 'ਚ। ਮੇਰਾ ਧਰਮ ਭ੍ਰਿਸ਼ਟ ਕਰ 'ਤਾ। ਮੈਨੂੰ ਜੜ੍ਹਾਂ ਤੋਂ ਪੁੱਟ ਸੁੱਟਿਆ, ਤੇਰਾ ਕੱਖ ਨਾ ਰਹੇ ਵੇ ਚੌਧਰੀ ਹੁਕਮਿਆਂ...।'

ਜਿਵੇਂ ਉਹਦਾ ਸੰਘ ਮਿਲ ਗਿਆ। ਅਸੀਂ ਵੀ ਸ਼ਸ਼ੋਪੰਜ 'ਚ ਪੈ ਗਏ ਕਿ ਅੱਗੇ ਕੀ ਗੱਲ ਕਰੀਏ ? ਵਿਹੜੇ ਵਿਚ ਕੁਝ ਨਿਆਣੇ ਤੇ ਪੰਜ ਛੇ ਜ਼ਨਾਨੀਆਂ ਵੀ ਆ ਖਲੋਤੀਆਂ ਸਨ। ਮਾਈ ਦੇ ਹੰਝੂ ਉਹਦੀਆਂ ਪਿਚਕੀਆਂ ਗੱਲ੍ਹਾਂ ਦੇ ਟੋਇਆਂ 'ਚ ਆ ਕੇ ਰੁਕ ਗਏ। ਸੇਵਾਦਾਰ ਦੀਆਂ ਅੱਖਾਂ 'ਚ ਕਰੋਧ ਝਲਕ ਰਿਹਾ ਸੀ। ਨਰੈਣਾ ਕਦੀ ਸਾਡੇ ਵੱਲ ਤਕਦਾ, ਕਦੀ ਮਾਈ ਵੱਲ ਤੇ ਕਦੀ ਉਹਦੇ ਵੱਲ।

ਮਾਈ ਨੇ ਫੇਰ ਸ਼ਕਤੀ ਇਕੱਠੀ ਕੀਤੀ ਤੇ ਬੋਲੀ, 'ਤੂੰ ਮੇਰੀ ਭੈਣਾਂ ਵਰਗੀ ਸਹੇਲੀ ਦੇ ਘਰ ਦਾ ਚਿਰਾਗ਼ ਏਂ, ਜੀ ਆਇਆਂ ਨੂੰ ਧੀਏ, ਤੈਨੂੰ ਚੇਤਾ ਆਇਆ ਮੇਰਾ, ਆ ਮੇਰੇ ਕਲੇਜੇ ਨਾਲ ਲੱਗ, ਮੈਨੂੰ ਠੰਢ ਪਾ...।' ਫਿਰੋਜ਼ਾ ਨੇ ਮਾਈ ਦੇ ਗਲ਼ੇ ਬੱਲਿਓਂ ਬਾਂਹ ਵਲ਼ਾ ਕੇ ਆਪਣਾ ਸਿਰ ਉਹਦੀ ਛਾਤੀ ਨਾਲ ਲਾ ਲਿਆ। ਕੁਝ ਚਿਰ ਮਾਈ ਆਪਣੇ ਕਮਜ਼ੋਰ ਹੱਥ ਨਾਲ ਫਿਰੋਜ਼ਾ ਦਾ ਸਿਰ ਪਲੋਸਦੀ ਰਹੀ। ਫਿਰ ਬੋਲੀ, 'ਨਸੀਮਾਂ ਦੀ ਸੁਣਾ ਧੀਏ ?'

'ਉਹ ਤਾਂ ਪੰਜ ਸਾਲ ਹੋਏ ਫੌਤ ਹੋ ਗਏ, ਪਰ ਆਖਰੀ ਦਮ ਤਕ ਏਥੇ ਆਉਣ ਲਈ ਤਰਸੇ, ਪਰ ਕਦੀ ਸਬੱਬ ਈ ਨਾ ਬਣ ਸਕਿਆ।' ਫਿਰੋਜ਼ਾ ਦੇ ਬੋਲ ਪਿਘਲੇ ਹੋਏ ਸਨ। ਉਹ ਆਹਿਸਤਾ ਨਾਲ ਮਾਈ ਦੀ ਗਲਵਕੜੀ 'ਚੋਂ ਨਿਕਲੀ।

'ਤੂੰ ਕਿੱਥੇ ਰਹਿੰਨੀ ਏਂ, ਕੀ ਕਰਨੀ ਏਂ ਧੀਏ।' ਮਾਈ ਨੇ ਪੁੱਛਿਆ।

'ਅੰਮਾਂ ਮੇਰੀ ਦੇ ਸਹੁਰੇ ਗੁਜਰਾਂਵਾਲੇ ਬਣੇ। ਮੇਰਾ ਵਿਆਹ ਲਾਹੌਰ ਹੋਇਆ, ਪਰ ਹੁਣ ਮੈਂ ਇਸਲਾਮਾਬਾਦ ਆਂ, ਸ਼ੌਹਰ ਨਾਲ ਤਲਾਕ ਹੋ ਗਿਆ। ਇਸਲਾਮਾਬਾਦ ਮੈਂ ਅਖਬਾਰ ਵਿਚ ਕੰਮ ਕਰਨੀ ਆਂ। ਇਹ ਹਬੀਬ ਸਾਹਿਬ ਉਸੇ ਅਖ਼ਬਾਰ 'ਚ ਮੇਰੇ ਨਾਲੋਂ ਉੱਚੇ ਅਹੁਦੇ 'ਤੇ ਨੇ।' ਫਿਰੋਜ਼ਾ ਨੇ ਦੱਸਿਆ।

ਮਾਈ ਚੁੱਪ ਹੋ ਗਈ, ਜਿਵੇਂ ਦਿਮਾਗ਼ ਵਿਚੋਂ ਫਰੋਲ ਕੇ ਕੁਝ ਕੱਢਣਾ ਚਾਹ ਰਹੀ ਹੋਵੇ। ਫਿਰ ਬੋਲੀ, 'ਵਾਹਵਾ ਚਿਰ ਹੋਇਆ, ਕੋਈ ਅਖ਼ਬਾਰਾਂ ਵਾਲੇ ਆਏ ਸੀ, ਬੜਾ ਕੁਝ ਪੁੱਛਦੇ ਸੀ। ਮੈਂ ਉਹਨਾਂ ਨੂੰ ਸਾਰਾ ਕੁਝ ਸੱਚ ਸੱਚ ਦੱਸਿਆ ਸੀ ਜੋ ਜੋ ਏਥੇ ਵੱਢ ਟੁੱਕ ਹੋਈ। ਜੋ ਮੇਰੇ ਨਾਲ ਬੀਤੀ। ਇਹ ਜਿਹੜਾ ਵੱਡਾ ਧਰਮਾਤਮਾ ਬਣਿਆ ਫਿਰਦਾ, ਇਹਦਾ ਪਿਓ ਈ ਸੀ ਸਾਰਾ ਕੁਝ ਕਰਨ ਕਰਾਉਣ ਵਾਲਾ। ਮੁਸਲਮਾਨ ਇਹਦੇ 'ਤੇ ਯਕੀਨ ਕਰਦੇ ਸੀ ਤੇ ਵਿਚਾਰੇ ਮਾਰੇ ਗਏ। ਓਸੇ ਨੇ ਆਪੀਂ ਕਾਫ਼ਲਾ ਬਣਾਇਆ ਤੇ ਆਪ ਈ ਸਾਰਿਆਂ ਨੂੰ ਵੱਢ ਵੱਢ ਖ਼ੂਨੀ ਨਾਲ਼ੇ ਵਿਚ ਸੁੱਟ ਦਿੱਤਾ। ਤੀਹ ਪੈਂਤੀ ਸੀ ਮਰਦ ਤੀਵੀਆਂ ਤੇ ਨਿਆਣੇ ਜਿਹੜੇ ਉਹਨੇ ਉਸ ਰਾਤ ਵੱਢ ਸੁੱਟੇ ਤੇ ਮੈਨੂੰ ਆਪਣੇ ਲਈ ਸਾਂਭ ਲਿਆ। ਮੇਰਾ ਨਾਂ ਜਨਤੇ ਤੋਂ ਇੱਛਰਾਂ ਵੀ ਉਸੇ ਨੇ ਰੱਖਿਆ। ਫਿਰ ਕੁਝ ਸਾਲਾਂ ਬਾਅਦ ਆਪਣੇ ਕਾਮੇ ਮਣਸੂ ਦੇ ਹਵਾਲੇ ਕਰ ਦਿੱਤਾ। ਮਣਸੂ ਰੱਬ ਦੇ ਨਾਂ ਵਾਲਾ ਬੰਦਾ ਸੀ, ਅੱਲ੍ਹਾ ਉਹਨੂੰ ਜੰਨਤ ਨਸੀਬ ਕਰੇ। ਲੈ ਗਿਆ ਰੱਬ ਉਹਨੂੰ। ਮੈਂ ਕਈ ਸਾਲ ਰੋਂਦੀ ਰਹੀ, ਕਦੀ ਜਣਦਿਆਂ ਨੂੰ ਕਦੀ ਮਣਸੂ ਨੂੰ। ਇਹਨਾਂ ਡੇਰੇ ਵਾਲਿਆਂ ਗ਼ਰੀਬਾਂ ਦੀ ਜ਼ਮੀਨ ਵੀ ਖੋਹ ਲਈ, ਮੁਸਲਮਾਨਾਂ ਦੇ ਮੁਹੱਲੇ ਨੂੰ ਪੱਧਰਾ ਕਰਕੇ ਬਾਗ਼ ਲਾ ਲਿਆ। ਆਪਣੇ ਪਾਪਾਂ 'ਤੇ ਪਰਦਾ ਪਾਉਣ ਲਈ ਢੰਡੋਰਾ ਪਿਟਵਾ ਦਿੱਤਾ ਕਿ ਉਹਨੂੰ ਬਾਬੇ ਦੇ ਦਰਸ਼ਨ ਹੁੰਦੇ ਨੇ। ਚੌਂਕੀ ਲਾ ਕੇ ਬਹਿ

ਜਾਂਦਾ। ਲੋਕ ਪੁੱਛਣਾਂ ਲਈ ਆਉਣ ਲੱਗੇ। ਮਰਨ ਲੱਗਾ ਇਹਨੂੰ ਬਣਾ ਗਿਆ ਸਵਾਮੀ। ਇਹ ਉਹਦਾ ਵੀ ਪਿਉ ਐ। ਬਾਹਰਲੇ ਮੁਲਕਾਂ ਤੋਂ ਬਥੇਰਾ ਪੈਸਾ ਲਿਆਉਂਦਾ। ਏਥੇ ਬੜਾ ਕੁਝ ਹੁੰਦਾ। ਪਰ ਕੌਣ ਵੀ ਪਿਉ ਐ। ਬਾਹਰਲੇ ਮੁਲਕਾਂ ਤੋਂ ਬਥੇਰਾ ਪੈਸਾ ਲਿਆਉਂਦਾ। ਏਥੇ ਬੜਾ ਕੁਝ ਹੁੰਦਾ। ਪਰ ਕੌਣ ਵੇਖਦਾ, ਕੌਣ ਕਹਿੰਦਾ ? ਉਹ ਅਖਬਾਰ ਵਾਲੇ ਕੌਣ ਸੀ ਨਰੈਣਿਆਂ ?'

'ਦਿੱਲੀਉਂ ਈ ਕਿਧਰੋਂ ਆਏ ਸੀ, ਲਿਖਿਆ ਤਾਂ ਉਹਨਾਂ ਉਹੀ ਸੀ ਜੋ ਉਹਨੇ ਆਖਿਆ, ਜਿਹਦੀ ਉਹਨਾਂ ਸ਼ਰਾਬ ਪੀਤੀ, ਮੀਟ ਖਾਧਾ, ਤੇਰੀ ਦੱਸੀ ਗੱਲ ਤਾਂ ਇਕ ਵੀ ਨਹੀਂ ਸੀ ਲਿਖੀ, ਫੋਟੋ ਵੀ ਉਹਦਾ ਈ ਛਾਪਿਆ। ਤੇਰੇ ਮੂੰਹ 'ਤੇ ਫੋਕੇ ਈ ਲਿਸ਼ਕਾਰੇ ਮਾਰਦੇ ਰਹੇ।'

ਕੈਮਰਾ ਸੂਤ ਕਰ ਰਹੀ ਮਨਮੀਨ ਦਾ ਕੈਮਰਾ ਹੱਥੋਂ ਨਿਕਲਦਾ ਨਿਕਲਦਾ ਬਚਿਆ, ਉਹ ਫਿਰੋਜ਼ਾ ਦੀ ਮਾਈ ਨਾਲ ਤਸਵੀਰ ਲੈਣ 'ਚ ਕਾਮਯਾਬ ਹੋ ਗਈ।

'ਚੱਲ ਉਹ ਜਾਣੇ ਪੁੱਤ, ਕੀ ਆਂਹਦੇ ਹੁੰਦੇ ਆ, ਜੋ ਕਰੇਗਾ ਸੋ ਭਰੇਗਾ।' ਮਾਈ ਦੇ ਅੰਦਰੋਂ ਲਫ਼ਜ਼ ਜਿਵੇਂ ਮੁੱਕ ਗਏ ਤੇ ਉਹ ਨਿਢਾਲ ਜਿਹੀ ਹੋ ਗਈ ਪਰ ਉਹਦੇ ਬੁੱਲ੍ਹ ਕੰਬਦੇ ਰਹੇ। ਉਹਨੇ ਇਧਰ ਉਧਰ ਵੇਖਣ ਦੀ ਕੋਸ਼ਿਸ਼ ਕੀਤੀ। ਫਿਰ ਬੋਲੀ, 'ਨਰੈਣਿਆ ਪੁੱਤ, ਵੇਖ, ਕਿਸੇ ਸਵਾਣੀ ਨੂੰ ਆਖ ਦੁੱਧ ਈ ਤੱਤਾ ਕਰ ਲਿਆਵੇ।'

'ਨਹੀਂ ਅੰਮਾ ਜੀ, ਕਿਸੇ ਵੀ ਚੀਜ਼ ਦੀ ਲੋੜ ਨਹੀਂ, ਤੁਹਾਡੇ ਦਰਸ਼ਨ ਹੋ ਗਏ।' ਹਬੀਬ ਨੇ ਕਿਹਾ।

'ਕਿਤੇ ਡੇਰੇ ਦਾ ਤੇ ਵੱਧ ਘੱਟ ਨਹੀਂ ਜੇ ਖਾ ਲਿਆ, ਜੋ ਅੰਮਾਂ ਦੇ ਘੁੱਟ ਦੁੱਧ ਦੀ ਵੀ ਗੁੰਜਾਇਸ਼ ਨਹੀਂ।' ਮਾਈ ਨੇ ਪਤਾ ਨਹੀਂ ਸੁਭਾਵਕ ਕਿਹਾ ਜਾਂ ਕੋਈ ਗੁੱਝਾ ਵਿਅੰਗ ਕੀਤਾ। ਅਸੀਂ ਤੁਰਨ ਦੀ ਚਾਹ ਰੱਖਦੇ ਹੋਏ ਵੀ ਉੱਠ ਨਾ ਸਕੇ। ਇਕ ਬੀਬੀ ਦੁੱਧ ਗਰਮ ਕਰਕੇ ਸਟੀਲ ਦੇ ਗਿਲਾਸਾਂ 'ਚ ਲੈ ਆਈ ਤੇ ਸਾਨੂੰ ਪੀਣਾ ਪਿਆ। ਅਖੀਰ ਅਸੀਂ ਹੱਥ ਜੋੜ ਕੇ ਮਾਈ ਤੇ ਹੋਰਨਾਂ ਤੋਂ ਇਜਾਜ਼ਤ ਲਈ। ਨਰੈਣੇ ਨੇ ਕਿਹਾ, 'ਆਓ ਚੱਲੀਏ।'

ਫਿਰੋਜ਼ਾ ਨੇ ਪਰਸ ਖੋਲ੍ਹ ਕੇ ਕੁਝ ਪੈਸੇ ਮਾਈ ਦੀ ਮੁੱਠੀ ਵਿਚ ਦਿੱਤੇ ਤੇ ਅਸੀਂ ਵਿਹੜੇ ਦੀ ਇਕ ਪੌੜੀ ਉਤਰ ਗਲ਼ੀ ਵਿਚ ਆ ਗਏ। ਨਰੈਣਾ ਬੋਲਿਆ, 'ਆਓ, ਏਧਰੋਂ ਬਾਹਰੋਂ ਦੀ ਚਲਦੇ ਆਂ।' ਅਸੀਂ ਉਹਦੇ ਪਿੱਛੇ ਪਿੱਛੇ ਤੁਰੇ। ਪਿੰਡੋਂ ਬਾਹਰਵਾਰ ਉਹਨੇ ਉਂਗਲ ਦਾ ਇਸ਼ਾਰਾ ਕਰਕੇ ਬਾਂਹ ਘੁਮਾਈ, 'ਅਹੁ ਸਾਹਮਣੇ ਬਿਜਲੀ ਦੇ ਤੀਜੇ ਖੰਭੇ ਕੋਲ ਜਿਹੜਾ ਰੁੱਖਾਂ ਦਾ ਝੁੰਡ ਦਿਸਦਾ, ਉਥੇ ਹਜ਼ਰਤ ਪੀਰ ਦੀ ਸਮਾਧ ਏ। ਇਹ ਮਾਈ ਇੱਛਰਾਂ ਜਦੋਂ ਕਰਾਂ ਪੈਰਾਂ 'ਤੇ ਸੀ ਕਦੀ ਕਦੀ ਜਾ ਕੇ ਚਿਰਾਗ਼ ਬਾਲਦੀ ਸੀ, ਪਰ ਹੁਣ ਕਈ ਵਰ੍ਹਿਆਂ ਤੋਂ ਸਮਾਧ ਵੀਰਾਨ ਪਈ ਏ। ਏਧਰ ਅਹੁ ਸਾਹਮਣੀ ਪਹਾੜੀ ਦੇ ਪਾਰ ਤੀਕ ਡੇਰੇ ਨੇ ਧੱਕੇ ਨਾਲ ਚਹੁੰ ਪਿੰਡਾਂ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ, ਹੁਣ ਵੀ ਕੰਡੀਆਂ ਦੇ ਭਾਅ ਜ਼ਮੀਨ ਲੈਂਦੇ ਨੇ। ਜੇ ਕੋਈ ਆਨਾ ਕਾਨੀ ਕਰੇ ਤਾਂ ਉਸਨੂੰ ਰਾਤੋ ਰਾਤ ਖ਼ੂਨੀ ਨਾਲਾ ਖਾ ਜਾਂਦਾ।' ਫਿਰ ਕੁਝ ਸੋਚ ਕੇ ਬੋਲਿਆ, 'ਇਹ ਵੀ ਨਾ ਭੁੱਲੋ ਕਿ ਇਹ ਜਸੂਸ ਉਥੇ ਜਾ ਕੇ ਮੇਰੀ ਰਿਪੋਰਟ ਨਹੀਂ ਦਏਗਾ। ਇਹ ਏਸੇ ਪਿੰਡ ਦਾ ਏ, ਪਰ ਬੰਦਾ ਉਹਦਾ ਏ।'

ਅਸੀਂ ਖ਼ੂਨੀ ਨਾਲਾ ਪਾਰ ਕਰ ਰਹੇ ਸਾਂ। ਇੰਝ ਲੱਗਾ ਜਿਵੇਂ ਹੇਠਾਂ ਵਹਿ ਰਹੇ ਸਾਫ਼ ਸ਼ਫਾਫ ਪਾਣੀ ਦੀ ਥਾਂ ਖ਼ੂਨ ਵਹਿ ਰਿਹਾ ਹੋਵੇ। ਨਰੈਣੇ ਨੇ ਹੱਥ ਜੋੜ ਕੇ ਸਾਨੂੰ ਵਿਦਿਆ ਕੀਤਾ। ਅਸੀਂ ਵਿੰਗ ਤੜਿੰਗੇ ਰਾਹ ਚਲਦੇ ਥੋੜ੍ਹੀ ਦੂਰ ਹਟਵੀਂ ਖਲੋਤੀ ਗੱਡੀ ਵੱਲ ਵਧੇ। ਸੂਰਜ ਸਾਹਮਣੀ ਡੇਰੇ ਵਾਲੀ ਪਹਾੜੀ ਦੇ ਪਿੱਛੇ ਲੁਕ ਗਿਆ ਸੀ ਤੇ ਸ਼ਾਮ ਦਾ ਚਾਨਣ ਘਸਮੈਲਾ ਹੋਣ ਲੱਗਾ ਸੀ। ਗੱਡੀ ਫੇਰ ਹਿਚਕੋਲੇ ਖਾਂਦੀ ਤੁਰਨ ਲੱਗੀ। ਸੇਵਾਦਾਰ ਸਫ਼ਾਈ ਦੇਣ ਵਾਲੇ ਲਹਿਜੇ ਨਾਲ ਕਹਿ ਰਿਹਾ ਸੀ, 'ਇਹ ਲੋਕ ਮੂਰਖ ਨੇ, ਇਹ ਨਹੀਂ ਪਤਾ ਚੰਨ 'ਤੇ ਥੁੱਕਿਆਂ ਆਪਣੇ ਈ ਮੂੰਹ 'ਤੇ ਪੈਂਦਾ। ਇਸ ਮਾਈ ਨੂੰ ਸਭ ਸੁਖ ਸਹੂਲਤਾਂ ਸਵਾਮੀ ਜੀ ਨੇ ਦਿੱਤੀਆਂ ਪਰ ਇਹ ਫਿੱਟੀ ਹੋਈ ਲੱਤ ਮਾਰ ਕੇ ਆ ਗਈ, ਹੁਣ ਲੋਕਾਂ ਕੋਲੋਂ ਮੰਗ ਮੰਗ ਕੇ ਗੁਜ਼ਾਰਾ ਕਰਦੀ ਆ, ਲੋਕੀਂ ਇਹਨੂੰ ਪਾਗਲ ਸਮਝਦੇ ਨੇ। ਡੇਰਾ ਤਾਂ ਰੱਬ ਦਾ ਘਰ ਆ। ਇਹ ਲੋਕ ਬੇਗੁਣੇ ਨੇ। ਏਸ ਨਰੈਣੇ ਨੂੰ ਵੀ ਮੈਂ ਜਾਣਦਾਂ। ਇਹ ਜਿਹੜਾ ਸਰਪੰਚ ਬਣਿਆ ਫਿਰਦਾ ਪਿੰਡ ਦਾ,

ਸਵਾਮੀ ਜੀ ਤਾਂ ਪਰਵਾਹ ਨਹੀਂ ਕਰਦੇ, ਨਹੀਂ ਤਾਂ...।' ਅਸੀਂ ਚੁੱਪਚਾਪ ਉਹਦੀਆਂ ਗੱਲਾਂ ਅੱਧੀ ਅਧੂਰੀ ਸੁਰਤੀ ਨਾਲ ਸੁਣ ਰਹੇ ਸਾਂ। ਗੱਡੀ ਪੰਜਾਂ ਸੱਤਾਂ ਮਿੰਟਾਂ ਵਿਚ ਹੀ ਡੇਰੇ ਦੇ ਵਿਸ਼ਾਲ ਵਿਹੜੇ ਵਿਚ ਸੀ। ਟਰੈਕ ਦੇ ਦੋਹੀਂ ਪਾਸੀਂ ਰੰਗ ਬਿਰੰਗੀਆਂ ਰੌਸ਼ਨੀਆਂ ਖਿੱਲਰ ਰਹੀਆਂ ਸਨ। ਗੱਡੀ ਪਾਰਕ ਕਰਕੇ ਅਸੀਂ ਪ੍ਰੈੱਸ ਹੋਮ ਵੱਲ ਵਧੇ। ਲੌਬੀ ਵਿਚ ਖੂਬਸੂਰਤ ਸ਼ੀਸ਼ੇ ਜੜਿਆ ਮੇਜ਼ ਤੇ ਦੁਆਲੇ ਆਹਲਾ ਦਰਜੇ ਦੀਆਂ ਛੇ ਕੁਰਸੀਆਂ ਸਜੀਆਂ ਹੋਈਆਂ ਸਨ। ਇਕ ਔਰਤ ਸੇਵਾਦਾਰਨੀ ਉਥੇ ਮੌਜੂਦ ਸੀ ਜਿਵੇਂ ਸਾਡੀ ਹੀ ਉਡੀਕ ਕਰ ਰਹੀ ਸੀ। ਸਾਨੂੰ ਵੇਖ ਕੇ ਉਹ ਬੜੇ ਅਦਬ ਨਾਲ ਉੱਠੀ ਤੇ ਹੱਥ ਜੋੜ ਕੇ 'ਵਿਸ਼' ਕੀਤਾ। ਉਹਦੇ ਤਾਜ਼ਗੀ ਭਰੇ ਚਿਹਰੇ ਨੇ ਕੁਝ ਰਾਹਤ ਦਿੱਤੀ।

ਫਿਰੋਜ਼ਾ ਜਿਵੇਂ ਬਹੁਤ ਥੱਕੀ ਹੋਈ ਸੀ। ਹਬੀਬ ਨੇ ਉਹਨੂੰ ਕਿਹਾ, 'ਤੂੰ ਨਾਰਮਲ ਹੋ। ਮਨਮੀਨ ਨਾਲ ਕੁਝ ਹੱਸ ਖੇਡ। ਉਹਨਾਂ ਦਿਨਾਂ ਵਿਚ ਜੋ ਵਾਪਰਿਆ, ਉਹਦੀ ਗੱਲ ਛੱਡ, ਕਿੱਥੇ ਕੀ ਨਹੀਂ ਹੋਇਆ, ਜਿਹਦਾ ਜ਼ੋਰ ਪਿਆ, ਉਹਨੇ ਮਨ ਆਈ ਕੀਤੀ। ਮੇਰੇ ਵਾਲਦ ਸਾਹਿਬ ਦਸਦੇ ਹੁੰਦੇ ਸੀ, ਸਾਡੇ ਪਿੰਡ ਬੜਾ ਪਿਆਰ ਸੀ ਸਿੱਖਾਂ ਮੁਸਲਮਾਨਾਂ ਦਾ। ਉਥੋਂ ਦਾ ਚੌਧਰੀ ਗ਼ੁਲਾਮ ਰਸੂਲ ਰੱਬ ਦਾ ਬੰਦਾ ਸੀ। ਪਰ ਜਦੋਂ ਜ਼ਹਿਰ ਚੜ੍ਹੀ ਤਾਂ ਰੱਬ ਦਾ ਬੰਦਾ ਸ਼ੈਤਾਨ ਦਾ ਤੁਖ਼ਮ ਬਣ ਗਿਆ। ਜੋ ਉਥੇ ਹੋਇਆ, ਉਹ ਵੀ ਇਥੋਂ ਦੀ ਕਹਾਣੀ ਨਾਲ ਲਫ਼ਜ਼-ਬ-ਲਫ਼ਜ਼ ਮੇਲ ਖਾਂਦਾ। ਤੀਹ ਪੈਂਤੀ ਹਿੰਦੂਆਂ ਸਿੱਖਾਂ ਨੂੰ ਉਹਨੇ ਪਿੰਡ ਦੀ ਧਰਮਸ਼ਾਲਾ ਵਿਚ ਜਿਉਂਦੇ ਸਾੜਿਆ ਸੀ। ਤੇ ਮਜ਼ੇ ਦੀ ਗੱਲ ਵੇਖੋ, ਉਹ ਚੌਧਰੀ ਹਾਲੇ ਵੀ ਕਾਇਮ ਈ, ਨੱਬੇ ਬਾਨਵੇਂ ਸਾਲ ਦਾ ਹੋਣਾ। ਕੌਣ ਸਾਧ ਏ ਤੇ ਕੌਣ ਚੋਰ, ਇਹਦਾ ਫੈਸਲਾ ਕੌਣ ਕਰੂ ?'

ਉਹ ਸੇਵਾਦਾਰਨੀ ਚੁੱਪਚਾਪ ਆਪਣਾ ਕੰਮ ਕਰੀ ਜਾ ਰਹੀ ਸੀ। ਟੇਬਲ ਉਤੇ ਜਾਨੀਵਾਕਰ ਦੀ ਪੰਜ ਲਿਟਰ ਦੀ ਬੋਤਲ, ਵਧੀਆ ਇੰਪੋਰਟਡ ਗਿਲਾਸ, ਸੋਡਾ ਤੇ ਡਰਾਈ ਫ਼ਰੂਟ ਦੀਆਂ ਪਲੇਟਾਂ ਸਜਾਈ ਜਾ ਰਹੀ ਸੀ। ਮੇਰੇ ਵੱਲ ਵੇਖ ਮਨਮੀਨ ਦੱਬੀ ਜਿਹੀ ਆਵਾਜ਼ 'ਚ ਬੁੜਬੜਾਈ, 'ਡੇਰਾ ਤੇ ਸ਼ਰਾਬ ?'

ਮੈਂ ਉਹਨੂੰ ਅੱਖਾਂ ਹੀ ਅੱਖਾਂ ਨਾਲ ਕਿਹਾ, 'ਸਭ ਚਲਦਾ ਹੈ।'

ਉਹ ਸੇਵਾਦਾਰਨੀ ਬੀਬੀ, ਜੋ ਮਸਾਂ ਪੱਚੀਆਂ ਛੱਬੀਆਂ ਦੀ ਭਰ ਜੋਬਨ ਮੁਟਿਆਰ ਸੀ, ਬੜੀ ਦਿਲਕਸ਼ ਅੰਦਾਜ਼ 'ਚ ਮੁਸਕਰਾਉਂਦੀ ਸਾਡੇ ਕੋਲ ਆ ਕੇ ਬੋਲੀ, 'ਟੇਬਲ ਤਿਆਰ ਹੈ ਸਾਹਬ ਜੀ, ਆ ਜਾਓ।' ਫਿਰ ਉਹਨੇ ਵੱਖਰੇ ਈ ਨਿੱਘ ਖ਼ਲੂਸ ਨਾਲ ਮਨਮੀਨ ਤੇ ਫਿਰੋਜ਼ਾ ਨੂੰ ਵੀ ਬੁਲਾਵਾ ਦਿੱਤਾ। ਉਹਨਾਂ ਸੁਆਲੀਆ ਜਿਹੇ ਢੰਗ ਨਾਲ ਸਾਡੇ ਵੱਲ ਵੇਖਿਆ। ਜੈਦੇਵ ਨੇ ਜਿਵੇਂ ਸਾਂਝੀ ਰਾਏ ਦਿੱਤੀ, 'ਕੁਰਸੀਆਂ 'ਤੇ ਬੈਠ ਤਾਂ ਜਾਓ, ਅੱਗੇ ਮਰਜ਼ੀ ਐ ਤੁਹਾਡੀ, ਮਦਿਰਾ ਦਾ ਸੇਵਨ ਕਰਨਾ ਹੈ ਕਰੋ, ਨਹੀਂ ਕਰਨਾ ਨਾ ਕਰੋ। ਉਂਝ ਮੇਰੇ ਖਿਆਲ 'ਚ ਮੈਨਰਜ਼ ਇਹੋ ਕਹਿੰਦੇ ਨੇ ਕਿ ਹੋਸਟ ਦੀ ਦਾਅਵਤ ਨੂੰ ਕਬੂਲ ਫ਼ਰਮਾਓ, ਭਾਵੇਂ ਥੋੜ੍ਹਾ ਹੀ। ਕਿਉਂ ਪੁਰੀ ਸਾਹਬ !' ਉਹਨੇ ਮੇਰੇ ਤੋਂ ਆਪਣੇ ਵਿਚਾਰਾਂ ਦੀ ਤਾਈਦ ਚਾਹੀ।

'ਹਬੀਬ ਸਾਹਬ ਹੋਰਾਂ ਦੀ ਰਾਏ ਵੀ ਗ਼ੌਰ ਕਰਨ ਵਾਲੀ ਹੁੰਦੀ ਆ।' ਮੈਂ ਕਿਹਾ।

ਹਬੀਬ ਬੋਲਿਆ, 'ਬਈ ਆਪਾਂ ਤਾਂ ਥੱਕੇ ਆਂ, ਲੰਮਾ ਸਫ਼ਰ, ਸਵਾਮੀ ਜੀ ਦਾ ਭਾਸ਼ਨ, ਫਿਰ ਇਹ ਪੀਰਾਂਵਾਲੀ ਦੀ ਸਿਰ ਪੀੜ। ਆਪਾਂ ਤਾਂ ਇਕ ਦੋ ਪੈੱਗ ਲਵਾਂਗੇ। ਜੇ ਏਥੋਂ ਨਾ ਵੀ ਮਿਲਦੀ ਤਾਂ ਬੋਤਲ ਬੈਗ ਵਿਚ ਵੀ ਰੱਖੀ ਸੀ ਤੁਰਨ ਲੱਗਿਆਂ, ਤਾ ਕਿ...।' ਫਿਰ ਉਹਨੇ ਬਿਨਾਂ ਹੋਰ ਗੱਲ ਵਧਾਏ ਕਿਹਾ, 'ਜੈਦੇਵ ਸਿਗਰਟ ਕੱਢ ਯਾਰ।'

'ਉਹ ਵੀ ਹੈ ਸਾਹਬ।' ਉਹ ਸੁੰਦਰੀ ਅਲਮਾਰੀ 'ਚੋਂ ਇਕ ਵੱਡਾ ਪੈਕਟ ਕੱਢ ਲਿਆਈ। ਹਬੀਬ ਨੇ ਉਹਨੂੰ ਉਲਟਾ ਪੁਲਟਾ ਕੇ ਉਹਦਾ ਬਰਾਂਡ ਵਗੈਰਾ ਵੇਖਿਆ ਤੇ ਬੋਲਿਆ, 'ਫੈਂਨਟਾਸਟਿਕ ਯਾਰ, ਮੇਡ ਇਨ ਇਟਲੀ। ਫਿਰੋਜ਼ਾ, ਹੋ ਜਾਏ ਬਈ ਇਕ ਇਕ, ਲਓ ਤੁਸੀਂ ਵੀ ਮਨਮੀਨ ਜੀ, ਟੇਸਟ ਤਾਂ ਚੈੱਕ ਕਰੋ। ਕਿਉਂ ਜੈਦੇਵ ਭਾਈ ਜਾਨ, ਜਨਾਬੇ ਆਲੀ ਪੂਰੀ ਸਾਹਿਬ ਕੁਝ ਤਾਂ ਫ਼ੁਰਮਾਓ ?'

ਫਿਰ ਸਾਰਿਆਂ ਮੂਕ ਸਹਿਮਤੀ ਦੇ ਦਿੱਤੀ। ਸੁੰਦਰੀ ਬੜੇ ਸਲੀਕੇ ਨਾਲ ਸਾਕੀ ਦੇ ਫ਼ਰਜ਼

ਨਿਭਾਉਣ ਲੱਗੀ। ਸਿਗਰਟ ਦੇ ਬਰਾਂਡ ਤੇ ਗਿਲਾਸਾਂ 'ਚੋਂ ਉਠਦੇ ਵਿਸਕੀ ਸੋਡੇ ਦੇ ਸਾਂਝੇ ਬੁਲਬੁਲਿਆਂ ਨੇ ਫਿਰੋਜ਼ਾ ਸਮੇਤ ਸਾਰਿਆਂ ਦੇ ਮੂਡ ਨੂੰ ਰਾਹਤ ਦਿੱਤੀ। ਫਿਰੋਜ਼ਾ ਨੇ ਮੱਥੇ 'ਤੇ ਸਰਕ ਆਈ ਲਿਟ ਨੂੰ ਕੈਨ ਵਿਚ ਫਸਾਇਆ ਤੇ ਵੱਡਾ ਸਾਰਾ ਘੁੱਟ ਭਰਕੇ ਇਕ ਡੂੰਘਾ ਕਸ਼ ਭਰਿਆ। ਮਨਮੀਨ ਦੇ ਪਤਲੇ ਬੁੱਲ੍ਹਾਂ ਵਿਚ ਫਸੀ ਸਿਗਰਟ ਤੇ ਸ਼ਰਬਤੀ ਅੱਖਾਂ ਵਿਚ ਉਤਰਦੇ ਗੁਲਾਬੀ ਡੋਰੇ ਉਹਦੇ ਸੁਹੱਪਣ 'ਚ ਵਾਧਾ ਕਰਨ ਲੱਗੇ ਸਨ। ਸੁੰਦਰੀ ਰਸੋਈ ਕਮਰੇ ਵਿਚ ਵੀ ਨਾਲੋ ਨਾਲ ਗੇੜੇ ਮਾਰ ਰਹੀ ਸੀ। ਅੰਦਰ ਰਸੋਈ ਵਿਚ ਰਾਮ ਨਾਥ ਜੰਗਲੀ ਖਰਗੋਸ਼ਾਂ ਦਾ ਮਾਸ ਪਕਾ ਰਿਹਾ ਸੀ। ਉਸ ਮਾਸ ਦੀ ਖ਼ੁਸ਼ਬੋਈ ਹੀ ਸਾਡੀਆਂ ਨਾਸਾਂ ਵਿਚ ਜਲੂਣ ਕਰਨ ਲੱਗੀ। ਉਸ ਮੀਟ ਦੀ ਲੱਜਤ ਕਮਾਲ ਦੀ ਸੀ। ਰੂੰ ਦੇ ਫੰਭਿਆਂ ਵਰਗੇ ਟੁਕੜੇ ਮੂੰਹ ਵਿਚ ਬਰਫ਼ ਦੇ ਗੋਲ਼ਿਆਂ ਵਾਂਗ ਖੁਰ ਰਹੇ ਸਨ। ਜਾਨੀਵਾਕਰ ਦਾ ਨਸ਼ਾ ਵੀ ਸਿਰ ਚੜ੍ਹ ਕੇ ਬੋਲਣ ਲੱਗਾ। ਜੈਦੇਵ ਦੇ ਲਤੀਫ਼ੇ ਮਾਹੌਲ ਨੂੰ ਗਰਮਾਉਣ ਲੱਗੇ। ਫਿਰੋਜ਼ਾ ਤੇ ਮਨਮੀਨ ਨਾਲ ਉਸ ਸੁੰਦਰੀ ਦਾ ਹਾਸਾ ਵੀ ਸ਼ਾਮਲ ਹੋ ਗਿਆ।

'ਮੇਰਾ ਨਾਂ ਰਜਨੀ ਹੈ।' ਸੇਵਾਦਾਰਨੀ ਨੇ ਕਿਹਾ। ਪਤਾ ਨਹੀਂ ਸਾਡੇ 'ਚੋਂ ਕਿਸੇ ਨੇ ਉਸਦਾ ਨਾਂ ਪੁੱਛਿਆ ਸੀ ਜਾਂ ਉਹਨੇ ਖੁਦ ਹੀ ਇਸਦੀ ਲੋੜ ਮਹਿਸੂਸ ਕੀਤੀ ਸੀ।

'ਚੰਗਾ ਨਾਂ ਹੈ।' ਮੇਰੀਆਂ ਨਜ਼ਰਾਂ 'ਚ ਉਹਦਾ ਗੋਲ ਚਿਹਰਾ ਘੁੰਮ ਰਿਹਾ ਸੀ। ਸ਼ਾਇਦ ਉਹਨੇ ਮਹਿਸੂਸ ਕੀਤਾ ਸੀ ਕਿ ਮੈਂ ਉਹਨੂੰ ਬੁਲਾਉਣਾ ਚਾਹ ਰਿਹਾ ਹਾਂ। ਡੇਰੇ ਦੀਆਂ ਰੌਸ਼ਨੀਆਂ ਦੁਆਲੇ ਵੀ ਧੁੰਦਲੇ ਚੱਕਰ ਬਣਨ ਲੱਗੇ ਸਨ। ਪੀਰਾਂਵਾਲੀ ਦੀ ਮਾਈ ਇੱਛਰਾਂ ਤੇ ਨਰੈਣਾ ਮੇਰੀ ਸੋਚ ਵਿਚ ਸੌਂ ਗਏ ਸਨ। ਸਵਾਮੀ ਜੀ ਸੱਚਖੰਡ ਭਵਨ ਵਿਚ ਪ੍ਰਭੂ ਭਗਤੀ ਵਿਚ ਲੱਗੇ ਹੋਣਗੇ। ਰਜਨੀ ਦਾ ਚਿਹਰਾ ਘੁੰਮ ਰਿਹਾ ਸੀ। ਜੈਦੇਵ ਲਤੀਫ਼ਾ ਸੁਣਾ ਕੇ ਹਟਦਾ ਤਾਂ ਪੋਲੇ ਜਿਹੇ ਮਨਮੀਨ ਦਾ ਮੋਢਾ ਥਪਕਾਉਂਦਾ ਜਾ ਪਿੰਡੇ 'ਤੇ ਨਿੱਕਾ ਜਿਹਾ ਧੱਫਾ ਮਾਰਦਾ। ਹਬੀਬ ਦੀਆਂ ਸ਼ਰਾਬੀ ਨਿਗ਼ਾਹਾਂ ਫਿਰੋਜ਼ਾ ਦੇ ਕੋਕੇ ਵਿਚ ਟਿਊਬ ਦੀ ਰੌਸ਼ਨੀ ਦਾ ਲਿਸ਼ਕਾਰਾ ਲੱਭਣ ਵਿਚ ਉਲਝੀਆਂ ਹੋਈਆਂ ਸਨ। ਇਕ ਵਾਰੀ ਮੇਰੇ ਦਿਮਾਗ਼ ਵਿਚ ਆਇਆ ਕਿ ਮੈਂ ਸ਼ਾਂਤੀ ਸੰਮੇਲਨ ਦੀ ਸਟੋਰੀ ਵੀ ਲਿਖਣੀ ਹੈ, ਪਰ ਮਨ ਨੇ ਹੀ ਕਿਹਾ, ਸਵੇਰੇ ਹੀ ਲਿਖਣੀ, ਹੁਣ ਕਾਹਨੂੰ ਵਿਆਹ 'ਚ ਬੀਅ ਦਾ ਲੇਖਾ ਪਾਉਣਾ।

ਰੋਟੀ ਖਾਂਦਿਆਂ ਮਾਹੌਲ ਨਿੱਘਾ ਤੇ ਖੁਸ਼ਨੁਮਾ ਬਣਿਆ ਰਿਹਾ। ਰਸੋਈ ਸਾਂਭ ਸੰਭਾਲ ਕੇ ਰਾਮ ਨਾਥ ਆਪਣੇ ਕਵਾਟਰ ਵਿਚ ਸੌਣ ਲਈ ਚਲਾ ਗਿਆ। ਮੇਰੀ ਸ਼ਰਾਬੀ ਨਜ਼ਰ ਰਜਨੀ ਵੱਲ ਤੱਕ ਰਹੀ ਸੀ। ਉਹ ਇੰਝ ਬੈਠੀ ਸੀ ਜਿਵੇਂ ਉਹਦਾ ਕਿਧਰੇ ਜਾਣ ਦਾ ਪ੍ਰੋਗਰਾਮ ਹੀ ਨਾ ਹੋਵੇ। ਕੁਰਸੀ ਤੋਂ ਉਠਦਿਆਂ ਮੈਂ ਕਿਹਾ, 'ਰਜਨੀ ਬੀਬੀ, ਪੌਣੇ ਬਾਰਾਂ ਹੋ ਗਏ, ਤੁਸੀਂ ਬੜੀ ਖਿਦਮਤ ਕੀਤੀ, ਤੁਸੀਂ ਵੀ ਆਰਾਮ ਕਰੋ ਹੁਣ।'

'ਮੈਨੂੰ ਤਾਂ ਤੁਹਾਡੀ ਸੇਵਾ ਲਈ ਹੀ ਹੁਕਮ ਹੋਇਆ ਹੈ ਸਾਹਬ।' ਕਹਿਕੇ ਉਹ ਮੇਰੇ ਮਗਰੇ ਮਗਰ ਹੀ ਮੇਰੇ ਕਮਰੇ 'ਚ ਆ ਬੈਠੀ। ਮੈਂ ਮਹਿਸੂਸ ਕੀਤਾ ਮੇਰੇ ਪੈਰ ਜ਼ਮੀਨ 'ਤੇ ਨਹੀਂ ਲੱਗ ਰਹੇ। ਦਿਮਾਗ਼ ਵੀ ਘੁੰਮ ਰਿਹਾ ਸੀ ਤੇ ਸੋਚ ਵੀ ਲੜਖੜਾ ਰਹੀ ਸੀ। ਰਜਨੀ ਦੇ ਗੋਲ ਚਿਹਰੇ ਤੋਂ ਕਿਸੇ ਜਾਦੂ ਦੀ ਤੰਦ ਨਿਕਲ ਕੇ ਮੇਰੀ ਚੇਤਨਾ 'ਤੇ ਵਲੇਵੇਂ ਮਾਰ ਰਹੀ ਸੀ। ਉਹ ਸਵਰਗ ਦੀ ਕੋਈ ਅਪੱਸਰਾ ਜਾਪ ਰਹੀ ਸੀ। ਇਹ ਡੇਰਾ ਜਿਵੇਂ ਕੋਈ ਸਵਰਗ ਧਾਮ ਸੀ। ਆਸੇ ਪਾਸੇ ਰੌਸ਼ਨੀਆਂ ਦਾ ਮੇਲਾ ਲੱਗਾ ਸੀ, ਰੰਗਾਂ ਦੀ ਕੋਈ ਕਹਿਕਸ਼ਾਂ। ਲਾਲ, ਹਰੇ, ਪੀਲੇ, ਨੀਲੇ ਰੰਗਾਂ ਦੇ ਛਿੱਟੇ...।

ਮੈਂ ਖਿੜਕੀ ਦਾ ਪਰਦਾ ਸਰਕਾ ਹੇਠਾਂ ਨਜ਼ਰ ਆ ਰਹੀ ਝੀਲ ਵਿਚ ਉਤਰੇ ਤੇ ਡੁਬਕੀਆਂ ਲਾਉਂਦੇ ਪੌਣੇ ਕੁ ਚੰਨ ਉਪਰ ਧਿਆਨ ਟਿਕਾਉਣ ਦੀ ਕੋਸ਼ਿਸ਼ ਕੀਤੀ ਪਰ ਨਾ ਚੰਨ ਕਾਬੂ ਆਇਆ ਨਾ ਨਿਗ਼ਾਹ ਹੀ ਖਲੋਤੀ। ਝੀਲ ਦਾ ਪਾਣੀ ਜੋ ਸ਼ਾਮੀਂ ਮੈਨੂੰ ਸੁਹਾ ਨਜ਼ਰੀਂ ਆਇਆ ਸੀ ਹੁਣ ਨੀਲਾ ਹੋਇਆ ਪਿਆ ਸੀ, ਜਿਵੇਂ ਕੋਈ ਜ਼ਹਿਰ ਉਸ ਨੂੰ ਚੜ੍ਹ ਗਿਆ ਸੀ। ਜਿਵੇਂ ਰਜਨੀ ਦੀ ਮੌਜੂਦਗੀ ਮੇਰੀ ਸੋਚ ਨੂੰ ਨੀਲਾ ਕਰ ਰਹੀ ਸੀ, ਜਿਵੇਂ ਜੈਦੇਵ ਤੇ ਹਬੀਬ ਦੇ ਕਮਰੇ, ਜਿਵੇਂ ਇਸ ਡੇਰੇ ਦੀਆਂ ਰੌਸ਼ਨੀਆਂ...। ਜਿਵੇਂ ਇਹ ਰਾਤ...। ❑❑

[61, ਫਰੈਂਡਜ਼ ਕਲੋਨੀ, ਮਜੀਠਾ ਰੋਡ, ਅੰਮ੍ਰਿਤਸਰ]

ਸਲ੍ਹਾਬੀ ਹੋਈ ਸ਼ਾਮ

ਸੁਕੀਰਤ

ਏਨਾ ਫ਼ਰਾਟੇਦਾਰ ਮੀਂਹ ! ਮਨਪ੍ਰੀਤ ਪਾਰਕਿੰਗ ਦੇ ਲਾਂਘੇ ਵਿਚ ਖੜ੍ਹਾ ਮੀਂਹ ਘਟਣ ਦੀ ਉਡੀਕ ਕਰ ਰਿਹਾ ਹੈ, ਤੇ ਆਪਣੇ ਆਪ ਨੂੰ ਕੋਸ ਵੀ ਰਿਹਾ ਹੈ। ਬੰਬਈ ਵਿਚ ਕੋਈ ਬੇਵਕੂਫ਼ ਹੀ ਮਾਨਸੂਨ ਦੇ ਮਹੀਨਿਆਂ ਵਿਚ ਬਿਨਾਂ ਛਤਰੀ ਬਾਹਰ ਨਿਕਲਦਾ ਹੈ।

"ਹੈਲੋ, ਅੰਕਲ ! ਬਾਰਸ਼ ਦਾ ਬੰਦ ਹੋਣਾ ਉਡੀਕ ਰਹੇ ਹੋ ? ਮੇਰੇ ਨਾਲ ਆ ਜਾਓ...", ਆਪਣੀ ਕਾਰ ਪਾਰਕ ਕਰਕੇ ਬਾਹਰ ਨਿਕਲਦਾ, ਛਤਰੀ ਖੋਲ੍ਹਣ ਦੀ ਕੋਸ਼ਿਸ਼ ਕਰਦਾ ਜਯੰਤ ਉਸ ਕੋਲ ਰੁਕ ਜਾਂਦਾ ਹੈ।

"ਥੈਂਕਸ ! ਰੋਜ਼ ਸੋਚਦਾ ਹਾਂ ਕਿ ਇਕ ਛਤਰੀ ਕਾਰ ਦੀ ਡਿੱਕੀ ਵਿਚ ਰੱਖਣੀ ਹੈ ਪਰ ਸਵੇਰੇ ਜਾਣ ਵੇਲੇ ਭੁੱਲ ਜਾਂਦਾ ਹਾਂ। ਬੁੱਢਾ ਚੇਤਾ....", ਮਨਪ੍ਰੀਤ ਜਯੰਤ ਦੀ ਤਾਣੀ ਛਤਰੀ ਹੇਠ ਹੋ ਜਾਂਦਾ ਹੈ।

ਮਾਲਾਬਾਰ ਹਿਲ ਦੀ ਢਲਾਣ 'ਤੇ ਉੱਸਰੀ ਇਹ ਇਮਾਰਤ ਉਚਾਈ 'ਤੇ ਬਣੀ ਹੋਈ ਹੈ; ਪਰ ਪਾਰਕਿੰਗ ਸੌ ਫੁੱਟ ਹੇਠਾਂ। ਲਿਫ਼ਟ ਤੀਕ ਪਹੁੰਚਦਿਆਂ ਦੋਹਾਂ ਦੀਆਂ ਪੈਂਟਾਂ ਦੇ ਪੌਂਚੇ ਤੇ ਜਯੰਤ ਦਾ ਖੱਬਾ ਪਾਸਾ ਗਿੱਲੇ ਹੋ ਹੀ ਜਾਂਦੇ ਹਨ; ਵਾਛੜ ਹੀ ਏਨੀ ਤੇਜ਼ ਹੈ।

"ਮੇਰੇ ਕਾਰਨ ਤੁਸੀਂ ਵੀ ਭਿੱਜ ਗਏ, ਮਾਫ਼ ਕਰਨਾ", ਮਨਪ੍ਰੀਤ ਆਖਦਾ ਹੈ।

"ਨੋ ਪ੍ਰੌਬਲਮ, ਅੰਕਲ ! ਘਰ ਜਾ ਕੇ ਕੱਪੜੇ ਤਾਂ ਬਦਲਣੇ ਹੀ ਹਨ", ਜਯੰਤ ਲਿਫ਼ਟ ਦੇ ਦੋ ਬਟਨ ਦੱਬਦਾ ਹੈ। ਸੋਲ੍ਹਵੀਂ ਤੇ ਵੀਹਵੀਂ ਮੰਜ਼ਲ ਲਈ। ਰੋਜ਼ ਤਕਰੀਬਨ ਇਕੋ ਵੇਲੇ ਆਪੋ ਆਪਣੇ ਦਫ਼ਤਰਾਂ ਤੋਂ ਮੁੜਦਿਆਂ ਇਨ੍ਹਾਂ ਦਾ ਟਾਕਰਾ ਹੋ ਹੀ ਜਾਂਦਾ ਹੈ, ਸੋ ਦੋਵੇਂ ਜਾਣਦੇ ਹਨ ਕੌਣ ਕਿਸ ਮੰਜ਼ਲ 'ਤੇ ਰਹਿੰਦਾ ਹੈ।

ਲਿਫ਼ਟ ਤੇਜ਼ ਰਫ਼ਤਾਰ ਨਾਲ ਸੋਲ੍ਹਵੀਂ ਮੰਜ਼ਲ 'ਤੇ ਆਪਣੇ ਪੜਾਅ ਵੱਲ ਵਧ ਰਹੀ ਹੈ। ਮਨਪ੍ਰੀਤ ਕੋਲ ਕੁਝ ਹੀ ਸਕਿੰਟਾਂ ਦੀ ਮੋਹਲਤ ਹੈ, ਤੇ ਉਹ ਆਪਣਾ ਕਈ ਵਾਰ ਪਹਿਲੋਂ ਦਿੱਤਾ, ਪਰ ਹਮੇਸ਼ਾ ਅਧਰਵਾਨ ਰਿਹਾ, ਸੱਦਾ ਨਵੇਂ ਖੋਲ ਵਿਚ ਮੁੜ ਦੋਹਰਾ ਦੇਂਦਾ ਹੈ, "ਅੱਜ ਤਾਂ ਤੁਹਾਨੂੰ ਚਾਹ ਪੀਣ ਮੇਰੇ ਘਰ ਆਣਾ ਹੀ ਪਵੇਗਾ, ਮੇਰੇ ਕਾਰਨ ਐਵੀਂ ਹੀ ਭਿੱਜ ਗਏ...ਜਾਂ ਫਿਰ ਕਮ ਓਵਰ ਫੌਰ ਏ ਡਰਿਕ, ਇਫ਼ ਯੂ ਪਰੈਫ਼ਰ"।

"ਥੈਂਕਸ, ਅੰਕਲ। ਕਿਸੇ ਹੋਰ ਦਿਨ...ਕਿਸੇ ਦਿਨ ਜ਼ਰੂਰ ਆਵਾਂਗਾ।"

ਲਿਫ਼ਟ ਸੋਲ੍ਹਵੀਂ ਮੰਜ਼ਲ 'ਤੇ ਆ ਗਈ ਹੈ...ਤੇ ਮਨਪ੍ਰੀਤ ਨੂੰ ਪਤਾ ਹੈ ਉਹ 'ਕੋਈ ਹੋਰ ਦਿਨ' ਕਦੇ ਨਹੀਂ ਆਣਾ।

ਕਿੰਨੇ ਮਹੀਨੇ ਹੋ ਗਏ ਨੇ ਜਯੰਤ ਨੂੰ ਮਿਲਦਿਆਂ। ਕਦੇ ਪਾਰਕਿੰਗ, ਕਦੇ ਲਾਬੀ, ਕਦੇ ਲਿਫ਼ਟ, ਕਦੇ ਸੜਕ 'ਤੇ ਮਿਲਦਿਆਂ। 'ਹੈਲੋ, ਅੰਕਲ', 'ਹੈਲੋ, ਯੰਗ ਮੈਨ' ਕਰਦਿਆਂ। ਕਦੇ ਕਦੇ ਗੱਲਾਂ ਵੀ ਹੋ ਜਾਂਦੀਆਂ ਨੇ। ਸਰਸਰੀ ਜਿਹੀਆਂ, ਜਿਹੋ ਜਿਹੀਆਂ ਇਕੋ ਇਮਾਰਤ ਵਿਚ ਰਹਿਣ ਵਾਲੇ ਲੋਕ ਆਪਸ ਵਿਚ ਕਰ ਲੈਂਦੇ ਨੇ। ਪਰ ਮਨਪ੍ਰੀਤ ਦਾ ਜੀਅ ਕਰਦਾ ਹੈ ਕਿ ਜਯੰਤ ਕਦੇ ਉਸਦੇ ਘਰ ਆਵੇ, ਉਸ ਨਾਲ ਗੱਲਾਂ ਕਰੇ ਤੇ ਮਨਪ੍ਰੀਤ ਉਸਨੂੰ ਪੁੱਛੇ...

ਕੀ ਪੁੱਛੇਗਾ ਮਨਪ੍ਰੀਤ ਉਸਨੂੰ ? ਕਿ ਤੇਰੇ ਮਾਪੇ ਕਦੇ ਸਾਨ ਫ਼ਰਾਂਸਿਸਕੋ ਵੀ ਰਹੇ ਸਨ ? ਕਿ ਤੇਰਾ ਕੋਈ ਭੈਣ ਭਰਾ ਕਿਉਂ ਨਹੀਂ ਹੈ ? ਤੇ ਕੀ ਦੱਸੇਗਾ ਮਨਪ੍ਰੀਤ ਉਸਨੂੰ ? ਕਿ ਮੈਨੂੰ ਜਾਪਦਾ ਹੈ ਮੈਂ ਹੀ ਤੇਰਾ ਬਾਪ ਹਾਂ। ਕਿ ਮੈਨੂੰ ਯਕੀਨ ਹੋ ਚੱਲਿਐ ਕਿ ਮੈਂ ਹੀ ਤੇਰਾ ਬਾਪ ਹਾਂ। ਇਹ ਸਭ ਪੁੱਛਣ-ਦੱਸਣ ਵਾਲੀਆਂ ਗੱਲਾਂ ਨੇ ਭਲਾ !

ਵੀਹਵੀਂ ਮੰਜ਼ਲ ਵੀ ਆ ਗਈ ਹੈ। ਮਨਪ੍ਰੀਤ ਆਪਣੇ ਫ਼ਲੈਟ ਦਾ ਤਾਲਾ ਖੋਲ੍ਹਦਾ ਹੈ। ਰਾਧਾਬਾਈ ਅੱਜ ਨਹੀਂ ਆਈ ਤੇ ਆਣ ਦੇ ਆਸਾਰ ਵੀ ਕੋਈ ਨਹੀਂ। ਅੱਧਾ ਸ਼ਹਿਰ ਤਾਂ ਪਾਣੀ ਵਿਚ ਡੁੱਬਿਆ ਪਿਆ ਹੈ,ਉਹ ਕਿਵੇਂ ਆ ਜਾਵੇਗੀ। ਮੂੰਹ ਹੱਥ ਧੋ ਕੇ, ਕੱਪੜੇ ਬਦਲ ਕੇ, ਮਨਪ੍ਰੀਤ ਚਾਹ ਦੀ ਪਿਆਲੀ ਬਣਾਂਦਾ ਹੈ ਤੇ ਟੀਵੀ ਦੇ ਸਾਹਮਣੇ ਆ ਬਹਿੰਦਾ ਹੈ। ਰਿਮੋਟ ਨਾਲ ਮੁੜ ਮੁੜ ਚੈਨਲ ਬਦਲਦਾ

ਹੈ, ਧਿਆਨ ਕਿਤੇ ਵੀ ਨਹੀਂ ਟਿਕਦਾ। ਟੀਵੀ 'ਤੇ ਵੀ ਬਾਰਸ਼, ਬਾਹਰ ਵੀ ਬਾਰਸ਼। ਸਾਰਾ ਅੰਦਰ-ਬਾਹਰ ਸਲ੍ਹਾਬਿਆ ਪਿਆ ਹੈ। ਕੁਰਸੀ ਖਿੱਚ ਕੇ ਬੈਠਕ ਦੇ ਨਾਲ ਦੀ ਬਾਲਕੋਨੀ ਨੂੰ ਛੱਤ ਕੇ ਬਣਾਏ ਵਧਾਅ ਸਲ੍ਹਾਬਿਆ ਪਿਆ ਹੈ। ਕੁਰਸੀ ਖਿੱਚ ਕੇ ਬੈਠਕ ਦੇ ਨਾਲ ਦੀ ਬਾਲਕੋਨੀ ਨੂੰ ਛੱਤ ਕੇ ਬਣਾਏ ਵਧਾਅ ਕੋਲ ਲੈ ਆਉਂਦਾ ਹੈ। ਤਿੰਨਾਂ ਪਾਸਿਆਂ ਤੋਂ ਵੱਡੇ-ਵੱਡੇ ਸ਼ੀਸ਼ਿਆਂ ਨਾਲ ਘਿਰਿਆ ਇਹ ਕੋਨਾ ਮਨਪ੍ਰੀਤ ਨੂੰ ਚੰਗਾ ਲਗਦਾ ਹੈ। ਸਵੇਰੇ ਏਥੇ ਬੈਠ ਕੇ ਹੀ ਅਖਬਾਰ ਪੜ੍ਹਦਾ ਹੈ, ਚਾਹ ਪੀਂਦਾ ਹੈ, ਤੇ ਕਦੇ ਕਦੇ ਖੜ੍ਹੇ ਹੋ ਕੇ ਸਾਹਮਣੇ ਫੈਲੇ ਅਰਬ ਸਾਗਰ ਨੂੰ ਦੇਖਦਾ ਹੈ, ਹੇਠਾਂ ਵਗਦੀ ਨੇਪੀਅਨ ਸੀ ਰੋਡ ਨੂੰ, ਸੜਕ 'ਤੇ ਹੋ ਕੇ ਸਾਹਮਣੇ ਫੈਲੇ ਅਰਬ ਸਾਗਰ ਨੂੰ ਦੇਖਦਾ ਹੈ, ਹੇਠਾਂ ਵਗਦੀ ਨੇਪੀਅਨ ਸੀ ਰੋਡ ਨੂੰ, ਸੜਕ 'ਤੇ ਸਮੁੰਦਰ ਵਿਚਕਾਰ ਪਸਰੇ ਪਾਰਕ ਨੂੰ। ਸ਼ਾਮ ਨੂੰ ਏਥੋਂ ਹੀ ਸੂਰਜ ਅਸਤ ਹੁੰਦਾ ਦਿਸਦਾ ਹੈ। ਵੀਹਵੀਂ ਮੰਜ਼ਲ ਤੋਂ ਦੇਖਿਆਂ ਸਾਗਰ ਦੇ ਪਾਣੀ ਹਮੇਸ਼ਾ ਸ਼ਾਂਤ ਹੀ ਦਿਸਦੇ ਹਨ, ਜਿਹੜੇ ਹਰ ਸ਼ਾਮ ਹੌਲੀ ਹੌਲੀ ਸੂਰਜ ਨੂੰ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਪਰ ਅੱਜ, ਏਸ ਬਾਰਸ਼ ਵਿਚ ਕੁਝ ਵੀ ਨਹੀਂ ਦਿਸਦਾ। ਪਾਣੀ ਦੀਆਂ ਝਲਾਰਾਂ ਵੱਡੇ-ਵੱਡੇ ਸ਼ੀਸ਼ਿਆਂ ਨਾਲ ਖਹਿੰਦੀਆਂ ਵਗ ਰਹੀਆਂ ਹਨ। ਜਿਵੇਂ ਬਾਹਰ ਕੈਦ ਹੋਣ, ਤੇ ਅੰਦਰ ਆਣ ਲਈ ਛਟਪਟਾ ਰਹੀਆਂ ਹੋਣ। ਤੇ ਇਨ੍ਹਾਂ ਝਲਾਰਾਂ ਦੇ ਪਰ੍ਹੇ ਵੀ ਪਾਣੀ ਹੀ ਪਾਣੀ; ਜਿਵੇਂ ਬਾਹਰਲੀ ਦੁਨੀਆਂ ਬਸ ਪਾਣੀ ਦਾ ਅਥਾਹ ਸਾਗਰ ਹੀ ਹੋਵੇ। ਤੇ ਮਨਪ੍ਰੀਤ ਇਸ ਸਾਗਰ ਦੇ ਕੰਢੇ...

ਏਸੇ ਫਲੈਟ ਤੋਂ ਤਿੰਨ ਮੰਜ਼ਲਾਂ ਦੀ ਵਿੱਥ 'ਤੇ, ਏਸੇ ਫਲੈਟ ਦੇ ਐਨ ਹੇਠਾਂ ਜਯੰਤ ਰਹਿੰਦਾ ਹੈ। ਇਹੋ ਅਰਬ ਸਾਗਰ ਉਸਦੀ ਬਾਲਕੋਨੀ ਵਿਚੋਂ ਵੀ ਦਿਸਦਾ ਹੈ, ਪਾਣੀ ਦੀਆਂ ਇਹੋ ਝਲਾਰਾਂ ਮਨਪ੍ਰੀਤ ਦੀ ਬਾਲਕੋਨੀ ਦੇ ਸ਼ੀਸ਼ਿਆਂ ਨਾਲ ਟਕਰਾ ਕੇ ਹੇਠਾਂ ਵੱਲ ਵਗਦੀਆਂ ਜਯੰਤ ਦੀ ਬਾਲਕੋਨੀ ਤੀਕ ਅੱਪੜਦੀਆਂ ਨੇ, ਉਸਦੇ ਸ਼ੀਸ਼ਿਆਂ ਨਾਲ ਵੀ ਖਹਿੰਦੀਆਂ ਨੇ। ਬਾਰਸ਼ ਦਾ ਪਾਣੀ ਬੇਰੋਕ ਟੋਕ ਵੀਹਵੀਂ ਤੋਂ ਸੋਲ੍ਹਵੀਂ ਮੰਜ਼ਲ ਦਾ ਸਫ਼ਰ ਤੈਅ ਕਰ ਸਕਦਾ ਹੈ; ਪਰ ਮਨਪ੍ਰੀਤ ਕਿਸ ਬਹਾਨੇ ਜਾ ਕੇ ਜਯੰਤ ਦਾ ਦਰ ਖਕੜਾਵੇ ? ਮਨੁੱਖ ਕੋਈ ਬਾਰਸ਼ ਦਾ ਪਾਣੀ ਤਾਂ ਨਹੀਂ ਨਾ, ਕਿ ਜਿੱਧਰ ਦਿਲ ਦੀਆਂ ਢਲਾਣਾਂ ਲੈ ਜਾਣ ਰੁੜ੍ਹਦਾ ਜਾਵੇ। ਮਨੁੱਖ ਕੋਲ ਕੋਈ ਮਕਸਦ ਵੀ ਤਾਂ ਹੋਣਾ ਚਾਹੀਦਾ ਹੈ।

ਕੀ ਮਕਸਦ ਸੀ ਉਦੋਂ ਮਨਪ੍ਰੀਤ ਦਾ ? ਸਹਿਜੇ ਹੀ ਮਿਲ ਜਾਣ ਵਾਲੇ ਕੁਝ ਸੌ ਡਾਲਰਾਂ ਦਾ ਲਾਲਚ ! ਜਾਂ ਇਕ ਨਵੇਂ ਤਜਰਬੇ ਵਿਚੋਂ ਲੰਘਣ ਦਾ ਸ਼ੌਕ। ਸ਼ਾਇਦ ਮਕਸਦ ਕੋਈ ਵੀ ਨਹੀਂ ਸੀ, ਬਿਨਾਂ ਸੋਚੇ ਸਮਝੇ ਹੀ ਸਭ ਕੁਝ ਕਰ ਲਿਆ। ਉਸ ਉਮਰ ਵਿਚ ਸੋਚਦਾ ਹੀ ਕੌਣ ਹੈ ?

"ਮੈਨ, ਫਾਲ ਤੂ ਵੀਰਜ ਹੈਗੈ ਤੇਰੇ ਕੋਲ ? ਵੇਚਣ ਵਾਸਤੇ ?" ਡੇਵਿਡ ਨੇ ਪੁੱਛਿਆ।

"ਵੇਚਣ ਲਈ ਮੈਂ ਕੋਈ ਜਿਗੋਲੋ ਹਾਂ ? ਹਾਂ, ਦਾਨ ਕਰਨ ਲਈ ਬਥੇਰਾ ਹੈਗੈ। ਜਿਹੜੀ ਜਿਹੜੀ ਪਰੀ ਨੂੰ ਚਾਹੀਦਾ ਹੋਵੇ, ਲਿਸਟ ਬਣਾ ਕੇ ਦੇ ਦੇ", ਕਾਫ਼ੀ ਦਾ ਘੁੱਟ ਭਰਦਿਆਂ ਮਨਪ੍ਰੀਤ ਨੇ ਖਚਰਾ ਜਿਹਾ ਮੁਸਕਰਾ ਕੇ ਜਵਾਬ ਦਿੱਤਾ।

"ਨਹੀਂ, ਮੈਂ ਸੀਰੀਅਸਲੀ ਪੁੱਛ ਰਿਹਾਂ। ਆਹ ਵੇਖ ਅੱਜ ਦੀ ਅਖਬਾਰ", ਤੇ ਡੇਵਿਡ ਨੇ ਕਲਾਸੀਫ਼ਾਈਡ ਇਸ਼ਤਿਹਾਰਾਂ ਵਾਲਾ ਸਫਾ ਉਸਦੇ ਸਾਹਮਣੇ ਰੱਖ ਦਿੱਤਾ।

ਮਾਰਚ ਦਾ ਮਹੀਨਾ ਸੀ, ਐਤਵਾਰ ਦਾ ਦਿਨ। ਸਟੈਨਫ਼ੋਰਡ ਯੂਨੀਵਰਸਿਟੀ ਵਿਚ ਸਹਿਪਾਠੀ, ਤੇ ਪੱਕੇ ਦੋਸਤ ਡੇਵਿਡ ਅਤੇ ਮਨਪ੍ਰੀਤ ਹਰ ਐਤਵਾਰ ਦੀ ਸਵੇਰ ਵਾਂਗ ਆਪਣੇ ਪਸੰਦੀਦਾ ਕੈਫ਼ੇ ਵਿਚ ਦੋ ਘੰਟੇ ਬਿਤਾਣ ਦਾ ਸ਼ੁਗਲ ਪੂਰਾ ਕਰ ਰਹੇ ਸਨ। ਇਹ ਦੋ ਘੰਟੇ ਉਹ ਦੋਧਲੀ 'ਲਾਤੇ' ਕਾਫ਼ੀ ਪੀਂਦਿਆਂ, ਸਪਤਾਹ-ਅੰਤ ਦੀਆਂ ਮੋਟੀਆਂ ਥੱਦਾਨੁਮਾ ਅਖ਼ਬਾਰਾਂ ਪੜ੍ਹਦਿਆਂ ਤੇ ਹੋਰਨਾਂ, ਆਪਣੇ ਵਰਗਿਆਂ ਨਾਲ ਮੇਲਾ-ਗੇਲਾ ਕਰਦਿਆਂ ਲੰਘਾਂਦੇ ਸਨ।

ਸਾਨ ਫ਼ਰਾਂਸਿਸਕੋ ਕ੍ਰੌਨੀਕਲ ਵਿਚ ਇਕ ਛੋਟਾ ਜਿਹਾ ਡੱਬੀ ਜੜਿਆ ਇਸ਼ਤਿਹਾਰ ਛਪਿਆ ਹੋਇਆ ਸੀ: 'ਇਕ ਰੋਗ ਰਹਿਤ, 30 ਸਾਲਾ ਨੌਜਵਾਨ ਦੱਖਣ ਏਸ਼ੀਆਈ ਵੀਰਜ-ਦਾਤੇ ਦੀ ਲੋੜ ਹੈ। ਖਰਚ ਹੋਏ ਵਕਤ ਅਤੇ ਵੀਰਜ-ਦਾਨ ਲਈ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ'।

"ਇਹ ਕੀ ਇਸ਼ਤਿਹਾਰ ਹੋਇਆ ? ਕਿਸੇ ਦਾ ਵੀਰਜ ਲੈ ਕੇ ਕੋਈ ਕੀ ਕਰੇਗਾ ? ਇਹ ਤਾਂ ਕਿਸੇ ਮਾਨਸਿਕ ਰੋਗੀ ਦੀ ਸੈਕਸ ਲਈ ਅਜੀਬ ਕਿਸਮ ਦੀ ਭੁੱਖ ਜਾਪਦੀ ਹੈ। ਅਮਰੀਕੀ ਅਖ਼ਬਾਰ ਵੀ ਹਰ ਕਿਸਮ ਦੀ ਗੰਦ-ਬਲਾ ਛਾਪਣੋਂ ਨਹੀਂ ਝੱਕਦੇ", ਮਨਪ੍ਰੀਤ ਨੂੰ ਕੁਝ ਸਮਝ ਨਾ ਪਈ। "ਬੇਵਕੂਫ਼

ਆਦਮੀ, ਕਦੀ ਆਪਣੇ ਰਸਾਇਣ-ਸ਼ਾਸਤਰ ਤੋਂ ਬਾਹਰ ਨਿਕਲ ਵੀ ਕੁਝ ਪੜ੍ਹਦਾ ਹੁੰਨੈਂ ਕਿ ਨਹੀਂ ? ਇਹ ਕਿਸੇ 'ਕਿੰਕੀ ਸੈਕਸ' ਚਾਹਣ ਵਾਲੇ ਦਾ ਇਸ਼ਤਿਹਾਰ ਨਹੀਂ, ਕਿਸੇ ਨੂੰ ਬੱਚਾ ਚਾਹੀਦੈ। ਤੂੰ ਟੈਸਟ-ਟਿਊਬ ਬੱਚਿਆਂ ਬਾਰੇ ਨਹੀਂ ਪੜ੍ਹਿਆ ?" ਡੇਵਿਡ ਨੇ ਸਮਝਾਣ ਦੀ ਕੋਸ਼ਿਸ਼ ਕੀਤੀ।

ਮਨਪ੍ਰੀਤ ਨੂੰ ਦੋ ਕੁ ਸਾਲ ਪਹਿਲਾਂ ਅਖਬਾਰਾਂ ਵਿਚ ਪਿਆ ਰੌਲਾ ਯਾਦ ਆ ਗਿਆ। ਇੰਗਲੈਂਡ ਵਿਚ ਡਾਕਟਰਾਂ ਨੇ ਲੈਬਾਰਟਰੀ ਵਿਚ ਸ਼ੁਕਰਾਣੂਆਂ ਨੂੰ ਮਾਦਾ ਅੰਡੇ ਨਾਲ ਮੇਲ ਕੇ ਦੁਨੀਆਂ ਦਾ ਪਹਿਲਾ ਟੈਸਟ ਟਿਊਬ ਬੱਚਾ ਪੈਦਾ ਕੀਤਾ ਸੀ। ਮਾਨਚੈਸਟਰ ਵਿਚ ਲੁਈਜ਼ ਬਰਾਊਨ ਨਾਂ ਦੀ ਬੱਚੀ ਦਾ ਜਨਮ ਹੋਇਆ ਸੀ। ਉਸ ਬੱਚੀ ਦੀ ਮਾਂ ਦੀਆਂ ਗਰਭ ਨਲੀਆਂ ਵਿਚ ਰੁਕਾਵਟ ਹੋਣ ਕਾਰਨ ਪਿਤਾ ਦੇ ਸ਼ੁਕਰਾਣੂ ਗਰਭਦਾਨੀ ਤੀਕ ਪਹੁੰਚਦੇ ਹੀ ਨਹੀਂ ਸਨ। ਸੋ ਡਾਕਟਰਾਂ ਨੇ ਇਹ ਮੇਲ ਟੈਸਟ ਟਿਊਬ ਵਿਚ ਕਰਾਇਆ ਤੇ ਫੇਰ ਬੱਚਾ ਬਣਾ ਸਕਣ ਯੋਗ ਮਾਤ-ਅੰਡੇ ਨੂੰ ਮੁੜ ਮਾਂ ਦੀ ਬੱਚੇਦਾਨੀ ਵਿਚ ਧਰ ਦਿੱਤਾ। ਇਸ ਤਜਰਬੇ ਨੂੰ 'ਬਾਂਝ ਲੋਕਾਂ ਲਈ ਨਵੇਂ ਦਰ ਖੋਲ੍ਹਣ ਵਾਲੀ ਤਕਨਾਲੋਜੀ' ਵਜੋਂ ਸੁਆਗਤਿਆ ਵੀ ਗਿਆ, ਪਰ ਨਾਲ ਹੀ 'ਰੱਬੀ ਰਜ਼ਾ ਵਿਚ ਦਖ਼ਲ-ਅੰਦਾਜ਼ੀ' ਵਜੋਂ ਭੰਡਿਆ ਵੀ ਬਹੁਤ ਗਿਆ ਸੀ।

"ਪਰ ਇਨ੍ਹਾਂ ਗੱਲਾਂ ਦਾ ਵੀਰਜ-ਦਾਨ ਨਾਲ ਕੀ ਤਅੱਲਕ ਹੈ ?" ਮਨਪ੍ਰੀਤ ਨੂੰ ਫੇਰ ਵੀ ਕੁਝ ਪੱਲੇ ਨਹੀਂ ਸੀ ਪੈ ਰਿਹਾ।

"ਫੋਨ ਕਰਕੇ ਪੁੱਛ ਲੈ ਨਾ ਆਪੇ। ਮੈਂ ਕਿਹੜਾ ਕੋਈ ਡਾਕਟਰ ਹਾਂ ਕਿ ਤੇਰੇ ਹਰ ਸਵਾਲ ਦਾ ਜਵਾਬ ਦੇ ਸਕਾਂ", ਡੇਵਿਡ ਦਾ ਉੱਤਰ ਸੀ।

"ਤੂੰ ਕਿਉਂ ਨਹੀਂ ਫੋਨ ਕਰਦਾ ?" ਮਨਪ੍ਰੀਤ ਨੇ ਮੋੜਵਾਂ ਸਵਾਲ ਕੀਤਾ।

"ਕਿਉਂਕਿ ਮੈਂ ਕਾਕੇਸ਼ੀਅਨ ਨਸਲ ਦਾ ਹਾਂ, ਦੱਖਣ ਏਸ਼ੀਆਈ ਨਹੀਂ। ਇਸ਼ਤਿਹਾਰ ਨੂੰ ਰਤਾ ਧਿਆਨ ਨਾਲ ਪੜ੍ਹ", ਡੇਵਿਡ ਫੇਰ ਆਪਣੀ ਅਖ਼ਬਾਰ ਵਿਚ ਲਹਿ ਗਿਆ।

ਤੇ ਮਨਪ੍ਰੀਤ ਨੇ ਫੋਨ ਕੀਤਾ ਸੀ। ਪੈਸਿਆਂ ਦੇ ਲਾਲਚ ਪਿੱਛੇ ਘੱਟ, ਇਹ ਜਾਣਨ ਲਈ ਵੱਧ ਕਿ ਉਸਦੇ ਦੱਖਣ ਏਸ਼ੀਆਈ ਵੀਰਜ ਦਾ ਕਿਸੇ ਨੇ ਕੀ ਕਰਨਾ ਸੀ। ਉਸਨੂੰ ਡਾਕਟਰ ਨੇ ਦੱਸਿਆ, "ਸਾਨੂੰ ਇਕ ਭਾਰਤੀ ਜੋੜੇ ਦੀ ਮਦਦ ਲਈ ਦੱਖਣ ਏਸ਼ੀਆਈ ਮੂਲ ਦੇ ਆਦਮੀ ਦੇ ਵੀਰਜ ਦੀ ਲੋੜ ਹੈ। ਪਤੀ ਦੇ ਵੀਰਜ ਵਿਚ ਸ਼ੁਕਰਾਣੂਆਂ ਦੀ ਮਾਤਰਾ ਘੱਟ ਹੋਣ ਕਾਰਨ ਮਾਤ-ਅੰਡੇ ਜ਼ਰਖੇਜ਼ ਹੋਣੋਂ ਰਹਿ ਜਾਂਦੇ ਹਨ ਤੇ ਪਤਨੀ ਨੂੰ ਗਰਭ ਨਹੀਂ ਠਹਿਰਦਾ। ਸੋ, ਸਾਨੂੰ ਇਕ ਅਜਿਹੇ ਸਿਹਤਮੰਦ ਆਦਮੀ ਦੇ ਵੀਰਜ ਦੀ ਲੋੜ ਹੈ ਜੋ ਲਾਗ-ਰਹਿਤ ਹੋਵੇ ਤੇ ਡੇਢ ਤੋਂ ਤਿੰਨ ਮਿਲੀਗ੍ਰਾਮ ਵੀਰਜ ਬਣਾ ਸਕਦਾ ਹੋਵੇ। ਉਸ ਆਦਮੀ ਦਾ ਦੱਖਣ ਏਸ਼ੀਆਈ ਹੋਣਾ ਜ਼ਰੂਰੀ ਹੈ ਤਾਂ ਜੋ ਜਨਮ ਪਿੱਛੋਂ ਬਾਲ ਆਪਣੇ ਚੌਗਿਰਦੇ ਤੋਂ ਵੱਖਰਾ ਨਾ ਜਾਪੇ। ਦਾਤੇ ਦੇ ਵੀਰਜ ਵਿਚ ਦੋ ਕਰੋੜ ਸ਼ੁਕਰਾਣੂ ਮੌਜੂਦ ਹੋਣ ਤਾਂ ਉਸਨੂੰ ਅਸੀਂ ਉੱਤਮ ਦਰਜੇ ਦਾ ਦਾਤਾ ਮੰਨਦੇ ਹਾਂ।"

ਪਰਖ ਹੋਈ ਤੇ ਮਨਪ੍ਰੀਤ ਉੱਤਮ ਦਰਜੇ ਦਾ ਦਾਤਾ ਹੀ ਨਿਕਲਿਆ। ਉਸਦਾ ਵੀਰਜ ਲੈ ਲਿਆ ਗਿਆ ਤੇ ਨਾਲ ਹੀ ਉਸਨੂੰ ਦੱਸਿਆ ਗਿਆ ਕਿ ਦਾਤੇ ਅਤੇ ਪ੍ਰਾਪਤ-ਕਰਤੇ ਬਾਰੇ ਜਾਣਕਾਰੀ ਗੁਪਤ ਰੱਖੀ ਜਾਵੇਗੀ। ਮਨਪ੍ਰੀਤ ਦਾ ਹੋਣ ਵਾਲੇ ਬਾਲ ਉੱਤੇ ਕਿਸੇ ਕਿਸਮ ਦਾ ਅਧਿਕਾਰ ਨਹੀਂ ਹੋਵੇਗਾ ਤੇ ਨਾ ਹੀ ਉਸ ਬਾਲ ਦਾ ਮਨਪ੍ਰੀਤ ਉੱਤੇ।

ਬੈਠੇ ਬਿਠਾਏ ਮਨਪ੍ਰੀਤ ਨੂੰ ਚਾਰ ਸੌ ਡਾਲਰ ਮਿਲ ਗਏ; ਉਨ੍ਹੀਂ ਦਿਨੀਂ ਇਹ ਰਕਮ ਮਹੀਨੇ ਦੇ ਜੇਬ ਖਰਚ ਦੇ ਬਰਾਬਰ ਹੁੰਦੀ ਸੀ। ਅਧਿਕਾਰਾਂ ਦੇ ਹੋਣ ਨਾ ਹੋਣ ਨਾਲ ਕੀ ਫ਼ਰਕ ਪੈਂਦਾ ਸੀ। ਬਾਲ ਹੋਵੇਗਾ ਉਨ੍ਹਾਂ ਲਈ ਜੋ ਉਸਨੂੰ ਲੋੜਦੇ ਹਨ, ਮਨਪ੍ਰੀਤ ਲਈ ਤਾਂ ਇਹ ਰੋਜ਼ਾਨਾ ਖਲਾਸੀ ਤੋਂ ਵੱਧ ਕੁਝ ਨਹੀਂ ਸੀ। ਪਰ ਇਹ ਤਾਂ ਪੰਝੀ ਵਰ੍ਹੇ ਪੁਰਾਣੀ ਗੱਲ ਹੈ...

ਹੁਣ ਮਨਪ੍ਰੀਤ ਨੂੰ ਜਾਪਦਾ ਹੈ ਕਿ ਹੋਵੇ ਨਾ ਹੋਵੇ ਜਯੰਤ ਉਸਦਾ ਹੀ ਪੁੱਤਰ ਹੈ। ਉਸ ਨਾਲ ਟਾਕਰਾ ਤਾਂ ਕਈ ਵੇਰ ਹੋ ਚੁੱਕਾ ਸੀ, ਤੇ ਥੋੜ੍ਹੀ ਬਹੁਤ ਗੱਲ-ਬਾਤ ਵੀ, ਪਰ ਪਹਿਲੀ ਵਾਰ ਇਹ ਖਿਆਲ ਉਦੋਂ ਆਇਆ ਸੀ ਜਦੋਂ ਉਸਨੇ ਜਯੰਤ ਦੇ ਖੱਬੇ ਹੱਥ ਦੇ ਐਨ ਵਿਚਕਾਰ ਤਿਲ ਦੇਖਿਆ ਸੀ। ਬਿਲਕੁਲ ਇਹੋ ਜਿਹਾ ਤਿਲ ਉਸਦੇ ਆਪਣੇ ਸੱਜੇ ਹੱਥ ਉੱਤੇ ਸੀ। ਉਸਦਾ ਜੀਅ ਕੀਤਾ ਕਿ ਜਯੰਤ ਨੂੰ

ਇਸ ਇਤਫ਼ਾਕ ਬਾਰੇ ਦੱਸੇ, ਪਰ ਫੇਰ ਸੰਗ ਗਿਆ। ਇਹ ਵੀ ਕੋਈ ਕਹਿਣ ਵਾਲੀ ਗੱਲ ਸੀ। ਦੁਨੀਆਂ ਵਿਚ ਕਿੰਨੇ ਲੋਕਾਂ ਦੇ ਹੱਥਾਂ 'ਤੇ ਤਿਲ ਹੁੰਦੇ ਨੇ, ਕਿਸੇ ਦੇ ਸੱਜੇ ਹੱਥ ਉੱਤੇ, ਕਿਸੇ ਦੇ ਖੱਬੇ ਹੱਥ 'ਤੇ। ਪਰ ਇਹ ਤਿਲ ਮਨਪ੍ਰੀਤ ਦੀ ਨਜ਼ਰ ਵਿਚ ਇੰਝ ਖੁਭ ਗਿਆ ਕਿ ਹੁਣ ਉਸਨੂੰ ਗਾਹੀਂ-ਬਗਾਹੀਂ ਜਯੰਤ ਵਿਚ ਆਪਣੇ ਝਾਉਲੇ ਦਿਸਣ ਲੱਗ ਪਏ। ਉਸਦਾ ਕੱਦ ਆਪਣੇ ਪਿਤਾ, ਸ੍ਰੀ ਵਿਸ਼ਵਨਾਥਨ ਦੇ ਕੱਦ ਨਾਲੋਂ ਚਾਰ ਇੰਚ ਵੱਧ ਸੀ। ਤਕਰੀਬਨ ਮਨਪ੍ਰੀਤ ਦੇ ਕੱਦ ਬਰਾਬਰ, ਪਰ ਦੁਨੀਆਂ ਵਿਚ ਆਪਣੇ ਬਾਪ ਨਾਲੋਂ ਲੰਮੇ ਨਿਕਲਣ ਵਾਲੇ ਪੁੱਤਰ ਕੋਈ ਘੱਟ ਹਨ! ਉਸਦਾ ਰੰਗ ਆਪਣੇ ਪਿਤਾ ਨਾਲੋਂ ਵੱਧ ਸਾਫ਼ ਸੀ, ਭਾਵੇਂ ਮਨਪ੍ਰੀਤ ਜਿੰਨਾ ਸਾਫ਼ ਨਾ ਵੀ ਸਹੀ। ਪਰ ਹਰ ਬੇਟੇ ਦੀ ਚਮੜੀ ਦੀ ਰੰਗਤ ਆਪਣੇ ਬਾਪ ਦੀ ਰੰਗਤ ਨਾਲ ਇੰਨ-ਬਿੰਨ ਮਿਲਣੀ ਵੀ ਤਾਂ ਜ਼ਰੂਰੀ ਨਹੀਂ। ਪਰ ਸਭ ਤੋਂ ਵੱਧ ਸ਼ੱਕ ਮਨਪ੍ਰੀਤ ਨੂੰ ਉਸਦੇ ਬੋਲਣ ਦੇ ਲਹਿਜੇ ਤੋਂ ਹੋਇਆ।

ਅੰਗਰੇਜ਼ੀ ਬੋਲਦਿਆਂ ਜਯੰਤ 'ਰਾ' ਦੀ ਧੁਨੀ ਨੂੰ ਥੋੜ੍ਹਾ ਜੀਭ ਵਲ੍ਹੇਟ ਕੇ ਉਚਾਰਦਾ ਸੀ, ਜਿਵੇਂ ਅਮਰੀਕੀ ਉਚਾਰਦੇ ਹਨ। ਉਸਦਾ ਬਾਕੀ ਉਚਾਰਨ ਆਮ ਪੜ੍ਹੇ-ਲਿਖੇ ਹਿੰਦੁਸਤਾਨੀਆਂ ਵਰਗਾ ਸੀ ਪਰ ਉਸਦੇ 'ਰਾਰੇ' ਹਲਕੀ ਜਿਹੀ ਅਮਰੀਕੀ ਰੰਗਤ ਵਾਲੇ ਸਨ, ਜੋ ਏਨੇ ਵਰ੍ਹੇ ਓਥੇ ਰਹਿ ਚੁੱਕੇ ਮਨਪ੍ਰੀਤ ਨੂੰ ਝੱਟ ਮਹਿਸੂਸ ਹੋ ਜਾਂਦੇ ਸਨ। ਇਕ ਦਿਨ ਉਸਨੇ ਪੁੱਛ ਹੀ ਲਿਆ:

"ਤੁਹਾਡਾ ਅੰਗਰੇਜ਼ੀ ਦਾ ਅਧਿਆਪਕ ਕੋਈ ਅਮਰੀਕੀ ਤਾਂ ਨਹੀਂ ਸੀ ? ਤੁਸੀਂ ਆਪਣੇ 'ਆਰ' ਉਨ੍ਹਾਂ ਵਾਂਗ 'ਰੋਲ' ਕਰਕੇ ਉਚਾਰਦੇ ਹੋ।"

ਜਯੰਤ ਥੋੜ੍ਹਾ ਜਿਹਾ ਸ਼ਰਮਾ ਗਿਆ; ਇਹ ਸ਼ਰਮਾਹਟ ਵੀ ਮਨਪ੍ਰੀਤ ਨੂੰ ਬੜੀ ਆਪਣੀ ਜਾਪੀ। ਪਹਿਲੀਆਂ ਵਿਚ ਉਸਦਾ ਮੂੰਹ ਵੀ ਨਿੱਕੀ-ਨਿੱਕੀ ਗੱਲੇ ਲਾਲ ਹੋ ਜਾਂਦਾ ਹੁੰਦਾ ਸੀ। "ਦਰਅਸਲ ਮੈਂ ਪਹਿਲੇ ਸੱਤ ਸਾਲ ਅਮਰੀਕਾ ਪਲਿਆ ਹਾਂ। ਓਸੇ ਦਾ ਕੁਝ ਅਸਰ ਬਚਿਆ ਰਹਿ ਗਿਆ ਹੋਣੈ..."

"ਅਮਰੀਕਾ ਵਿਚ ਕਿੱਥੇ ਦੀ ਪੈਦਾਇਸ਼ ਹੈ ਤੁਹਾਡੀ ?" ਮਨਪ੍ਰੀਤ ਦਾ ਦਿਲ ਜਿਵੇਂ ਪਲ ਭਰ ਲਈ ਧੜਕਣਾ ਬੰਦ ਹੋ ਗਿਆ ਸੀ।

"ਵਰਜੀਨੀਆ ਵਿਚ ਰਹਿੰਦੇ ਸਾਂ ਅਸੀਂ, ਵੈਸੇ ਹੁਣ ਮੈਨੂੰ ਬਸ ਮਾੜਾ ਮਾੜਾ ਹੀ ਚੇਤਾ ਬਾਕੀ ਹੈ ਉਥੋਂ ਦਾ"।

ਵਰਜੀਨੀਆ, ਯਾਨੀ ਕੈਲੀਫੋਰਨੀਆ ਤੋਂ ਤਿੰਨ ਹਜ਼ਾਰ ਮੀਲ ਦੂਰ। ਅਮਰੀਕਾ ਦੇ ਦੂਜੇ ਪਾਸੇ। ਦੋਹਾਂ ਰਾਜਾਂ ਦੇ ਵਿਚਕਾਰ ਪੂਰਾ ਮਹਾਂਦੀਪ ਫੈਲਿਆ ਹੋਇਆ ਹੈ। ਵਰਜੀਨੀਆ ਰਹਿੰਦੇ ਮਾਪਿਆਂ ਨੇ ਏਨੀ ਦੂਰ ਜਾਕੇ ਇਸ਼ਤਿਹਾਰ ਕਿਉਂ ਦੇਣਾ ਸੀ। ਪਰ ਇਹ ਵੀ ਤਾਂ ਸੰਭਵ ਹੈ ਕਿ ਜਯੰਤ ਦੇ ਜਨਮ ਵੇਲੇ ਉਹ ਕੈਲੀਫੋਰਨੀਆ, ਜਾਂ ਕਿਸੇ ਹਰ ਪੱਛਮੀ ਰਾਜ ਵਿਚ ਰਹਿੰਦੇ ਹੋਣ। ਅਮਰੀਕਾ ਵਿਚ ਤਾਂ ਕੋਈ ਇਕ ਥਾਂ ਟਿਕਦਾ ਹੀ ਨਹੀਂ...

"ਪਰ ਤੁਹਾਡੀ ਪੈਦਾਇਸ਼ ਵੀ ਵਰਜੀਨੀਆ ਦੀ ਹੀ ਹੈ ਕਿ ਪੈਦਾ ਕਿਸੇ ਹੋਰ ਥਾਂ ਹੋਏ ਸੋ ?" ਏਨੇ ਘੋਖਵੇਂ ਸਵਾਲ ਕਰੀ ਜਾਣਾ ਮਨਪ੍ਰੀਤ ਨੂੰ ਆਪ ਵੀ ਅਜੀਬ ਲੱਗ ਰਿਹਾ ਸੀ, ਪਰ ਪੁੱਛੇ ਬਿਨਾਂ ਗੁਜ਼ਾਰਾ ਵੀ ਨਹੀਂ ਸੀ।

"ਨਹੀਂ ਪੈਦਾ ਮੈਂ ਨਿਊ ਯੌਰਕ ਵਿਚ ਹੋਇਆ ਸਾਂ, ਮੈਂ ਸ਼ਾਇਦ ਤਿੰਨ ਸਾਲਾਂ ਦਾ ਸੀ ਜਦੋਂ ਪਾਪਾ ਵਰਜੀਨੀਆ ਆ ਗਏ।"

ਨਿਊ ਯੌਰਕ ਵੀ ਤਾਂ ਵੱਡੇ ਹਸਪਤਾਲਾਂ ਵਾਲਾ ਸ਼ਹਿਰ ਹੈ, ਸ਼ਾਇਦ ਉਨ੍ਹਾਂ ਦੀ ਸਾਨ ਫਰਾਂਸਿਸਕੋ ਵਾਲੇ ਹਸਪਤਾਲ ਨਾਲ ਕੋਈ ਸਾਂਝ ਰਹੀ ਹੋਵੇ। ਮਨਪ੍ਰੀਤ ਨੇ ਆਪਣੇ ਸ਼ੱਕ ਦੀ ਤੰਦ ਨੂੰ ਘੁੱਟ ਕੇ ਫੜਿਆ ਹੋਇਆ ਸੀ। ਭਾਵੇਂ ਉਸਦੀ ਅਕਲ ਉਸਨੂੰ ਇਹ ਇਸ਼ਾਰੇ ਵੀ ਕਰ ਰਹੀ ਸੀ ਕਿ ਨਿਊ ਯੌਰਕ ਵਿਚ ਦੱਖਣ ਏਸ਼ੀਆਈ ਵਸੋਂ ਕੋਈ ਥੋੜ੍ਹੀ ਨਹੀਂ ਕਿ ਵੀਰਜ ਲਈ ਤਿੰਨ ਹਜ਼ਾਰ ਮੀਲ ਦੂਰ ਤਲਾਸ਼ ਕੀਤੀ ਗਈ ਹੋਵੇ। ਪਰ ਸੌ ਕਾਰਨ ਹੋਰ ਵੀ ਤਾਂ ਹੋ ਸਕਦੇ ਹਨ। ਉਨ੍ਹੀਂ ਦਿਨੀਂ ਇਹ ਤਕਨੀਕ ਏਨੀ ਨਵੀਂ ਸੀ ਕਿ ਕੀ ਪਤਾ ਕਿਸੇ ਵਿਰਲੇ ਟਾਵੇਂ ਹਸਪਤਾਲ ਜਾਂ ਮਾਹਰ ਵੱਲੋਂ ਹੀ ਵਰਤੀ ਜਾਂਦੀ ਹੋਵੇ, ਉਸ ਵੇਲੇ...

ਮਨਪ੍ਰੀਤ ਆਪਣੇ ਆਪ ਨੂੰ ਸਮਝਾਣ ਦੀ ਕੋਸ਼ਿਸ਼ ਕਰਦਾ ਹੈ ਕਿ ਮਹਿਜ਼ ਸ਼ੱਕ ਦੇ ਆਧਾਰ 'ਤੇ

ਉਹ ਜਯੰਤ 'ਤੇ ਕੋਈ ਅਧਿਕਾਰ ਨਹੀਂ ਜਤਾ ਸਕਦਾ। ਬਲਕਿ ਜੇ ਸਿੱਧ ਕਰ ਵੀ ਸਕੇ, ਤਾਂ ਵੀ ਨਹੀਂ। ਬਾਪ ਹੋਣ ਦਾ ਹਰ ਹੱਕ ਤਾਂ ਉਸਨੇ ਵੀਰਜ ਦਾਨ ਕਰਨ ਵੇਲੇ ਇਕ ਕਾਗਜ਼ ਦੇ ਟੋਟੇ ਉੱਤੇ ਦਸਤਖਤ ਕਰਕੇ ਤਜ ਦਿੱਤਾ ਸੀ। ਪਰ ਉਦੋਂ ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਹਸਪਤਾਲ ਦੀ ਸ਼ੀਸ਼ੀ ਵਿਚ ਛੱਡੀਆਂ ਕੁਝ ਬੂੰਦਾਂ ਪੰਝੀ ਵਰ੍ਹੇ ਬਾਅਦ ਸੋਹਣੀ-ਸੁਨੱਖੀ ਮੂਰਤ ਬਣ ਕੇ ਉਸਦੇ ਸਾਹਮਣੇ ਆ ਖੜੋਣਗੀਆਂ। ਉਸ ਅੰਦਰ ਖੋਹ ਪੈਦਾ ਕਰਨਗੀਆਂ। ਉਸਨੂੰ ਬੇਬਸੀ ਦੇ ਪਾਣੀਆਂ ਵਿਚ ਗੋਤੇ ਦੁਆਣਗੀਆਂ, ਪਟਕਾ ਪਟਕਾ ਮਾਰਨਗੀਆਂ।

ਮੀਂਹ ਦੀ ਰਫ਼ਤਾਰ ਕੁਝ ਘਟ ਗਈ ਹੈ। ਸ਼ੀਸ਼ਿਆਂ ਨਾਲ ਟਕਰਾਂਦੀ ਵਾਛੜ ਹੁਣ ਝਲਾਰਾਂ ਨਹੀਂ ਬਣਾਂਦੀ, ਘਰਾਲਾਂ ਜਿਹੀਆਂ ਉਲੀਕਦੀ ਜਾਂਦੀ ਹੈ। ਪਾਣੀ ਸਿੱਧੀਆਂ ਰੇਖਾਵਾਂ ਵਿਚ ਕਿਉਂ ਨਹੀਂ ਵਗਦਾ! ਇੰਝ ਵਿੰਗ-ਵਲੇਵੇਂ ਕਿਉਂ ਖਾਂਦਾ ਜਾਂਦਾ ਹੈ! ਜਿਵੇਂ ਭਟਕ ਗਿਆ ਹੋਵੇ ਤੇ ਰਾਹ ਤਲਾਸ਼ ਰਿਹਾ ਹੋਵੇ...

ਮਨਪ੍ਰੀਤ ਵ੍ਹਿਸਕੀ ਦਾ ਪੈੱਗ ਬਣਾਂਦਾ ਹੈ: ਤੇਜ਼, ਢੇਰ ਸਾਰੀ ਬਰਫ਼ ਪਾਣੀ ਤੋਂ ਬਗੈਰ। ਤੇ ਆਪਣੇ ਸੌਣ ਵਾਲੇ ਕਮਰੇ ਨਾਲ ਲਗਦੀ ਛੋਟੀ ਜਿਹੀ ਬਾਲਕੋਨੀ 'ਤੇ ਆ ਜਾਂਦਾ ਹੈ। ਉੱਤੋਂ ਛੱਤੀ, ਤਿਪਾਸਿਉਂ ਨੰਗੀ ਇਹ ਬਾਲਕੋਨੀ ਘਰ ਦੇ ਅੰਦਰ ਵੀ ਹੈ, ਬਾਹਰ ਵੀ। ਪੂਰਬ ਵੱਲ ਝਾਕਦੀ। ਇਸ ਥਾਂ ਤੋਂ ਬਾਹਰ ਵੱਲ ਦੇਖੋ ਤਾਂ ਹੇਠ ਸਾਵਾ ਕਚੂਚ ਜੰਗਲ ਪਸਰਿਆ ਨਜ਼ਰ ਆਂਦਾ ਹੈ। ਇਹੋ ਜਿਹੀ ਹਰਿਆਵਲ ਭਰੀ ਥਾਂ ਦੱਖਣੀ ਬੰਬਈ ਦੇ ਇਮਾਰਤੀ ਜੰਗਲ ਵਿਚ ਹੋਰ ਕਿਤੇ ਨਹੀਂ। ਨਹੀਂ ਤਾਂ ਹੁਣ ਤੀਕ ਹਰ ਚੱਪੇ ਉੱਤੇ ਕਿਤੇ ਇਮਾਰਤਾਂ ਤੇ ਕਿਤੇ ਝੁੱਗੀਆਂ ਦੀਆਂ ਉੱਚੀਆਂ ਨੀਵੀਆਂ ਥੋਹਰਾਂ ਉੱਗੀਆਂ ਹੋਈਆਂ ਹਨ। ਇਹ ਟੋਟਾ ਵੀ ਏਸੇ ਲਈ ਬਚਿਆ ਰਹਿ ਗਿਆ ਹੈ ਕਿਉਂਕਿ ਇਹ ਪਾਰਸੀ ਪੰਚਾਇਤ ਦੀ ਮਲਕੀਅਤ ਹੈ: ਡੋਂਗਰਵਾੜੀ। ਇਨ੍ਹਾਂ ਰੁੱਖਾਂ ਵਿਚ ਬੰਬਈ ਦੇ ਹਰ ਪਾਰਸੀ ਦੀ ਅੰਤਮ ਠਾਹਰ ਲੁਕੀ ਹੋਈ ਹੈ; ਪਾਰਸੀਆਂ ਦਾ ਮੁਰਦਾ-ਘਾਟ, ਜਿਸਨੂੰ ਉਹ 'ਖਾਮੋਸ਼ੀ-ਮੀਨਾਰ' ਆਖਦੇ ਹਨ। ਇਸ ਸ਼ਾਂਤ ਸਾਵੇ ਝੁਰਮਟ ਦੇ ਐਨ ਵਿਚਕਾਰ, ਉੱਚੀਆਂ ਕੰਧਾਂ ਨਾਲ ਵਲਿਆ ਬਿਨ-ਛੱਤਾ ਘੇਰਾ ਹੈ ਜਿਸ ਵਿਚ ਪੌੜੀਆਂ ਲਹਿੰਦੀਆਂ ਹਨ। ਪਾਰਸੀ ਆਪਣੇ ਤੁਰ ਗਿਆਂ ਨੂੰ ਏਥੇ ਛੱਡ ਜਾਂਦੇ ਹਨ, ਤੇ ਫੇਰ ਇਸ ਜੰਗਲ ਵਿਚ ਮੰਡਰਾਂਦੀਆਂ, ਉਡੀਕਦੀਆਂ ਗਿਰਝਾਂ ਲੋਥ ਨੂੰ ਪਾਰ ਲਾ ਦੇਂਦੀਆਂ ਨੇ। ਕਈਆਂ ਨੂੰ ਇਹ ਢੰਗ ਬੜਾ ਕਰੂਰ ਜਾਪਦਾ ਹੈ। ਪਰ ਰਸਾਇਣ-ਸ਼ਾਸਤਰੀ ਮਨਪ੍ਰੀਤ ਨੂੰ ਪਤਾ ਹੈ ਕਿ ਬੇਜਾਨ ਸਰੀਰ ਨੂੰ ਫੂਕੋ, ਦੱਬੋ ਜਾਂ ਤੇਜ਼ਾਬ ਪਾ ਕੇ ਗਲਾ ਦਿਓ; ਕੋਈ ਫਰਕ ਨਹੀਂ। ਕਲਬੂਤ ਤਾਂ ਮਹਿਜ਼ ਕਲਬੂਤ ਹੈ। ਹਰ ਪੀੜ, ਹਰ ਅਹਿਸਾਸ ਤੋਂ ਪਰ੍ਹੇ...

ਮਨਪ੍ਰੀਤ ਲੰਮੀ, ਲੇਟਵੀਂ ਆਰਾਮ ਕੁਰਸੀ ਬਾਹਰ ਖਿੱਚ ਲਿਆਂਦਾ ਹੈ। ਬੇਗ਼ਮ ਅਖ਼ਤਰ ਦੀ ਸੀ ਡੀ ਲਾ ਦੇਂਦਾ ਹੈ। ਹਥਲਾ ਗਲਾਸ ਕੁਰਸੀ ਦੀ ਚੌੜੀ ਬਾਂਹ ਉੱਤੇ ਟਿਕਾ ਦਿੱਤਾ ਹੈ। ਬੇਗ਼ਮ ਅਖਤਰ ਦੀ ਹੂਕ ਸਿਲ੍ਹੀ ਹਵਾ 'ਤੇ ਡੋਲ ਰਹੀ ਹੈ...

'ਮੇਰੇ ਹਮਨਫ਼ਸ, ਮੇਰੇ ਹਮਨਵਾ, ਮੁਝੇ ਦੋਸਤ ਬਨਕੇ ਦਗ਼ਾ ਨ ਦੇ,
ਮੈਂ ਹੂੰ ਦਰਦ-ਏ-ਇਸ਼ਕ ਸੇ ਜਾਂ ਬਲਬ, ਮੁਝੇ ਜ਼ਿੰਦਗੀ ਕੀ ਦੁਆ ਨ ਦੇ'

ਬੜੇ ਸਾਲਾਂ ਤੋਂ ਮਨਪ੍ਰੀਤ ਨੂੰ ਭੁੱਲ ਚੁੱਕਾ ਸੀ ਕਿ ਦਰਦ-ਏ-ਇਸ਼ਕ ਕੀ ਹੁੰਦਾ ਹੈ। ਇਸ ਅਹਿਸਾਸ ਦੀ ਕਸਕ ਤੋਂ ਵਿਰਵਾ ਹੈ ਉਹ। ਪਰ ਕਸਕ ਸਿਰਫ਼ ਮਹਿਬੂਬ ਦੀ ਖਿੱਚ ਕਾਰਨ ਹੀ ਤਾਂ ਨਹੀਂ ਪੈਂਦੀ; ਇਸ ਅੰਦਰਲੇ ਖਿਲਾਅ ਦਾ ਕਾਰਨ, ਇਸ ਖੋਹ ਦਾ ਸੋਮਾ ਕੋਈ ਹੋਰ ਵੀ ਤਾਂ ਹੋ ਸਕਦਾ ਹੈ। ਉਹ ਪੁੱਤਰ ਵੀ, ਜੋ ਸ਼ਾਇਦ ਉਸਦਾ ਹੈ...

ਬਾਰ ਬਾਰ ਤੰਗ ਕਰਦੇ ਇਸ ਖਿਆਲ ਨੂੰ ਮਨਪ੍ਰੀਤ ਛੰਡ ਮੁੱਟਣਾ ਚਾਂਹਦਾ ਹੈ। ਪਰ ਖਿਆਲ ਕੋਈ ਬਾਰਸ਼ ਦੀਆਂ ਬੂੰਦਾਂ ਤਾਂ ਨਹੀਂ, ਕਿ ਝਟਕ ਦਿੱਤਾ ਤੇ ਖਿੰਡ ਗਿਆ।

ਮਨਪ੍ਰੀਤ ਕੋਲ ਪਿਆ ਫੋਨ ਚੁੱਕਦਾ ਹੈ। ਬੜੇਦਾ ਦਾ ਨੰਬਰ ਘੁਮਾਂਦਾ ਹੈ। ਸੁਨੈਨਾ ਨਾਲ ਗੱਲ ਕੀਤਿਆਂ ਬੜੇ ਦਿਨ ਹੋ ਗਏ ਨੇ।

ਫੋਨ ਸੁਧਾ ਨੇ ਚੁੱਕਿਆ ਹੈ:

"ਹੈਲੋ!"

"ਹੈਲੋ, ਸੁਧਾ!"

"ਓਹ! ਮਨਪ੍ਰੀਤ? ਸੁਨੈਨਾ ਪਹੁੰਚ ਗਈ ਏ?"

"ਨਹੀਂ, ਕਿਉਂ ਉਹਨੇ ਬੰਬਈ ਆਣਾ ਸੀ? ਮੈਂ ਤਾਂ ਓਸੇ ਨਾਲ ਗੱਲ ਕਰਨ ਲਈ ਫੋਨ ਕੀਤਾ ਸੀ।"

"ਸਵੇਰ ਦੀ ਗੱਡੀ 'ਤੇ ਗਈ ਏ, ਆਪਣੇ ਦੋਸਤਾਂ ਨਾਲ। ਕਹਿੰਦੀ ਸੀ ਜਾ ਕੇ ਫੋਨ ਕਰੇਗੀ ਤੈਨੂੰ।"

"ਹਾਲੇ ਤੀਕ ਤਾਂ ਕੋਈ ਫੋਨ ਨਹੀਂ ਆਇਆ। ਏਥੇ ਸਵੇਰ ਦੀ ਬਾਰਸ਼ ਹੀ ਬਹੁਤ ਹੋ ਰਹੀ ਹੈ। ਕਿੱਥੇ ਠਹਿਰਨਾ ਸੀ ਉਸਨੇ?"

"ਮੈਨੂੰ ਪੱਕਾ ਕੁਝ ਵੀ ਦੱਸ ਕੇ ਨਹੀਂ ਗਈ। ਪਰ ਕਹਿੰਦੀ ਸੀ ਤੈਨੂੰ ਫੋਨ ਜ਼ਰੂਰ ਕਰੇਗੀ। ਸ਼ਾਇਦ ਠਹਿਰ ਕੇ ਕਰਨ ਦੀ ਸੋਚੀ ਹੋਵੇ।"

"ਕਮਾਲ ਹੈ, ਤੈਨੂੰ ਪੱਕਾ ਪਤਾ ਵੀ ਨਹੀਂ ਕਿ ਠਹਿਰਨਾ ਕਿੱਥੇ ਹੈ। ਸ਼ੀ ਇਜ਼ ਏ ਯੰਗ ਗਰਲ, ਆਫ਼ਟਰ ਆਲ।"

ਮਨਪ੍ਰੀਤ ਦੀ ਸੁਰ ਵਿਚਲਾ ਨਿਹੋਰਾ ਸੁਧਾ ਨੂੰ ਚੁਭਿਆ ਹੈ, "ਸ਼ੀ ਇਜ਼ ਐਨ ਐਡਲਟ ਨਾਓ, ਆਪਣਾ ਭਲਾ ਬੁਰਾ ਪਛਾਣਦੀ ਹੈ। ਤੇ ਦੂਜੇ ਜਦੋਂ ਉਹ ਸੱਚਮੁੱਚ 'ਯੰਗ ਗਰਲ' ਸੀ, ਉਦੋਂ ਕਿੱਥੇ ਸੀ ਤੂੰ?"

"ਡੌਂਟ ਸਟਾਰਟ ਦੈਟ ਅਗੇਨ। ਹਰ ਵਾਰ ਮੈਨੂੰ ਇਹੋ ਮਿਹਣਾ ਕਿਉਂ ਮਾਰਦੀ ਹੈਂ?" ਚੰਗੀ ਭਲੀ ਸੁਰ ਵਿਚ ਸ਼ੁਰੂ ਹੋਈ ਗੱਲਬਾਤ ਐਵੇਂ ਹੀ ਬੇਸੁਆਦੀ ਵੱਲ ਮੋੜ ਕੱਟ ਗਈ ਹੈ।

"ਮੈਂ ਕੋਈ ਮਿਹਣਾ ਨਹੀਂ ਮਾਰ ਰਹੀ। ਸਿਰਫ ਤੈਨੂੰ ਦੱਸ ਰਹੀ ਹਾਂ ਕਿ ਸੁਨੈਨਾ ਹੁਣ ਦੁੱਧ-ਪੀਂਦੀ ਬੱਚੀ ਨਹੀਂ ਰਹੀ, ਵੱਡੀ ਹੋ ਚੁੱਕੀ ਏ।"

ਸੁਧਾ ਨੇ ਕਿਹਾ ਤਾਂ ਨਹੀਂ ਪਰ ਮਨਪ੍ਰੀਤ ਨੂੰ ਅਣਕਿਹਾ ਵੀ ਸੁਣ ਗਿਆ ਹੈ: 'ਤੇ ਵੱਡੀ ਉਹ ਤੇਰੀ ਮਦਦ ਦੇ ਬਗੈਰ ਹੋਈ ਏ। ਹੁਣ ਦਖ਼ਲ-ਅੰਦਾਜ਼ੀ ਨਾ ਕਰ'। ਪੰਦਰਾਂ ਵਰ੍ਹੇ ਇਕੱਠਿਆਂ ਗੁਜ਼ਾਰ ਕੇ ਉਨ੍ਹਾਂ ਨੂੰ ਇਕ ਦੂਜੇ ਦਾ ਅਣਕਿਹਾ ਸੁਣਨ ਦੀ ਵੀ ਜਾਚ ਆ ਗਈ ਸੀ। ਫ਼ਰਕ ਸਿਰਫ਼ ਏਨਾ ਹੈ ਕਿ ਪਹਿਲੋਂ ਕਦੇ ਉਸ ਅਣਕਹੇ ਵਿਚ ਨਿੱਘ ਰਲਿਆ ਹੁੰਦਾ ਸੀ, ਹੁਣ ਗਿਲਿਆਂ ਦੀ ਪਾਣ ਚੜ੍ਹੀ ਹੁੰਦੀ ਹੈ।

ਕਹੇ ਤੇ ਅਣਕਹੇ ਨੂੰ ਅਣਸੁਣਿਆ ਮੰਨ ਕੇ ਮਨਪ੍ਰੀਤ ਆਖਦਾ ਹੈ, "ਸੁਨੈਨਾ ਕੋਲ ਮੋਬਾਈਲ ਹੋਣੈ, ਮੈਨੂੰ ਦੇ, ਮੈਂ ਆਪ ਪਤਾ ਕਰਨਾਂ। ਏਨੀ ਬਾਰਸ਼ ਹੋ ਰਹੀ ਹੈ ਏਥੇ... ਕਿਸੇ ਮਦਦ ਦੀ ਲੋੜ ਨਾ ਹੋਵੇ।"

"ਮਨਪ੍ਰੀਤ। ਇਕ ਮੋਬਾਈਲ ਨੰਬਰ ਦੇ ਗਈ ਏ, ਕਿਸੇ ਸਹੇਲੀ ਦਾ। ਪਰ ਮਨ੍ਹਾ ਕਰ ਗਈ ਏ ਕਿ ਸਿਵਾਏ ਐਮਰਜੰਸੀ ਦੇ ਉਸਨੂੰ ਫੋਨ ਨ ਕਰਾਂ। ਲੋੜ ਪੈਣ 'ਤੇ ਉਹ ਆਪੇ ਕਰ ਲਵੇਗੀ। ਸੋ ਉਹ ਨੰਬਰ ਮੈਂ ਤੈਨੂੰ ਨਹੀਂ ਦੇ ਸਕਦੀ। ਤੈਨੂੰ ਵੀ ਉਹ ਆਪੇ ਹੀ ਕਾਨਟੈਕਟ ਕਰ ਲਵੇਗੀ"।

"ਤੂੰ ਨੰਬਰ ਤਾਂ ਦੇ ਦੇ, ਮੈਂ ਬਿਨਾਂ ਲੋੜ ਪਈ ਨਹੀਂ ਕਰਦਾ", ਨਾ ਚਾਂਹਦਿਆਂ ਵੀ ਮਨਪ੍ਰੀਤ ਦੀ ਸੁਰ ਵਿਚ ਤਲਖ਼ੀ ਆ ਗਈ ਹੈ।

"ਲੁਕ, ਸ਼ੀ ਹੈਜ਼ ਸਪੈਸਿਫਕਲੀ ਟੋਲਡ ਮੀ ਨੌਟ ਟੂ ਗਿਵ ਇਟ ਟੂ ਯੂ। ਸੋ, ਮੈਂ ਨਹੀਂ ਦੇ ਸਕਦੀ। ਪਰ ਮੇਰੇ ਨਾਲ ਗਿਲਾ ਨਾ ਕਰ, ਇਹ ਤੇਰੀ ਧੀ ਦਾ ਆਪਣਾ ਫੈਸਲਾ ਹੈ। ਹੁਣ ਫੋਨ ਰੱਖ ਰਹੀ ਆਂ, ਮੇਰੇ ਘਰ ਗੈੱਸਟ ਆਏ ਹੋਏ ਨੇ। ਪਰ ਫ਼ਿਕਰ ਨਾ ਕਰ, ਉਹ ਤੈਨੂੰ ਫੋਨ ਕਰੇਗੀ ਜ਼ਰੂਰ।" ਮਨਪ੍ਰੀਤ ਨੂੰ ਜਾਪਦਾ ਹੈ ਕਿ ਫੋਨ ਰੱਖਣ ਤੋਂ ਪਹਿਲਾਂ ਸੁਧਾ ਸਿਰਫ਼ ਵਰਚਾਣ ਖ਼ਾਤਰ ਇਹ ਆਖਰੀ ਫ਼ਿਕਰਾ ਕਹਿ ਗਈ ਹੈ।

ਬੇਗ਼ਮ ਅਖ਼ਤਰ ਦਾ ਸ਼ਿਕਵਾ ਕਮਰੇ ਤੋਂ ਬਾਲਕੋਨੀ ਤਕ ਫੈਲਿਆ ਹੋਇਆ ਹੈ:

'ਕਭੀ ਹਮ ਮੇਂ ਤੁਮ ਮੇਂ ਕਰਾਰ ਥਾ, ਤੁਮਹੇਂ ਯਾਦ ਹੋ ਕਿ ਨਾ ਯਾਦ ਹੋ
ਕਭੀ ਹਮ ਭੀ ਤੁਮ ਭੀ ਥੇ ਆਸ਼ਨਾ, ਤੁਮਹੇਂ ਯਾਦ ਹੋ ਕਿ ਨਾ ਯਾਦ ਹੋ'

'ਮੈਂ ਕੋਈ ਦੁਸ਼ਮਣ ਹਾਂ ਸੁਨੈਨਾ ਦਾ, ਕਿ ਮਾਂ ਨੂੰ ਮੈਨੂੰ ਹੀ ਨੰਬਰ ਨਾ ਦੇਣ ਵਾਸਤੇ ਕਹਿ ਗਈ ਏ'।

ਬੜੀ ਕੋਸ਼ਿਸ਼ ਕੀਤੀ ਹੈ ਮਨਪ੍ਰੀਤ ਨੇ ਪਿਛਲੇ ਕੁਝ ਸਾਲਾਂ ਵਿਚ, ਪਰ ਸੁਨੈਨਾ ਦੇ ਮਨ ਵਿਚ ਕੋਈ ਗੰਢ ਹੈ, ਜੋ ਪੂਰੀ ਤਰ੍ਹਾਂ ਖੁਲ੍ਹਦੀ ਨਹੀਂ; ਕੋਈ ਰੋਸਾ ਹੈ, ਜੋ ਪੂਰੀ ਤਰ੍ਹਾਂ ਮਿਟਦਾ ਨਹੀਂ। ਸ਼ੁਰੂ ਵਿਚ ਮਨਪ੍ਰੀਤ ਨੂੰ ਜਾਪਦਾ ਸੀ ਕਿ ਸੁਧਾ ਹੀ ਸੁਨੈਨਾ ਨੂੰ ਸਹਿਜ ਨਹੀਂ ਹੋਣ ਦਿੰਦੀ। ਕਿਉਂਕਿ ਬੜੇ ਵਰ੍ਹੇ ਸੁਧਾ

ਆਪ ਵੀ ਸਹਿਜ ਨਹੀਂ ਸੀ ਹੋ ਸਕੀ...

ਸੁਧਾ ਤੇ ਮਨਪ੍ਰੀਤ ਸਟੈਨਫ਼ੋਰਡ ਵਿਚ ਹੀ ਮਿਲੇ ਸਨ: ਦੋਵੇਂ ਹਿੰਦੁਸਤਾਨੀ, ਦੋਵੇਂ ਕੈਮੀਕਲ ਇੰਜੀਨੀਅਰਿਗ ਦੀ ਪੜ੍ਹਾਈ ਕਰ ਰਹੇ ਤੇ ਦੋਵਾਂ ਦੀ ਹਾਣ ਲੋਚਣ ਦੀ ਉਮਰ। ਉਨ੍ਹਾਂ ਦਾ ਇਸ਼ਕ ਯੂਨੀਵਰਸਿਟੀ ਦੇ ਪਹਿਲੇ ਸਾਲਾਂ ਵਿਚ ਹੀ ਸ਼ੁਰੂ ਹੋ ਗਿਆ ਸੀ ਤੇ ਤੀਜੇ ਵਰ੍ਹੇ ਤੀਕ ਦੋਵੇਂ ਇਕੱਠੇ ਰਹਿਣ ਲੱਗ ਪਏ ਸਨ। ਵਿਆਹ ਜ਼ਰੂਰ ਵਾਪਸ ਮੁੜਨ ਤੋਂ ਬਾਅਦ ਕੀਤਾ। ਉਹ ਵੀ ਏਸ ਲਈ ਕਿਉਂਕਿ ਸੁਨੈਨਾ ਦੇ ਜਨਮ ਤੋਂ ਪਹਿਲਾਂ, ਤੇ ਆਪੋ ਆਪਣੇ ਮਾਪਿਆਂ ਦੀ ਖੁਸ਼ੀ ਲਈ, ਇਸ ਠੱਪੇ ਦੀ ਉਨ੍ਹਾਂ ਨੂੰ ਸਮਾਜਕ ਲੋੜ ਸੀ। ਵਰਨਾ ਕਿਹੜੀ ਵਿਆਹੁਤਾ ਜੋੜੀ ਸੀ ਜਿਹੜੀ ਉਨ੍ਹਾਂ ਨਾਲੋਂ ਵੱਧ ਵਿਆਹੀ ਹੋਈ ਸੀ। ਇਕੋ ਜਿਹੀ ਸੋਚ, ਇਕੋ ਜਿਹੇ ਸ਼ੌਕ, ਹੋਰ ਤੇ ਹੋਰ ਇਕੋ ਜਿਹੀ ਨੌਕਰੀ ਵੀ। ਏਨੀਆਂ ਇਕਸੁਰ ਜੋੜੀਆਂ ਘੱਟ ਹੀ ਲਭਦੀਆਂ ਹਨ।

ਪਰ ਸ਼ਾਇਦ ਏਨੀ ਇਕਸੁਰਤਾ ਵੀ ਚੰਗੀ ਨਹੀਂ ਹੁੰਦੀ; ਮਨੁੱਖੀ ਮਨ ਵਖਰੇਵਾਂ ਭਾਲਦਾ ਹੈ। ਪੱਧਰੇ, ਪਛਾਣੇ ਰਾਹਾਂ 'ਤੇ ਤੁਰਦਾ ਤੁਰਦਾ ਅੱਕ ਜਾਂਦਾ ਹੈ, ਅਣਜਾਣ ਪਰਬਤ ਗਾਹਣੇ ਚਾਂਹਦਾ ਹੈ। ਸਾਬਤ ਛੱਤੀਆਂ ਕੰਧਾਂ ਦੀ ਸੁਰੱਖਿਆ ਨੂੰ ਤਜ ਕੇ ਖੁੱਲ੍ਹੇ ਅਸਮਾਨ ਹੇਠ ਸੌਣਾ ਲੋਚਦਾ ਹੈ। ਮਨਪ੍ਰੀਤ ਨਾਲ ਵੀ ਕੁਝ ਇਹੋ ਜਿਹਾ ਵਾਪਰ ਰਿਹਾ ਸੀ। ਇਕੋ ਘਰ, ਇਕੋ ਦਫ਼ਤਰ ਤੇ ਇਕੋ ਸਾਥ ਵਿਚ ਘੁਟਣ ਜਿਹੀ ਮਹਿਸੂਸ ਹੋਣ ਲੱਗ ਪਈ ਸੀ। ਕਦੇ ਇਕਸੁਰ ਰਹੀ ਇਹ ਜੋੜੀ, ਕਦੇ ਇਕਜੋਤ ਬਣਕੇ ਬਲਦੀਆਂ ਰਹੀਆਂ ਇਹ ਮੂਰਤਾਂ ਹੁਣ ਆਪਣੀ ਅੰਦਰੂਨੀ ਤਾਲ ਗੁਆ ਬੈਠੀਆਂ ਸਨ।

ਪਰ ਇਕ ਦੂਜੇ ਦਾ ਅਣਕਿਹਾ ਵੀ ਸੁਣ-ਮਹਿਸੂਸ ਲੈਣ ਵਾਲੀ ਇਸ ਜੋੜੀ ਵਿਚਕਾਰ ਹੁਣ ਜੋ ਅਣਕਿਹਾ ਲਟਕ ਰਿਹਾ ਸੀ, ਉਸਦਾ ਅਹਿਸਾਸ ਦੋਵਾਂ ਨੂੰ ਹੈ ਸੀ। ਇਹ ਅਹਿਸਾਸ ਹੁਣ ਬਿਨਕਾਰਨੀਆਂ ਬਹਿਸਾਂ ਬਣ ਕੇ ਉਭਰਦਾ ਸੀ, ਬੇਵਜਹ ਤਕਰਾਰ ਦਾ ਬਾਇਸ ਬਣਦਾ ਸੀ। ਜਿਨ੍ਹਾਂ ਰੋਸਿਆਂ 'ਤੇ ਕਦੇ ਰਾਤ ਨਹੀਂ ਸੀ ਪਈ, ਉਹ ਹੁਣ ਕਈ ਕਈ ਦਿਨ ਬੇਹੇ-ਤਰਬੇਹੇ ਹੁੰਦੇ ਰਹਿੰਦੇ ਸਨ।

ਮਨਪ੍ਰੀਤ ਦੀ ਖਿਝ ਵਧ ਰਹੀ ਸੀ, ਸੁਧਾ ਦਾ ਕ੍ਰਿਝਣਾ। ਮਨਪ੍ਰੀਤ ਆਪਣੇ ਆਪ ਨੂੰ ਇਸ ਰਿਸ਼ਤੇ ਵਿਚ ਫਾਥਿਆ ਮਹਿਸੂਸ ਕਰਦਾ ਸੀ, ਸੁਧਾ ਅਣਗੌਲੀ। ਜਦੋਂ ਸੁਧਾ ਨੂੰ ਇਹ ਸਮਝ ਪਈ ਕਿ ਜਿੰਨਾ ਉਹ ਮਨਪ੍ਰੀਤ ਦੇ ਨੇੜੇ ਹੋਣ ਦੀ ਕੋਸ਼ਿਸ਼ ਕਰੇਗੀ, ਓਨਾ ਹੀ ਉਹ ਦੂਰ ਹੁੰਦਾ ਜਾਵੇਗਾ; ਉਸਨੇ ਮਨਪ੍ਰੀਤ ਤੋਂ ਅੱਡ ਰਹਿਣ ਦਾ ਫੈਸਲਾ ਕਰ ਲਿਆ। ਬੰਬਈ ਦੀ ਨੌਕਰੀ ਤਜ ਕੇ ਸੁਧਾ ਬੜੌਦਾ ਚਲੀ ਗਈ। ਓਥੇ ਇੰਡੀਅਨ ਪੈਟਰੋਕੈਮੀਕਲਜ਼ ਦਾ ਵੱਡਾ ਸਾਰਾ ਤੰਤਰ-ਜਾਲ ਸੀ, ਸ਼ਹਿਰੋਂ ਬਾਹਰ ਆਪਣੀ ਵਸੋਂ ਸੀ। ਸੁਧਾ ਨੂੰ ਵਧੀਆ ਨੌਕਰੀ ਤੇ ਵਧੀਆ ਘਰ ਮਿਲ ਗਿਆ। ਨੌਂ ਸਾਲਾਂ ਦੀ ਸੁਨੈਨਾ ਨੂੰ ਉਹ ਨਾਲ ਲੈ ਗਈ।

ਸੁਧਾ ਨੇ ਸੋਚਿਆ ਸੀ ਕਿ ਸ਼ਾਇਦ ਅੱਡੋ-ਅੱਡ ਰਹਿਣ ਨਾਲ ਉਨ੍ਹਾਂ ਦੇ ਸੰਬੰਧ ਸੁਧਰ ਜਾਣ। ਇਕ ਦੂਜੇ ਤਕ ਪਹੁੰਚਣ ਲਈ ਕਈ ਵੇਰ ਵਿੱਥ ਤੋਂ ਜੋਖਣ ਦੀ ਲੋੜ ਹੁੰਦੀ ਹੈ। ਇਹ ਆਸ ਅੰਦਰ ਦੱਬੀ ਉਹ ਆਪਣੇ ਕੰਮ ਵਿਚ ਰੁੱਝੀ ਰਹੀ, ਸੁਨੈਨਾ ਨੂੰ ਪਾਲਦੀ ਰਹੀ। ਪਰ ਮਨਪ੍ਰੀਤ ਨੂੰ ਖੁੱਲ੍ਹੇ ਅਸਮਾਨ ਹੇਠ ਕੋਈ ਨਾ ਕੋਈ ਟੱਕਰ ਹੀ ਜਾਂਦਾ ਸੀ। ਉਨ੍ਹਾਂ ਵਿਚੋਂ ਸੁਧਾ ਵਰਗੀ ਕੋਈ ਵੀ ਨਹੀਂ ਸੀ, ਪਰ ਮਨਪ੍ਰੀਤ ਹੁਣ ਸੁਧਾ ਨੂੰ ਭਾਲ ਵੀ ਨਹੀਂ ਸੀ ਰਿਹਾ। ਮਨਪ੍ਰੀਤ ਆਪਣੇ ਅੰਦਰਲੇ ਖਿਲਾਅ ਨੂੰ ਮਹਿਸੂਸਦਾ ਹੀ ਨਹੀਂ ਸੀ, ਸੁਧਾ ਅੰਦਰਲਾ ਖ਼ਿਲਾਅ ਭਰਦਾ ਹੀ ਨਹੀਂ ਸੀ।

ਮਨਪ੍ਰੀਤ ਦੇ ਵਕਤੀ ਜਿਹੇ ਉਬਾਲਾਂ ਦੇ ਕਿੱਸੇ ਕਿਸੇ ਨਾ ਕਿਸੇ ਰਾਹੀਂ ਸੁਧਾ ਤਕ ਵੀ ਪਹੁੰਚ ਜਾਂਦੇ ਸਨ। ਜਿਉਂ ਜਿਉਂ ਮਨਪ੍ਰੀਤ ਨਾਲ ਮੁੜ ਮੇਲ ਦੀ ਆਸ ਮੱਧਮ ਪੈਂਦੀ ਗਈ, ਸੁਧਾ ਅੰਦਰ ਤਲਖ਼ੀ ਵਧਦੀ ਗਈ। ਦੋਹਾਂ ਵਿਚਕਾਰ ਇਕੋ ਇਕ ਤੰਦ ਸੁਨੈਨਾ ਸੀ। ਪਰ ਉਸਨੂੰ ਮਿਲਣ ਮਨਪ੍ਰੀਤ ਜਦੋਂ ਵੀ ਬੜੌਦਾ ਆਇਆ, ਇਕ ਕੁਸੈਲੇ ਸਵਾਦ ਨਾਲ ਹੀ ਮੁੜਿਆ। ਮਨਪ੍ਰੀਤ ਲਈ ਸੁਧਾ ਅੰਦਰਲਾ ਮੋਹ, ਕੋਈ ਰਾਹ-ਰਸਤਾ ਨਾ ਲੱਭਣ ਕਾਰਨ ਰੋਹ ਬਣ ਕੇ ਫੁੱਟਦਾ ਸੀ। ਹੌਲੀ ਹੌਲੀ ਮਨਪ੍ਰੀਤ ਧੀ ਨੂੰ ਮਿਲਣ ਤੋਂ ਵੀ ਕਤਰਾਣ ਲੱਗ ਪਿਆ। ਦੋ-ਤਿੰਨ ਵਰ੍ਹੇ ਤਾਂ ਬੇਮੁਲਾਕਾਤੇ ਹੀ ਲੰਘ ਗਏ।

ਸੁਨੈਨਾ ਦੇ ਬੰਬਈ ਵਿਚ ਆ ਕੇ ਕਾਲਿਜ ਦਾਖਲ ਹੋਣ ਵੇਲੇ ਸਾਰੇ, ਨਿੱਕੜੇ ਜਿਹੇ ਪਰਿਵਾਰ ਵਿਚ ਮੁੜ ਰਾਬਤਾ ਕਾਇਮ ਹੋਇਆ। ਇਨ੍ਹਾਂ ਵਰ੍ਹਿਆਂ ਵਿਚ ਸੁਧਾ ਅੰਦਰਲੀ ਤਲਖ਼ੀ ਘਟ ਗਈ ਸੀ। ਸ਼ਾਇਦ ਏਸ ਲਈ ਕਿ ਮਨਪ੍ਰੀਤ ਲਈ ਉਸਦੇ ਮੋਹ ਦੀ ਤੰਦ ਛਿੱਜ-ਛਿੱਜ ਕੇ ਟੁੱਟ ਚੁੱਕੀ ਸੀ। ਸਾਲਾਂ ਨਾਲ ਕਮਾਈ ਬੇਵਾਸਤਗੀ ਸਦਕਾ ਮਨਪ੍ਰੀਤ ਵੱਲ ਸੁਧਾ ਦੇ ਵਤੀਰੇ ਵਿਚ ਇਕ ਸਾਂਵਾਂਪਣ ਆ ਗਿਆ ਸੀ। ਮਨਪ੍ਰੀਤ ਨੂੰ ਇਹ ਚੰਗਾ ਹੀ ਲੱਗਾ। ਪਰ ਸੁਨੈਨਾ ਨਾਲ ਉਸਦਾ ਰਿਸ਼ਤਾ ਕਿਸੇ ਕਸਰ ਦਾ ਅਹਿਸਾਸ ਕਰਾਂਦਾ ਸੀ। ਸੁਨੈਨਾ ਉਸ ਨਾਲ ਖੁਲ੍ਹਦੀ ਹੀ ਨਹੀਂ ਸੀ। ਕਿੰਨਾ ਚਿਰ ਤਾਂ ਉਹ ਹਰ ਗੱਲ ਦਾ ਜਵਾਬ ਇਕ-ਸ਼ਬਦੇ 'ਹਾਂ-ਹੂੰ' ਦੇ ਕੇ ਹੀ ਸਾਰਦੀ ਰਹੀ। ਬੜੀ ਮੁਸ਼ਕਲ ਨਾਲ, ਜਦੋਂ ਕਈ ਮਹੀਨਿਆਂ ਤੇ ਢੇਰ ਮੁਲਾਕਾਤਾਂ ਬਾਅਦ ਉਹ ਮਨਪ੍ਰੀਤ ਨਾਲ ਕੁਝ ਖੁਲ੍ਹਣ ਲੱਗੀ ਤਾਂ ਉਸਨੇ ਪੁੱਛਣ ਦਾ ਹੀਲਾ ਕਰ ਹੀ ਲਿਆ:

"ਤੂੰ ਮੇਰੇ ਨਾਲੋਂ ਇਕ ਵਿੱਥ ਜਿਹੀ ਕਿਉਂ ਰਖਦੀ ਏਂ, ਸੁਨੈਨਾ?"

"ਪਾਪਾ, ਮੈਂ ਜਾਣ ਬੁੱਝ ਕੇ ਕੁਝ ਨਹੀਂ ਕਰਦੀ। ਮੇਰੇ ਲਈ ਅਜਨਬੀ ਸੌ ਤੁਸੀਂ, ਤੁਹਾਨੂੰ ਜਾਣਨ ਦੀ ਕੋਸ਼ਿਸ਼ ਕਰ ਰਹੀ ਹਾਂ।"

"ਤੈਨੂੰ ਆਪਣਾ ਬਚਪਨ ਨਹੀਂ ਚੇਤੇ, ਏਨਾ ਲਾਡ ਕਰਦੀ ਸੈਂ ਮੇਰੇ ਨਾਲ? ਹੁਣ ਮੈਨੂੰ ਅਜਨਬੀ ਕਿਉਂ ਸਮਝਦੀ ਏਂ?"

"ਮੈਨੂੰ ਆਪਣਾ ਬਚਪਨ ਵੀ ਚੇਤੇ ਹੈ ਤੇ ਤੁਹਾਨੂੰ ਮੈਂ ਅਜਨਬੀ ਵੀ ਨਹੀਂ ਸਮਝਦੀ। ਪਰ ਜਿਹੜੀ ਬੱਚੀ ਦੇ ਤੁਸੀਂ ਪਾਪਾ ਸੌ, ਹੁਣ ਮੈਂ ਉਹ ਬੱਚੀ ਨਹੀਂ ਰਹੀ। ਤੇ ਜਦੋਂ ਮੈਂ ਵੱਡੀ ਹੋ ਰਹੀ ਸਾਂ, ਉਦੋਂ ਤੁਸੀਂ ਮੇਰੇ ਨੇੜੇ ਤੇੜੇ ਵੀ ਨਹੀਂ ਸੌ"। ਆਪਣੀ ਮਾਂ ਤੋਂ ਉਲਟ ਸੁਨੈਨਾ ਦੀ ਸੁਰ ਵਿਚ ਨਿਹੋਰੇ ਦਾ ਕੋਈ ਅੰਸ਼ ਨਹੀਂ ਸੀ, ਸਿਰਫ਼ ਬਿਨਾਂ ਲੱਗ-ਲਬੇੜ ਵਾਲੀ ਸਪਸ਼ਟ ਬਿਆਨੀ ਸੀ, ਜਿਹੜੀ ਮਨਪ੍ਰੀਤ ਵਿਚ ਵੀ ਸੀ।

"ਮੈਂ ਮਜਬੂਰ ਸਾਂ ਸੁਨੈਨਾ। ਸੁਧਾ ਨਾਲ ਮੇਰਾ ਰਿਸ਼ਤਾ...", ਮਨਪ੍ਰੀਤ ਨੇ ਫੇਰ ਵੀ ਕੋਈ ਸਪਸ਼ਟੀਕਰਨ ਜਿਹਾ ਦੇਣਾ ਚਾਹਿਆ।

ਸੁਨੈਨਾ ਨੇ ਉਸਦੀ ਗੱਲ ਵਿਚੇ ਕੱਟ ਦਿੱਤੀ, "ਪਾਪਾ, ਪਲੀਜ਼! ਮਾਮਾ ਨਾਲ ਤੁਹਾਡੇ ਰਿਸ਼ਤੇ ਦਾ ਮੇਰੇ ਤੇ ਤੁਹਾਡੇ ਵਿਚਲੇ ਰਿਸ਼ਤੇ ਨਾਲ ਕੋਈ ਸੰਬੰਧ ਨਹੀਂ ਸੀ ਹੋਣਾ ਚਾਹੀਦਾ...ਜਦੋਂ ਮੈਨੂੰ ਬਾਪ ਦੀ ਲੋੜ ਸੀ, ਤੁਸੀਂ ਮੇਰੇ ਕੋਲ ਨਹੀਂ ਸੌ, ਹੁਣ ਆ ਗਏ ਹੋ, ਏਨੇ ਵਰ੍ਹਿਆਂ ਬਾਅਦ, ਤਾਂ ਇਹ 'ਐਕਸਪੈਕਟ' ਨਾ ਕਰੋ ਕਿ ਉਹ ਸਾਰੇ ਵਰ੍ਹੇ ਮੇਰੇ ਲਈ ਕੋਈ ਮਾਇਨੇ ਨਹੀਂ ਰੱਖਦੇ, ਮੈਨੂੰ ਵਕਤ ਚਾਹੀਦੈ", ਸੁਨੈਨਾ ਵਿਚ ਸੁਧਾ ਵਾਲਾ ਹੀ ਬੇਲਿਹਾਜ਼ ਗਿਲਾ ਸੀ।

ਇਹੋ ਜਿਹੇ ਸਿੱਧੇ ਸ਼ਿਕਵਿਆਂ ਨਾਲ ਸਿੱਝਣਾ ਮਨਪ੍ਰੀਤ ਕਦੇ ਵੀ ਨਹੀਂ ਸੀ ਸਿੱਖ ਸਕਿਆ। ਨਾ ਸੁਧਾ ਵੇਲੇ, ਤੇ ਨਾ ਹੀ ਹੁਣ ਸੁਨੈਨਾ ਦੇ ਸਾਹਮਣੇ। ਮਨਪ੍ਰੀਤ ਨੂੰ ਗੱਲ ਉਥੇ ਹੀ ਅਧੂਰੀ ਰਹਿ ਗਈ ਜਾਪੀ। ਪਰ ਉਸਨੂੰ ਅੱਗੇ ਤੋਰਨ ਦੇ ਵੱਲ ਤੋਂ ਵੀ ਉਹ ਵਿਰਵਾ ਸੀ।

'ਕਿੰਨਾ ਕੁ ਵਕਤ ਚਾਹੀਦੈ ਸੁਨੈਨਾ ਨੂੰ ਉਹ ਸਾਰੇ ਵਰ੍ਹੇ ਮੇਸ ਕੇ ਮੇਰੀ ਧੀ ਬਣਨ ਲਈ! ਕਿਹੜੀ ਕੰਧ ਹੈ ਸਾਡੇ ਵਿਚਕਾਰ ਜਿਹੜੀ ਉਹ ਆਪਣਾ ਮੋਬਾਈਲ ਫੋਨ ਵੀ ਮੈਨੂੰ ਦੇਣੋਂ ਕਤਰਾਂਦੀ ਹੈ?' ਗਲੇਡੂ ਮਨਪ੍ਰੀਤ ਦੀਆਂ ਅੱਖਾਂ 'ਤੇ ਇੰਝ ਫੈਲ ਗਿਆ ਹੈ, ਕਿ ਸਾਰੀ ਕਾਇਨਾਤ ਧੁੰਦਲਾ ਗਈ ਜਾਪਦੀ ਹੈ।

ਬਾਰਸ਼ ਹੈ ਕਿ ਥੰਮ੍ਹਣ ਦਾ ਨਾਂ ਹੀ ਨਹੀਂ ਲੈ ਰਹੀ, ਜਿਵੇਂ ਸਾਰੇ ਸ਼ਹਿਰ ਨੂੰ ਜਲ-ਥਲ ਕਰਕੇ ਹੀ ਸਾਹ ਲੈਣਾ ਹੋਵੇ। ਮਨਪ੍ਰੀਤ ਵ੍ਹਿਸਕੀ ਦਾ ਆਪਣਾ ਗਲਾਸ ਹੌਲੀ ਹੌਲੀ ਮੁਕਾ ਰਿਹਾ ਹੈ, ਜਿਸ ਵਿਚ ਹੁਣ ਨਸ਼ਾ ਨਹੀਂ ਰਹਿ ਗਿਆ ਜਾਪਦਾ, ਨਿਰਾ ਪਾਣੀ। ਤੇ ਬਾਲਕੋਨੀ ਉੱਤੇ ਹੌਲੀ ਹੌਲੀ ਰਾਤ ਉੱਤਰ ਰਹੀ ਹੈ। ਇਕ ਪਾਸੇ ਨ੍ਹੇਰੇ ਵਿਚ ਕਾਲੀ ਸੜ ਵਰਗਾ ਵਿਛਿਆ ਅਥਾਹ ਸਮੁੰਦਰ ਹੈ, ਦੂਜੇ ਪਾਸੇ ਡੋਂਗਰਵਾੜੀ ਦਾ ਸਿਆਹ ਜੰਗਲ। ਮਨਪ੍ਰੀਤ ਕੋਲ ਉਠ ਕੇ ਬੱਤੀ ਬਾਲਣ ਜੋਗਾ ਤਾਣ ਵੀ ਨਹੀਂ। ❑❑

[230 ਔਲ, ਮਾਡਲ ਟਾਊਨ, ਜਲੰਧਰ]

ਨਾਂ

ਬਲਦੇਵ ਸਿੰਘ ਗਰੇਵਾਲ

-ਤੁਹਾਡਾ ਨਾਂ ਕੀ ਹੈ ?

ਮੈਂ ਉਸਨੂੰ ਅੰਗਰੇਜ਼ੀ ਵਿਚ ਪੁੱਛਦਾ ਹਾਂ, ਪਰ ਉਹ ਕੋਈ ਜਵਾਬ ਦੇਣ ਦੀ ਥਾਂ, ਬਾਹਰਲੇ ਦਰਵਾਜ਼ੇ ਵੱਲ ਦੇਖਣ ਲੱਗ ਜਾਂਦਾ ਹੈ, ਜਿਵੇਂ ਮੈਂ ਇਹ ਸਵਾਲ ਉਸਨੂੰ ਨਾ ਪੁੱਛਿਆ ਹੋਵੇ, ਕਿਸੇ ਬਾਹਰੋਂ ਅੰਦਰ ਆਉਣ ਵਾਲੇ ਨੂੰ ਪੁੱਛਿਆ ਹੋਵੇ।

- ਮੈਂ ਤੁਹਾਨੂੰ ਪੁੱਛ ਰਿਹਾਂ। ਤੁਹਾਡਾ ਨਾਂ ਕੀ ਹੈ ?

ਮੈਂ ਦੁਬਾਰਾ ਉਸਨੂੰ ਸੰਬੋਧਨ ਕਰਦਿਆਂ ਪੁੱਛਦਾ ਹਾਂ। ਉਹ ਮੇਰੀ ਵੱਲ ਕਮਜ਼ੋਰ ਜਿਹੀਆਂ ਨਜ਼ਰਾਂ ਨਾਲ ਦੇਖਦਾ ਹੈ। ਹੌਲੀ ਜਿਹੀ ਆਖਦਾ ਹੈ-ਪਤਾ ਨਹੀਂ।

ਮੈਂ ਕੱਲ੍ਹ ਦਾ ਹਸਪਤਾਲ ਦੇ ਕਮਰੇ ਵਿਚ, ਸਰਜਰੀ ਤੋਂ ਬਾਅਦ ਇਕੱਲਾ ਪਿਆ ਹਾਂ। ਡਾਕਟਰਾਂ ਦੇ ਕਹਿਣ ਮੁਤਾਬਕ ਸਰਜਰੀ ਤਾਂ ਠੀਕ-ਠਾਕ ਹੋ ਗਈ ਹੈ, ਪਰ ਵਾਰ ਵਾਰ ਆਉਂਦੀ ਖੰਘ ਮੈਨੂੰ ਪੀੜ ਪੀੜ ਕਰ ਜਾਂਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਉਪਰੇਸ਼ਨ ਵੇਲੇ ਜਿਹੜੀ ਨਾਲੀ ਗਲੇ ਰਾਹੀਂ ਮੇਰੇ ਅੰਦਰ ਪਾਈ ਗਈ ਸੀ, ਸਾਹ ਲੈਣ ਲਈ, ਇਹ ਖੰਘ ਉਸਦੀ ਵਜਹ ਕਾਰਨ ਹੈ। ਉਹ ਇਸ ਖੰਘ ਨੂੰ ਦਵਾਈਆਂ ਨਾਲ ਰੋਕਣੀ ਨਹੀਂ ਚਾਹੁੰਦੇ। ਇਹ ਖੰਘ ਜਦ ਵੀ ਆਉਣ ਲਗਦੀ ਹੈ, ਮੈਂ ਇਸ ਨਾਲ ਹੋਣ ਵਾਲੀ ਪੀੜ ਤੋਂ ਡਰ ਜਾਂਦਾ ਹਾਂ। ਸਰਜਰੀ ਦੇ ਜ਼ਖ਼ਮਾਂ 'ਚੋਂ ਇਸ ਨਾਲ ਦਰਦ ਉਭਰ ਕੇ ਸਾਰੇ ਸਰੀਰ 'ਚ ਫੈਲ ਜਾਂਦਾ ਹੈ। ਉਹ ਮੈਂ ਸਰਜਰੀ ਦੇ ਜ਼ਖਮ ਉਪਰ ਦਬਾਅ ਲੈਂਦਾ ਹਾਂ। ਇੰਝ ਖੰਘ ਨਾਲ ਜ਼ਖਮ ਦੇ ਖਰਾਬ ਹੋਣ ਦਾ ਖਤਰਾ ਘਟ ਜਾਂਦਾ ਹੈ, ਪਰ ਪੀੜ ਨੂੰ ਕੋਈ ਫਰਕ ਨਹੀਂ ਪੈਂਦਾ।

ਮੇਰੀ ਪਤਨੀ ਤੇ ਬੱਚੇ ਮੇਰੀ ਖਬਰ ਨੂੰ ਆਏ ਸਨ, ਮੈਂ ਉਹਨਾਂ ਨੂੰ ਜਲਦ ਤੋਂ ਜਲਦ ਘਰ ਭੇਜ ਦਿੱਤਾ ਸੀ, ਇਹ ਆਖ ਕੇ ਕਿ ਮੈਂ ਹੁਣ ਬਿਲਕੁਲ ਠੀਕ-ਠਾਕ ਹਾਂ। ਕਿਸੇ ਕਿਸਮ ਦੇ ਫਿਕਰ ਦੀ ਲੋੜ ਨਹੀਂ, ਪਰ ਇਸਦੀ ਵਜਹ ਇਹ ਸੀ ਕਿ ਮੈਂ ਨਹੀਂ ਸੀ ਚਾਹੁੰਦਾ, ਉਹਨਾਂ ਨੂੰ ਮੇਰੀ ਪੀੜ ਬਾਰੇ ਪਤਾ ਲੱਗੇ। ਆਪਣੀ ਇਸ ਪੀੜ ਨਾਲ ਮੈਂ ਉਹਨਾਂ ਦੇ ਚਿਹਰਿਆਂ 'ਤੇ ਆਉਣ ਵਾਲੇ ਪ੍ਰਭਾਵ ਨਹੀਂ ਸਾਂ ਦੇਖ ਸਕਦਾ। ਇਸ ਲਈ ਉਹਨਾਂ ਨੂੰ 'ਠੀਕ-ਠਾਕ' ਆਖ ਕੇ ਜਲਦ ਹੀ ਵਾਪਸ ਭੇਜ ਦਿੱਤਾ ਸੀ।

ਕੱਲ੍ਹ ਤੋਂ ਇਸ ਕਮਰੇ ਵਿਚ ਇਕੱਲਾ ਹੀ ਪਿਆ ਹਾਂ। ਹਸਪਤਾਲ ਦਾ ਸਟਾਫ਼ ਮੇਰੇ ਕਮਰੇ ਵਿਚਲੇ ਦੂਜੇ ਮੰਜੇ 'ਤੇ ਇਸ ਬਜ਼ੁਰਗ ਜਾਪਦੇ ਗੋਰੇ ਮਰੀਜ਼ ਨੂੰ ਪਾ ਜਾਂਦਾ ਹੈ। ਮੈਨੂੰ ਅਜੀਬ ਤਸੱਲੀ ਹੁੰਦੀ ਹੈ। ਸੋਚਦਾ ਹਾਂ-ਕੋਈ ਤਾਂ ਗੱਲ ਕਰਨ ਲਈ ਆ ਗਿਆ ਹੈ।

ਇਸੇ ਲਈ ਮੈਂ ਗੱਲਬਾਤ ਆਰੰਭ ਕਰਨ ਲਈ ਉਸਦਾ ਨਾਂ ਪੁੱਛਦਾ ਹਾਂ, ਪਰ ਉਸਦਾ ਇਹ ਜਵਾਬ ਮੈਨੂੰ ਮਾਯੂਸ ਜਿਹਾ ਕਰ ਜਾਂਦਾ ਹੈ।

ਮੈਂ ਬਿਸਤਰੇ 'ਤੇ ਸਿੱਧਾ ਪਿਆ ਛੱਤ ਵੱਲ ਵੇਖਣ ਲੱਗ ਜਾਂਦਾ ਹਾਂ। ਬਿਸਤਰੇ ਦਾ ਸਵਿੱਚ ਦਬਾ ਕੇ ਮੈਂ ਸਿਰ ਵਾਲਾ ਪਾਸਾ ਉੱਚਾ ਕਰ ਲੈਂਦਾ ਹਾਂ। ਬੈਠਾ ਜਿਹਾ ਹੋ ਗਿਆ ਹਾਂ। ਜ਼ਖਮ ਵਿਚ ਹਲਕੀ ਜਿਹੀ ਪੀੜ ਉਭਰਦੀ ਹੈ, ਪਰ ਉਤਨੀ ਨਹੀਂ, ਜਿੰਨੀ ਖੰਘ ਨਾਲ ਜਾਂ ਹਿਲਣ-ਜੁਲਣ ਨਾਲ ਹੁੰਦੀ ਹੈ।

ਮੈਂ ਕਨੱਖੀਆਂ ਘੁਮਾ ਕੇ ਉਸ ਵੱਲ ਵੇਖਦਾ ਹਾਂ। ਉਹ ਘੂਕ ਸੁੱਤਾ ਪਿਆ ਹੈ। ਉਸਦੇ ਸਿਰ 'ਤੇ ਵਿਰਲੇ ਵਿਰਲੇ ਸਫੈਦ ਵਾਲ ਹਨ। ਉਹਨੂੰ ਗੰਜਾ ਨਹੀਂ ਕਿਹਾ ਜਾ ਸਕਦਾ। ਦਾਹੜੀ ਤੇ ਸਫੈਦ ਵਾਲ ਵੀ ਕੰਡਿਆਂ ਵਾਂਗ ਉੱਗੇ ਹੋਏ ਹਨ। ਲਗਦਾ ਹੈ, ਉਸਨੇ ਕਈ ਦਿਨਾਂ ਤੋਂ ਸ਼ੇਵ ਨਹੀਂ ਕੀਤੀ। ਉਸਦੀਆਂ ਦੋਹਾਂ ਲੱਤਾਂ 'ਤੇ ਪੱਟੀਆਂ ਕੀਤੀਆਂ ਹੋਈਆਂ ਹਨ। ਉਹਨਾਂ ਵਿਚੋਂ ਲਹੂ ਸਿੰਮ ਰਿਹਾ ਹੈ। ਉਸਦੀ ਉਮਰ ਅੱਸੀ ਕੁ ਸਾਲ ਦੀ ਲਗਦੀ ਹੈ। ਉਸਦੀਆਂ ਲੱਤਾਂ ਵੱਲ ਵੇਖ ਕੇ ਸੋਚਦਾ ਹਾਂ-ਜ਼ਿੰਦਗੀ ਦੇ ਲੰਬੇ ਸਫਰ ਕਾਰਨ ਸ਼ਾਇਦ ਉਸਦੀਆਂ ਲੱਤਾਂ ਥੱਕ ਟੁੱਟ ਗਈਆਂ ਹਨ।

ਇਕ ਨਰਸ ਬਲੱਡ ਪ੍ਰੈਸ਼ਰ ਤੇ ਤਾਪਮਾਨ ਚੈੱਕ ਕਰਨ ਵਾਲੇ ਆਲੇ, ਫਰਸ਼ 'ਤੇ ਘਸੀਟਦੀ ਕਮਰੇ 'ਚ ਆ ਜਾਂਦੀ ਹੈ। ਉਸਦੀ ਆਹਟ ਨਾਲ ਉਹ ਜਾਗ ਪੈਂਦਾ ਹੈ।

-ਹਾਏ ਡਾਰਲਿੰਗ। ਉਹ ਬੁੱਢਾ ਮਰੀਜ਼ ਉਸ ਨੌਜਵਾਨ ਖੂਬਸੂਰਤ ਨਰਸ ਵੱਲ ਵੇਖ ਕੇ ਮੁਸਕਰਾ ਪੈਂਦਾ ਹੈ।

ਨਰਸ 'ਹਾਏ' ਆਖਦੀ ਉਸਦਾ ਤਾਪਮਾਨ ਤੇ ਬਲੱਡ ਪ੍ਰੈਸ਼ਰ ਚੈੱਕ ਕਰਨ ਲੱਗ ਜਾਂਦੀ ਹੈ ਅਤੇ ਫਿਰ ਉਸਦੇ ਬੈੱਡ ਨਾਲ ਲਟਕਦੇ ਕਾਗਜ਼ਾਂ 'ਤੇ ਨੋਟ ਕਰਦੀ ਹੈ। ਇਸ ਤੋਂ ਵਿਹਲੀ ਹੋ ਕੇ ਉਹ ਮੇਰੀ ਵੱਲ ਆ ਜਾਂਦੀ ਹੈ।

ਉਹ ਮੇਰਾ ਹਾਲ ਪੁਛਦੀ ਹੈ। ਮੈਂ ਦੱਸਦਾ ਹਾਂ ਕਿ ਖੰਘ ਨਾਲ ਹੁੰਦੀ ਪੀੜ ਤੋਂ ਇਲਾਵਾ, ਮੈਨੂੰ ਹੋਰ ਕੋਈ ਤਕਲੀਫ ਨਹੀਂ। ਪਰ ਨਰਸ ਨੂੰ ਮੇਰੀ ਖੰਘ ਦੀ ਨਹੀਂ, ਮੇਰੇ ਤਾਪਮਾਨ ਬਾਰੇ ਚਿੰਤਾ ਹੈ। ਮੇਰਾ ਤਾਪਮਾਨ ਹੇਠਾਂ ਨਹੀਂ ਆ ਰਿਹਾ। ਬਲੱਡ ਪ੍ਰੈਸ਼ਰ ਵੀ ਕੁਝ ਵਧੇਰੇ ਹੈ।

ਉਹ ਮੈਨੂੰ ਪੁਛਦੀ ਹੈ ਕਿ ਜੇ ਦਰਦ ਵਧੇਰੇ ਹੈ ਤਾਂ ਉਹ ਦਰਦ ਨਾਸ਼ਕ ਟੀਕਾ ਲਗਾ ਦੇਵੇ ? ਮੈਂ ਹਾਂ ਵਿਚ ਸਿਰ ਹਿਲਾ ਦਿੰਦਾ ਹਾਂ।

ਨਰਸ ਮੁਸਕਰਾ ਪੈਂਦੀ ਹੈ। ਮੈਨੂੰ ਉਸਦੀ ਇਹ ਮੁਸਕਰਾਹਟ ਚੰਗੀ ਲਗਦੀ ਹੈ। ਉਹ ਜਾਣ ਲਗਦੀ ਹੈ। ਬੁੱਢਾ ਉਸਨੂੰ ਅੰਗਰੇਜ਼ੀ ਵਿਚ ਆਖਦਾ ਹੈ-ਮੁਆਫ਼ ਕਰਨਾ, ਮੈਨੂੰ ਤੁਹਾਡਾ ਨਾਂ ਨਹੀਂ ਪਤਾ। ਇਸ ਲਈ ਤੁਹਾਡੇ ਨਾਲ ਗੱਲ ਕਰਨ ਲਈ ਕੁਝ ਤਾਂ ਆਖ ਕੇ ਬੁਲਾਉਣਾ ਹੀ ਪੈਣਾ ਹੈ। ਇਸ ਲਈ ਮੈਂ 'ਡਾਰਲਿੰਗ' ਆਖ ਲਿਆ ਹੈ। ਤੁਹਾਨੂੰ ਬੁਰਾ ਤਾਂ ਨਹੀਂ ਲੱਗਾ ?

-ਨਹੀਂ, ਬਿਲਕੁਲ ਨਹੀਂ, ਸਵੀਟ ਹਾਰਟ। ਨਰਸ ਉਸ ਵੱਲ ਵੇਖ ਕੇ ਹੱਸਦੀ ਹੈ ਤੇ ਜਾਣ ਲਗਦੀ ਹੈ।

ਬੁੱਢਾ ਵੀ ਹੱਸਦਾ ਹੈ। ਆਖਦਾ ਹੈ-ਵਿਲ ਯੂ ਮੈਰੀ ਮੀ ਡਾਰਲਿੰਗ।

ਸ਼ਾਦੀ ਦਾ ਪ੍ਰਸਤਾਵ ਸੁਣ ਕੇ ਕੁੜੀ ਖਿੜ ਖਿੜਾ ਕੇ ਹੱਸ ਪੈਂਦੀ ਹੈ। ਆਖਦੀ ਹੈ-ਮੈਨੂੰ ਆਪਣੀ ਬੈਂਕ ਦੀ ਕਾਪੀ ਦਿਖਾ ਦੇ, ਜੇ ਤੂੰ ਅਮੀਰ ਹੋਇਆ, ਮੈਂ ਤੇਰੇ ਨਾਲ ਸ਼ਾਦੀ ਕਰ ਲਵਾਂਗੀ।

ਦੋਹਾਂ ਦਾ ਇਹ ਠੱਠਾ ਮਜ਼ਾਕ ਮੈਨੂੰ ਚੰਗਾ ਲਗਦਾ ਹੈ। ਬੁੱਢੇ ਦੀ ਖੁਸ਼ਦਿਲ ਤਬੀਅਤ ਮੈਨੂੰ ਪ੍ਰਭਾਵਤ ਕਰ ਜਾਂਦੀ ਹੈ। ਉਸਨੇ ਕੁੜੀ ਦਾ ਨਾਂ ਨਾ ਜਾਣਦੇ ਹੋਣ ਦਾ ਫਾਇਦਾ ਉਠਾ ਕੇ, ਕਿੰਨਾ ਹਾਸਾ ਮਜ਼ਾਕ ਪੈਦਾ ਕਰ ਲਿਆ ਹੈ ਤੇ ਮੈਂ ਉਸ ਬੁੱਢੇ ਨੂੰ ਪਹਿਲਾ ਸਵਾਲ ਹੀ ਉਸਦੇ ਨਾਂ ਬਾਰੇ ਕੀਤਾ ਸੀ। ਉਸ ਪਲ ਮੈਨੂੰ ਲੱਗਾ-ਨਾਵਾਂ ਦੀ ਕੋਈ ਅਹਿਮੀਅਤ ਨਹੀਂ। ਨਾਵਾਂ ਤੋਂ ਬਗੈਰ ਵੀ ਤਾਂ ਚੰਗੇ ਰਿਸ਼ਤੇ ਬਣ ਜਾਂਦੇ ਹਨ।

ਨਰਸ ਮੇਰੇ ਟੀਕਾ ਲਗਾਉਣ ਦੁਬਾਰਾ ਆਉਂਦੀ ਹੈ। ਉਸ ਬੁੱਢੇ ਨੇ ਉਸਨੂੰ ਅੰਦਰ ਆਉਂਦੀ ਨੂੰ ਜਿਵੇਂ ਦਬੋਚ ਲਿਆ ਹੋਵੇ।

-ਡਾਰਲਿੰਗ, ਇਕ ਸਮੱਸਿਆ ਹੋਰ ਖੜ੍ਹੀ ਹੋ ਗਈ ਹੈ।

-ਕਿਹੜੀ ਸਵੀਟ ਹਾਰਟ ? ਖੂਬਸੂਰਤ ਨਰਸ ਨੇ ਹੋਰ ਵੀ ਖੂਬਸੂਰਤ ਹੁੰਦਿਆਂ ਪੁੱਛਿਆ।

ਬੁੱਢੇ ਨੇ ਮੇਰੀ ਵੱਲ ਇਸ਼ਾਰਾ ਕੀਤਾ-ਜਦ ਤੁਸੀਂ ਗਏ ਸੀ, ਇਸ ਆਦਮੀ ਨੇ ਮੇਰੇ ਬੈੱਡ 'ਚ ਛੁਪਾਇਆ, ਮੇਰਾ ਤੀਹ ਮਿਲੀਅਨ ਡਾਲਰ ਚੋਰੀ ਕਰ ਲਿਆ ਹੈ। ਇਸ ਨੂੰ ਆਖੋ, ਮੇਰਾ ਪੈਸਾ ਮੈਨੂੰ ਵਾਪਸ ਕਰ ਦੇਵੇ।

ਨਰਸ ਮੇਰੇ ਕੋਲ ਆ ਜਾਂਦੀ ਹੈ। ਉਸਨੂੰ ਹੱਸ ਕੇ ਆਖਦੀ ਹੈ-ਜੇ ਇਹ ਗੱਲ ਸੱਚ ਹੈ ਤਾਂ ਫਿਰ ਹੁਣ ਇਹ ਆਦਮੀ ਘੱਟੋ-ਘੱਟ ਤੀਹ ਮਿਲੀਅਨ ਦਾ ਮਾਲਕ ਹੈ। ਮੈਂ ਸ਼ਾਦੀ ਇਸ ਨਾਲ ਕਰ ਲਵਾਂਗੀ। ਤੁਸੀਂ ਚਿੰਤਾ ਨਾ ਕਰੋ।

ਨਰਸ ਨੇ ਮੇਰੇ ਦਰਦ ਨਾਸ਼ਕ ਟੀਕਾ ਲਗਾ ਦਿੱਤਾ ਹੈ।

ਬੁੱਢਾ ਬੁੜਬੁੜਾਇਆ-ਇਹ ਇਨਸਾਫ ਨਹੀਂ। ਇਸ ਆਦਮੀ ਨੇ ਮੇਰਾ ਪੈਸਾ ਵੀ ਖੋਹ ਲਿਆ ਤੇ ਡਾਰਲਿੰਗ ਵੀ।

ਮੈਂ ਉਸਨੂੰ ਹੱਸਦਿਆਂ ਕਿਹਾ-ਖਬਰਦਾਰ ਹੋ ਜਾ। ਮੈਂ ਤੇਰਾ ਹੋਰ ਵੀ ਬਹੁਤ ਕੁਝ ਚੁਰਾ ਲੈਣਾਂ।

-ਹੁਣ ਮੇਰੇ ਕੋਲ ਹੋਰ ਹੈ ਹੀ ਕੀ ?

-ਤੇਰਾ ਚੰਗਾ ਦਿਲ। ਮੈਂ ਆਖਦਾ ਹਾਂ। ਮੈਨੂੰ ਸੱਚਮੁੱਚ ਹੀ ਉਸਦਾ ਦਿਲ ਚੰਗਾ ਲਗਦਾ ਹੈ, ਜੋ ਹਰ ਹਾਲ ਵਿਚ ਮੁਸਕਰਾਉਣਾ ਚਾਹੁੰਦਾ ਹੈ। ਹਰ ਪਲ ਖੁਸ਼ ਰਹਿਣਾ ਚਾਹੁੰਦਾ ਹੈ।

-ਉਹ ਤਾਂ ਮੇਰੇ ਕੋਲ ਪਹਿਲਾਂ ਹੀ ਹੈ ਨਹੀਂ। ਮੈਨੂੰ ਉਸਦੀ ਆਵਾਜ਼ ਬਹੁਤ ਦੂਰੋਂ ਸੁਣਾਈ ਦਿੰਦੀ ਹੈ। ਮੇਰੇ 'ਤੇ ਟੀਕੇ ਦਾ ਅਸਰ ਹੋਣ ਲੱਗ ਜਾਂਦਾ ਹੈ।

ਮੈਂ ਕਈ ਘੰਟਿਆਂ ਦੀ ਨੀਂਦ ਬਾਅਦ ਜਾਗਦਾ ਹਾਂ। ਉਹ ਮੇਰੀ ਵੱਲ ਹੀ ਦੇਖ ਰਿਹਾ ਹੈ। ਜਿਵੇਂ ਗੱਲ ਕਰਨ ਲਈ ਮੇਰੇ ਜਾਗਣ ਦੀ ਉਡੀਕ ਕਰ ਰਿਹਾ ਹੋਵੇ। ਮੈਂ ਦੇਖਦਾ ਹਾਂ, ਮੇਰੀ ਪਤਨੀ ਤੇ ਮੇਰੀ ਬੇਟੀ ਵੀ ਆਈਆਂ ਬੈਠੀਆਂ ਹਨ। ਉਹਨਾਂ ਨੇ ਮੈਨੂੰ ਸੁੱਤੇ ਨੂੰ ਜਗਾਇਆ ਨਹੀਂ।

-ਸਵੇਰ ਹੋ ਗਈ ਹੈ ?

ਹਸਪਤਾਲ ਦੇ ਇਕੋ ਮੰਜੇ 'ਤੇ ਇਕੋ ਤਰ੍ਹਾਂ ਪਿਆਂ, ਮੈਨੂੰ ਟਾਈਮ ਦਾ ਕੁਝ ਅਹਿਸਾਸ ਵੀ ਨਹੀਂ ਰਹਿੰਦਾ। ਕਦ ਸਵੇਰ ਹੁੰਦੀ ਹੈ, ਕਦ ਸ਼ਾਮ ਪੈਂਦੀ ਹੈ। ਕਮਰੇ ਦੀ ਇਕੋ ਤਰ੍ਹਾਂ ਦੀ ਰੌਸ਼ਨੀ ਕਿਸੇ ਫਰਕ ਦਾ ਅਹਿਸਾਸ ਹੀ ਨਹੀਂ ਹੋਣ ਦਿੰਦੀ।

ਮੇਰੇ ਗਲੇ 'ਚ ਕੁਝ ਹੁੰਦਾ ਹੈ। ਮੈਨੂੰ ਖੰਘ ਆਉਣ ਵਾਲੀ ਹੈ। ਮੈਨੂੰ ਹੋਣ ਵਾਲੀ ਪੀੜ ਦਾ ਪਹਿਲਾਂ ਹੀ ਅਹਿਸਾਸ ਹੋ ਜਾਂਦਾ ਹੈ।

ਮੈਂ ਆਪਣੀ ਪਤਨੀ ਨੂੰ ਪਾਣੀ ਲਿਆਉਣ ਦੇ ਬਹਾਨੇ ਬਾਹਰ ਭੇਜ ਦਿੰਦਾ ਹਾਂ। ਸਿਰਹਾਣੇ ਨੂੰ ਪੇਟ ਤੇ ਦੋਹਾਂ ਹੱਥਾਂ ਨਾਲ ਘੁੱਟ ਲੈਂਦਾ ਹਾਂ। ਖੰਘਦਾ ਹਾਂ। ਕਾਫੀ ਦੇਰ ਬਾਅਦ ਪੀੜ ਮੱਠੀ ਪੈਂਦੀ ਹੈ। ਮੈਂ ਆਪਣੀ ਪੀੜ ਦਾ ਪਰਛਾਵਾਂ ਆਪਣੀ ਬੇਟੀ ਦੇ ਚਿਹਰੇ 'ਤੇ ਦੇਖਦਾ ਹਾਂ। ਮੈਨੂੰ ਉਸਦਾ ਦੁਖੀ ਚਿਹਰਾ ਚੰਗਾ ਨਹੀਂ ਲਗਦਾ। ਮੈਂ ਇਸ ਦੇ ਲਈ ਆਪਣੇ ਆਪ ਨੂੰ ਕਸੂਰਵਾਰ ਜਿਹਾ ਸਮਝਦਾ ਹਾਂ।

ਮੈਨੂੰ ਸਮਝ ਨਹੀਂ ਆਉਂਦੀ, ਮੈਂ ਆਪਣੀ ਬੇਟੀ ਦੀ ਪੀੜ ਨੂੰ ਕਿਵੇਂ ਘੱਟ ਕਰਾਂ। ਮੇਰੀ ਪਤਨੀ ਵੀ ਪਾਣੀ ਦਾ ਗਿਲਾਸ ਲੈ ਕੇ ਅੰਦਰ ਆ ਜਾਂਦੀ ਹੈ।

ਉਹ ਬੁੱਢਾ ਮੇਰੀ ਪਤਨੀ ਨੂੰ ਆਖਦਾ ਹੈ-ਤੁਹਾਡਾ ਪਤੀ ਸਾਰੀ ਰਾਤ ਮੇਰੇ ਨਾਲ ਪੱਤੇ ਖੇਡਦਾ ਰਿਹਾ ਤੇ ਤੀਹ ਮਿਲੀਅਨ ਡਾਲਰ ਹਾਰ ਗਿਆ ਹੈ। ਇਸਨੂੰ ਆਖੋ ਮੇਰੇ ਤੀਹ ਮਿਲੀਅਨ ਦੇ ਦੇਵੇ।

ਮੇਰੀ ਪਤਨੀ ਤੇ ਬੇਟੀ ਪਹਿਲਾਂ ਹੈਰਾਨ ਜਿਹੀਆਂ ਹੋਈਆਂ ਦੇਖਦੀਆਂ ਰਹਿੰਦੀਆਂ ਹਨ, ਫਿਰ ਮਜ਼ਾਕ ਨੂੰ ਸਮਝ ਕੇ ਹੱਸ ਪੈਂਦੀਆਂ ਹਨ। ਇਸ ਹਾਸੇ ਨਾਲ ਮੇਰੀ ਬੇਟੀ ਦੇ ਚਿਹਰੇ ਤੋਂ ਦੁੱਖ ਦਾ ਪਰਛਾਵਾਂ ਗਾਇਬ ਹੋ ਜਾਂਦਾ ਹੈ। ਮੈਨੂੰ ਉਸ ਬੁੱਢੇ ਦਾ ਸੁਭਾਅ ਹੋਰ ਵੀ ਚੰਗਾ ਲਗਦਾ ਹੈ।

ਮੈਂ ਕੁਝ ਦੇਰ ਬਾਅਦ ਆਪਣੀ ਪਤਨੀ ਤੇ ਬੇਟੀ ਨੂੰ ਹੌਸਲਾ ਦੇ ਕੇ ਘਰ ਭੇਜ ਦਿੰਦਾ ਹਾਂ। ਉਹ ਆਖਦੀਆਂ ਹਨ-ਤੁਸੀਂ ਏਥੇ ਇਕੱਲੇ ਹੋ। ਅਸੀਂ ਹੋਰ ਰੁਕਦੀਆਂ ਹਾਂ।

ਮੈਂ ਆਖਦਾ ਹਾਂ-ਹੁਣ ਇਕੱਲਾ ਕਿੱਥੇ ਹਾਂ। ਏਹ ਜੂ ਹੈ। ਤੁਹਾਡੇ ਜਾਣ ਬਾਅਦ ਮੈਂ ਏਸ ਨਾਲ ਤੀਹ ਮਿਲੀਅਨ ਦਾ ਹਿਸਾਬ ਵੀ ਤਾਂ ਕਰਨਾ ਹੈ।

ਇਕ ਦਿਨ ਵਿਚ ਹੀ ਮੈਨੂੰ ਲੱਗਣ ਲੱਗ ਪਿਆ, ਜਿਵੇਂ ਮੇਰਾ ਉਸ ਆਦਮੀ ਨਾਲ ਵਰ੍ਹਿਆਂ ਪੁਰਾਣਾ ਰਿਸ਼ਤਾ ਹੋਵੇ। ਅਸੀਂ ਜਦ ਵੀ ਜਾਗਦੇ ਹੁੰਦੇ, ਕੋਈ ਨਾ ਕੋਈ ਗੱਲ ਕਰਕੇ ਹੱਸ ਰਹੇ ਹੁੰਦੇ। ਸਾਡਾ ਠੱਠਾ ਮਜ਼ਾਕ ਹਸਪਤਾਲ ਦੇ ਸਟਾਫ ਵਿਚ ਵੀ ਮਸ਼ਹੂਰ ਹੋ ਜਾਂਦਾ ਹੈ। ਨਰਸਾਂ ਵਗੈਰਾ ਜਦ ਵੀ ਸਾਡੇ ਕਮਰੇ ਵਿਚ ਆਉਂਦੀਆਂ ਹਨ ਸਾਡੇ ਮਜ਼ਾਕ ਵਿਚ ਸ਼ਾਮਲ ਹੋਕੇ ਖਿੜ ਖਿੜ ਹੱਸਦੀਆਂ ਹਨ। ਉਹ ਸੋਹਣੀ ਨਰਸ ਤਾਂ ਆਖ ਵੀ ਦਿੰਦੀ ਹੈ-ਮੈਨੂੰ ਇਸ ਕਮਰੇ ਵਿਚ ਆ ਕੇ ਹੱਸਣਾ ਚੰਗਾ ਲਗਦਾ ਹੈ।

ਤੁਹਾਨੂੰ ਦੋਹਾਂ ਨੂੰ ਇੰਝ ਹਾਸੇ ਮਜ਼ਾਕ 'ਚ ਲੜਦਿਆਂ ਦੇਖਣਾ ਖੂਬਸੂਰਤ ਲਗਦਾ ਹੈ।

-ਦੇਖਿਆ, ਮੈਂ ਖੁਸ਼ਦਿਲ ਇਨਸਾਨ ਹਾਂ। ਹੁਣ ਤਾਂ ਤੈਨੂੰ ਪਤਾ ਲੱਗ ਗਿਆ। ਹੁਣ ਤਾਂ ਤੂੰ ਮੇਰੇ ਨਾਲ ਸ਼ਾਦੀ ਕਰੇਂਗੀ ਨਾ, ਡਾਰਲਿੰਗ। ਬੁੱਢੇ ਨੇ ਆਪਣਾ ਤੀਰ ਕਮਾਨ ਫਿਰ ਕਸ ਲਿਆ।

-ਹਾਂ ਸ਼ਵੀਟ ਹਾਰਟ। ਜਿਸ ਦਿਨ ਤੂੰ ਠੀਕ ਹੋ ਗਿਆ ਆਪਾਂ ਸਿੱਧਾ ਗਿਰਜਾ ਘਰ ਵਿਚ ਹੀ ਚੱਲਾਂਗੇ ਸ਼ਾਦੀ ਕਰਵਾਉਣ। ਹੱਸਦੀ ਹੱਸਦੀ ਉਹ ਨਰਸ ਆਖਦੀ ਹੈ।

ਦੋ ਦਿਨ ਬੀਤ ਗਏ ਹਨ। ਟਾਈਮ ਦਾ ਪਤਾ ਹੀ ਨਹੀਂ ਲੱਗਾ ਕਦ ਬੀਤ ਗਿਆ ਹੈ। ਹੱਸਦੇ ਹਾਂ, ਸੌਂਦੇ ਹਾਂ। ਬਸ ਇਹੋ ਕੰਮ ਹੈ ਹਸਪਤਾਲ ਦੇ ਇਸ ਕਮਰੇ ਵਿਚ।

ਦੋ ਦਿਨਾਂ 'ਚ ਕੋਈ ਵੀ ਉਸਦੀ ਖਬਰ ਨੂੰ ਨਾ ਆਇਆ। ਮੈਂ ਉਸਨੂੰ ਪੁੱਛਦਾ ਹਾਂ-ਤੇਰੀ ਖਬਰ ਨੂੰ ਕਿਉਂ ਕੋਈ ਨਹੀਂ ਆਇਆ।

-ਮੇਰਾ ਹੈ ਹੀ ਕੌਣ ?

-ਕਿਉਂ ?

-ਮੈਂ ਸਿਰਫ ਇਕੱਲਾ ਹੀ ਬਚਿਆ ਹਾਂ। ਮੈਂ ਦੇਖਿਆ, ਉਸਦੇ ਚਿਹਰੇ 'ਤੇ ਗ਼ਮ ਦੀ ਲਕੀਰ ਖਿੱਚੀ ਜਾਂਦੀ ਹੈ।

-ਇਕ ਇਕ ਕਰਕੇ ਸਾਰੇ ਤੁਰ ਗਏ...। ਉਹ ਛੱਤ ਵੱਲ ਦੇਖਣ ਲੱਗ ਜਾਂਦਾ ਹੈ। ਜਿਵੇਂ ਸਾਰੇ ਤੁਰ ਗਿਆਂ ਦੇ ਚਿਹਰੇ ਤਲਾਸ਼ ਰਿਹਾ ਹੋਵੇ।

-ਮਾਂ...ਭੈਣ...ਭਰਾ, ਸਭ ਤੁਰ ਗਏ ਹਨ..ਮੈਂ ਹੀ ਇਕੱਲਾ ਰਹਿ ਗਿਆ ਹਾਂ।

-ਤੇਰੀ ਪਤਨੀ ? ਤੇਰੇ ਬੱਚੇ ? ਮੈਂ ਉਸਦੇ ਦਰਦ ਵਿਚ ਸ਼ਰੀਕ ਹੋ ਜਾਂਦਾ ਹਾਂ।

-ਮੈਂ ਕਦੇ ਸ਼ਾਦੀ ਨਹੀਂ ਕੀਤੀ।

ਉਸਦਾ ਜਵਾਬ ਮੈਨੂੰ ਹੋਰ ਵੀ ਦੁਖੀ ਕਰ ਜਾਂਦਾ ਹੈ। ਮੈਨੂੰ ਲਗਦਾ ਹੈ, ਜਿਵੇਂ ਉਸਨੇ ਕਈ ਸਾਲਾਂ ਬਾਅਦ ਆਪਣੇ ਦਿਲ ਦੀ ਭੜਾਸ ਕੱਢੀ ਹੋਵੇ।

1943 ਦੀ ਗੱਲ ਹੈ। ਉਦੋਂ ਉਹ ਭਰ ਜਵਾਨ ਸੀ। ਗਵਾਂਢ 'ਚ ਰਹਿੰਦੀ ਅੰਤਾਂ ਦੀ ਸੋਹਣੀ ਮੇਰੀ ਨਾਂ ਦੀ ਕੁੜੀ ਨਾਲ ਉਸਦਾ ਇਸ਼ਕ ਸੀ। ਉਸਦੇ ਪਿਆਰ ਵਿਚ ਉਹ ਦੁਨੀਆਂ ਭੁਲਾਈ ਬੈਠਾ ਸੀ। ਇਕੱਠਿਆਂ ਜੀਣ ਮਰਨ ਦੇ ਵਾਅਦੇ ਸਨ। ਪਰ ਉਸਨੂੰ ਵਿਸ਼ਵ ਜੰਗ ਵਿਚ ਸ਼ਾਮਲ ਹੋਣ ਲਈ, ਫੌਜ ਵਿਚ ਜਾਣਾ ਪੈਣਾ ਸੀ। ਮੇਰੀ ਉਸਨੂੰ ਆਪਣੀ ਕਾਰ ਵਿਚ ਛੱਡਣ ਗਈ ਸੀ। ਉਸਨੇ ਵਿਦੇਸ਼ਾਂ ਵਿਚ ਲੜਾਈ ਲੜਨ ਲਈ ਜਾਣਾ ਸੀ। ਕਦ ਪਰਤਣਾ ਸੀ, ਕੁਝ ਪਤਾ ਨਹੀਂ ਸੀ। ਵਿਛੜਨ ਲੱਗਿਆਂ, ਮੇਰੀ ਨੇ ਉਸਨੂੰ ਆਪਣੇ ਨਾਲ ਘੁੱਟ ਲਿਆ ਸੀ। ਲੰਬਾ ਚੁੰਮਣ ਲਿਆ ਸੀ।

ਉਸ ਪਲ ਪਤਾ ਨਹੀਂ ਉਸਦੇ ਮਨ 'ਚ ਕੀ ਆਇਆ। ਉਸਨੇ ਮੇਰੀ ਨੂੰ ਪੁੱਛ ਲਿਆ-ਡਾਰਲਿੰਗ, ਜੇ ਮੈਂ ਲੜਾਈ 'ਚੋਂ ਪਰਤ ਨਾ ਸਕਿਆ।

ਮੇਰੀ ਨੇ ਉਸ ਦੇ ਮੂੰਹ 'ਤੇ ਹੱਥ ਧਰ ਦਿੱਤਾ ਸੀ।

-ਮੇਰੇ ਨਾਲ ਇੰਝ ਨਾ ਕਰੀਂ। ਮੈਂ ਇਹ ਸੱਲ੍ਹ ਬਰਦਾਸ਼ਤ ਕਰਨ ਲਈ ਜਿਊਂਦੀ ਨਹੀਂ ਰਹਿ ਸਕਾਂਗੀ।

ਉਸਨੂੰ ਛਾਉਣੀ ਵਿਚ ਹੀ ਪਤਾ ਲੱਗ ਗਿਆ ਸੀ। ਉਸਦੀ ਮੇਰੀ, ਉਸਨੂੰ ਛੱਡ ਕੇ ਵਾਪਸ ਜਾਂਦੀ, ਕੁਈਨਜ਼ ਬੁੱਲ੍ਹਵਾੜ 'ਤੇ ਇਕ ਪੋਲ ਨਾਲ ਟਕਰਾ ਗਈ ਸੀ ਤੇ ਚੱਲ ਵਸੀ ਸੀ।

ਮੇਰੀ ਦੇ ਦਾਹ ਸੰਸਕਾਰ ਲਈ ਵੀ ਉਸਨੂੰ ਛੁੱਟੀ ਨਹੀਂ ਸੀ ਮਿਲੀ। ਤੇ ਉਹ ਕਈ ਸਾਲ ਕਈ ਮੁਲਕਾਂ ਵਿਚ ਭਟਕਦਾ ਦੂਜੀ ਵਿਸ਼ਵ ਜੰਗ ਲੜਦਾ ਰਿਹਾ ਸੀ। ਇਕ ਵਾਰ ਉਸਦੇ ਸਿਰ ਵਿਚ ਗੋਲੀ ਲੱਗੀ ਵੀ, ਪਰ ਉਹ ਵੀ ਇਕ ਪਾਸਿਉਂ ਦੀ ਹੁੰਦੀ, ਬਾਹਰ ਨਿਕਲ ਗਈ ਸੀ। ਉਸਦੇ ਦੁੱਖ ਦਾ ਅੰਤ ਨਹੀਂ ਸੀ ਕਰ ਸਕੀ।

ਉਹ ਆਪਣੇ ਮੱਥੇ ਦੇ ਸੱਜੇ ਪਾਸੇ ਦੇ ਦਾਗ 'ਤੇ ਉਂਗਲੀ ਰੱਖ ਕੇ ਮੈਨੂੰ ਦੱਸਦਾ ਹੈ। ਮੈਂ ਅਵਾਕ ਜਿਹਾ ਹੋਇਆ ਸੁਣਦਾ ਰਹਿੰਦਾ ਹਾਂ।

ਉਹ ਸਾਰੀ ਉਮਰ ਮੇਰੀ ਦੇ ਵਿਛੋੜੇ ਦਾ ਸੱਲ੍ਹ ਚੁੱਕੀ ਫਿਰਿਆ ਹੈ। ਮੁੜ ਉਸਦਾ ਦਿਲ ਕਿਸੇ ਹੋਰ ਲਈ ਧੜਕਿਆ ਹੀ ਨਾ। ਸਾਰੀ ਉਮਰ ਉਸਨੇ ਕਿਸੇ ਨਾਲ ਸ਼ਾਦੀ ਨਾ ਕੀਤੀ। ਆਪਣੀ ਵਿਧਵਾ ਮਾਂ ਅਤੇ ਆਪਣੇ ਭਰਾ ਲਈ ਹੀ ਜਿਉਂਦਾ ਰਿਹਾ।

ਤੇ ਹੁਣ ਉਹ ਵੀ ਇਕ ਇਕ ਕਰਕੇ ਉਸਨੂੰ ਛੱਡ ਕੇ ਜਾ ਚੁੱਕੇ ਸਨ।

-ਮੈਨੂੰ ਇਸ ਗੱਲ ਦੀ ਤਸੱਲੀ ਹੈ, ਮੈਂ ਆਪਣਿਆਂ ਲਈ ਜੀਵਿਆ ਹਾਂ। ਮੈਂ ਉਹਨਾਂ ਦੇ ਹਰ ਦੁਖ ਸੁਖ ਵਿਚ ਉਹਨਾਂ ਦੇ ਕੰਮ ਆ ਸਕਿਆ ਹਾਂ। ਮੈਂ ਆਪਣੀ ਸਾਰੀ ਕਮਾਈ ਉਹਨਾਂ 'ਤੇ ਲਗਾ ਦਿੱਤੀ। ਮੈਨੂੰ ਇਸ ਗੱਲ ਦੀ ਭਰਪੂਰ ਖੁਸ਼ੀ ਹੈ, ਮੈਂ ਉਹਨਾਂ ਨੂੰ ਬਹੁਤ ਮਹਿੰਗੇ ਢੰਗ ਨਾਲ ਦਫਨਾ ਸਕਿਆ ਹਾਂ। ਮੈਂ ਆਪਣੀ ਮਾਂ, ਆਪਣੀ ਭੈਣ ਤੇ ਆਪਣੇ ਭੈਰਾ ਨੂੰ ਅਮੀਰਾਂ ਵਾਂਗ ਦਫਨਾਇਆ ਹੈ। ਮੈਂ ਉਹਨਾਂ ਦੇ ਬਰੀਅਲ 'ਤੇ ਬਹੁਤ ਖਰਚ ਕੀਤਾ ਹੈ। ਮੈਨੂੰ ਇਸ ਗੱਲ ਦੀ ਤਸੱਲੀ ਹੈ।

-ਤੇ ਹੁਣ ਤੈਨੂੰ ਕੌਣ ਦਫਨਾਏਗਾ ? ਮੈਂ ਉਸਨੂੰ ਪੁੱਛਦਾ ਹਾਂ। ਉਹ ਛੱਤ ਵੱਲ ਵੇਖੀ ਜਾ ਰਿਹਾ ਹੈ। ਕੁਝ ਬੋਲਦਾ ਨਹੀਂ। ਸ਼ਾਇਦ ਸੌਂ ਗਿਆ ਹੈ।

ਮੈਨੂੰ ਖੰਘ ਆਉਣ ਵਾਲੀ ਹੈ। ਮੈਂ ਸਿਰਹਾਣੇ ਨੂੰ ਆਪਣੇ ਢਿੱਡ 'ਤੇ ਘੁੱਟਣ ਦੇ ਆਹਰ ਵਿਚ ਲੱਗ ਜਾਂਦਾ ਹਾਂ।

ਨਰਸ ਮੇਰਾ ਤਾਪਮਾਨ ਚੈੱਕ ਕਰਦੀ ਫਿਕਰਮੰਦ ਜਿਹੀ ਹੋ ਜਾਂਦੀ ਹੈ। ਮੇਰਾ ਤਾਪਮਾਨ ਹੇਠਾਂ ਨਹੀਂ ਆ ਰਿਹਾ। ਡਾਕਟਰ ਆਉਂਦਾ ਹੈ। ਉਸਨੂੰ ਡਰ ਹੈ ਕਿ ਕਿਤੇ ਮੈਨੂੰ ਨਮੋਨੀਆ ਨਾ ਹੋ ਜਾਵੇ।

ਮੈਨੂੰ ਯਾਦ ਆਉਂਦਾ ਹੈ, ਮੇਰੇ ਪਿਤਾ ਜੀ ਦਾ ਪ੍ਰਾਸਟ੍ਰੇਟ ਦਾ ਉਪਰੇਸ਼ਨ ਹੋਇਆ ਸੀ ਤੇ ਫਿਰ ਉਹਨਾਂ ਨੂੰ ਨਮੋਨੀਆ ਹੋ ਗਿਆ ਸੀ। ਉਹ ਪੀ. ਜੀ. ਆਈ. ਚੰਡੀਗੜ੍ਹ ਵਿਚ ਮੇਰੇ ਹੱਥਾਂ ਵਿਚ ਚੱਲ ਵਸੇ ਸਨ।

ਨਮੋਨੀਆ ਦਾ ਨਾਂ ਹੀ ਮੈਨੂੰ ਡਰਾ ਜਾਂਦਾ ਹੈ। ਨਰਸ ਮੈਨੂੰ ਪਲਾਸਟਿਕ ਦਾ ਹੁੱਕਾ ਨੁਮਾ ਆਲਾ ਦੇ ਜਾਂਦੀ ਹੈ। ਆਖਦੀ ਹੈ-ਤੁਸੀਂ ਜਿੰਨਾ ਚਿਰ ਜਾਗਦੇ ਹੋ, ਇਸ ਨਾਲ ਲੰਬੇ ਲੰਬੇ ਸਾਹ ਅੰਦਰ ਖਿਚਦੇ ਰਹਿਣਾ। ਇਸ ਨਾਲ ਨਮੋਨੀਏ ਤੋਂ ਬਚਾਅ ਹੋ ਸਕਦਾ ਹੈ।

ਮੈਂ ਉਸ ਆਲੇ ਨਾਲ ਜੁਟਿਆ ਰਹਿੰਦਾ ਹਾਂ। ਮੈਂ ਨਮੋਨੀਆ ਨਹੀਂ ਹੋਣ ਦੇਵਾਂਗਾ।

-ਤੈਨੂੰ ਕੁਝ ਨਹੀਂ ਹੋਣਾਂ। ਐਵੇਂ ਨਾ ਡਰ। ਉਹ ਬੁੱਢਾ ਮੈਨੂੰ ਅਖਦਾ ਹੈ।

-ਤੂੰ ਮੇਰੇ ਤੀਹ ਮਿਲੀਅਨ ਮੋੜਨੇ ਹਨ। ਤੈਨੂੰ ਕੁਝ ਨਹੀਂ ਹੋਣਾਂ ਅਜੇ।

ਮੈਂ ਹੱਸ ਪੈਂਦਾ ਹਾਂ।

-ਤੂੰ ਮੇਰੇ ਤੀਹ ਮਿਲੀਅਨ ਮੋੜੇਂਗਾ। ਫਿਰ ਮੈਂ ਆਪਣੀ ਡਾਰਲਿੰਗ ਨਾਲ ਸ਼ਾਦੀ ਕਰਾਂਗਾ।

-ਤੈਨੂੰ ਅਜੇ ਸ਼ਾਦੀ ਦੀ ਆਸ ਹੈ ? ਮੈਂ ਉਸਨੂੰ ਪੁੱਛਦਾ ਹਾਂ।

-ਕੀ ਪਤਾ, ਕਦ ਕਿਸੇ ਲਈ ਦਿਲ ਧੜਕ ਪਵੇ। ਮੈਂ ਆਸ ਕਿਉਂ ਛੱਡਾਂ ?

-ਹੋ ਸਕਦੈ ਤੇਰੀ ਗਰਲ ਫਰੈਂਡ ਮੇਰੀ ਮੁੜ ਪੈਦਾ ਹੋ ਗਈ ਹੋਵੇ ਤੇ ਤੈਨੂੰ ਕਿਧਰੇ ਫਿਰ ਮਿਲ ਜਾਵੇ। ਹੋ ਸਕਦੈ, ਇਹ ਤੇਰੀ ਡਾਰਲਿੰਗ ਨਰਸ ਹੀ ਪਿਛਲੇ ਜਨਮ 'ਚ ਮੇਰੀ ਹੋਵੇ। ਮੈਂ ਆਖਦਾ ਹਾਂ।

-ਤੂੰ ਇਹਨਾਂ ਗੱਲਾਂ 'ਤੇ ਵਿਸ਼ਵਾਸ ਕਰਦੈਂ ? ਉਹ ਮੈਨੂੰ ਪੁੱਛਦਾ ਹੈ।

ਮੈਂ 'ਹਾਂ' ਵਿਚ ਸਿਰ ਹਿਲਾ ਦਿੰਦਾ ਹਾਂ। ਉਹ ਛੱਤ ਵੱਲ ਦੇਖਦਾ ਦੇਖਦਾ ਸੌਂ ਜਾਂਦਾ ਹੈ। ਸ਼ਾਇਦ ਸੁਪਨੇ 'ਚ ਮੇਰੀ ਨੂੰ ਮਿਲ ਰਿਹਾ ਹੋਵੇ।

ਉਸ ਰਾਤ ਮੈਨੂੰ ਅਜੀਬ ਸੁਪਨਾ ਆਇਆ। ਮੈਂ ਚਾਰ ਚੁਫੇਰਿਉਂ ਸੀਵਰੇਜ ਦੇ ਗੰਦ 'ਚ ਘਿਰਿਆ ਹੋਇਆ ਹਾਂ। ਹਰ ਪਾਸਿਉਂ ਸੀਵਰੇਜ ਦਾ ਗੰਦਾ ਪਾਣੀ ਡਿਗ ਰਿਹਾ ਹੈ। ਮੈਂ ਉਸ ਵਿਚ

ਡੁਬਦਾ ਜਾ ਰਿਹਾ ਹਾਂ। ਕਿਸੇ ਪਾਸੇ ਨਿਕਲਣ ਦਾ ਕੋਈ ਰਾਹ ਦਿਖਾਈ ਨਹੀਂ ਦਿੰਦਾ। ਮੈਂ ਘਬਰਾ ਜਾਂਦਾ ਹਾਂ। ਕਿਸੇ ਪਾਸਿਉਂ ਬਾਹਰ ਨਿਕਲਣ ਲਈ ਦੌੜ ਭੱਜ ਕਰਦਾ ਹਾਂ।

ਮੇਰੀ ਜਾਗ ਖੁੱਲ੍ਹ ਜਾਂਦੀ ਹੈ। ਮੈਂ ਸ਼ੁਕਰ ਕਰਦਾ ਹਾਂ। ਭਿਆਨਕ ਸੁਪਨੇ ਤੋਂ ਛੁਟਕਾਰਾ ਹੋ ਗਿਆ। ਮੈਂ ਮਹਿਸੂਸ ਕਰਦਾ ਹਾਂ, ਮੇਰਾ ਸਾਰਾ ਬਿਸਤਰਾ ਗਿੱਲਾ ਹੋਇਆ ਪਿਆ ਹੈ। ਮੇਰੇ ਸਾਰੇ ਕੱਪੜੇ ਪਸੀਨੇ ਨਾਲ ਤਰ ਬ ਤਰ ਹਨ।

ਕੁਝ ਦੇਰ ਬਾਅਦ ਨਰਸ ਆਉਂਦੀ ਹੈ। ਮੇਰਾ ਤਾਪਮਾਨ ਨਾਰਮਲ ਹੋ ਗਿਆ ਹੈ। ਉਹ ਮੈਨੂੰ ਵਧਾਈ ਦਿੰਦੀ ਹੈ। ਮੈਂ ਠੀਕ ਹੋ ਗਿਆ ਹਾਂ।

ਮੈਂ ਉਸ ਬੁੱਢੇ ਵੱਲ ਉਂਗਲੀ ਕਰਦਾ ਹਾਂ-ਇਹ ਸਭ ਇਸੇ ਦੀ ਬਦੌਲਤ ਹੈ।

ਸ਼ਾਮ ਤਕ ਹਸਪਤਾਲ 'ਚੋਂ ਮੇਰੀ ਛੁੱਟੀ ਹੋ ਜਾਂਦੀ ਹੈ। ਮੇਰੇ ਤੁਰਨ ਵੇਲੇ ਉਹ ਬੁੱਢਾ ਉਦਾਸ ਜਿਹਾ ਹੋ ਜਾਂਦਾ ਹੈ। ਮੈਨੂੰ ਵੀ ਲੱਗਾ, ਜਿਵੇਂ ਕਿਸੇ ਆਪਣੇ ਤੋਂ ਵਿਛੜ ਰਿਹਾ ਹੋਵਾਂ।

-ਮੈਂ ਠੀਕ ਹੋ ਕੇ ਤੈਨੂੰ ਮਿਲਣ ਆਵਾਂਗਾ। ਮੈਂ ਉਸ ਨਾਲ ਵਾਅਦਾ ਕਰਕੇ ਤੁਰ ਪੈਂਦਾ ਹਾਂ।

ਇਕ ਹਫਤੇ ਬਾਅਦ ਮੈਂ ਹਸਪਤਾਲ ਡਾਕਟਰ ਪਾਸ ਚੈਕਿੰਗ ਕਰਾਉਣ ਆਉਂਦਾ ਹਾਂ। ਮੈਂ ਹੁਣ ਪੂਰੀ ਤਰ੍ਹਾਂ ਠੀਕ ਹਾਂ।

ਡਾਕਟਰ ਨੂੰ ਮਿਲਣ ਬਾਅਦ, ਮੈਂ ਕੁਝ ਫੁੱਲ ਲੈ ਕੇ ਉਸਨੂੰ ਮਿਲਣ ਤੁਰ ਪੈਂਦਾ ਹਾਂ।

ਨਰਸਾਂ ਕੋਲ ਦੀ ਲੰਘਣ ਲਗਦਾ ਹਾਂ। ਉਹਨਾਂ ਨੇ ਮੈਨੂੰ ਪਹਿਚਾਣ ਲਿਆ ਹੈ। ਮੈਨੂੰ ਪੂਰੀ ਤਰ੍ਹਾਂ ਠੀਕ-ਠਾਕ ਦੇਖ ਕੇ ਉਹ ਖੁਸ਼ ਹੁੰਦੀਆਂ ਹਨ। ਮੈਂ ਉਹਨਾਂ ਨੂੰ ਦੱਸਦਾ ਹਾਂ-ਮੈਂ ਆਪਣੇ ਦੋਸਤ ਨੂੰ ਮਿਲਣ ਜਾ ਰਿਹਾ ਹਾਂ।

ਉਹੋ ਸੋਹਣੀ ਨਰਸ ਕੁੜੀ ਆਖਦੀ ਹੈ-ਪਰ ਉਹ ਤਾਂ ਉੱਥੇ ਹੈ ਨਹੀਂ ?

-ਕੀ ? ਕੀ ਉਹ ਠੀਕ ਹੋ ਕੇ ਚਲਾ ਵੀ ਗਿਆ ?

ਉਸ ਸੋਹਣੀ ਕੁੜੀ ਨੇ ਬੁਲ੍ਹ ਘੁੱਟ ਲਏ ਹਨ। ਸਿਰ ਮਾਰ ਕੇ ਆਖਦੀ ਹੈ-ਹਾਂ।

-ਗੁੱਡ। ਪਰ ਮੈਂ ਹੁਣ ਉਸਨੂੰ ਟੋਲਾਂਗਾ ਕਿੱਥੇ। ਮੈਨੂੰ ਤਾਂ ਉਸਦੇ ਸਿਰਨਾਵੇਂ ਦਾ ਵੀ ਪਤਾ ਨਹੀਂ। ਮੈਂ ਆਖਦਾ ਹਾਂ।

ਇਕ ਅੱਧਖੜ ਨਰਸ ਉੱਠ ਕੇ ਖਲੋ ਜਾਂਦੀ ਹੈ। ਬੜੇ ਧੀਰਜ ਜਿਹੇ ਨਾਲ ਆਖਦੀ ਹੈ-ਹੁਣ ਉਸਦਾ ਕੋਈ ਸਿਰਨਾਵਾਂ ਹੈ ਵੀ ਨਹੀਂ।

-ਕੀ ? ਮੈਂ ਆਪਣੀ ਚੀਕ ਨੂੰ ਮਸਾਂ ਰੋਕਦਾ ਹਾਂ।

-ਮਿ. ਸਿੰਘ। ਉਹ ਤਾਂ ਉਸੇ ਰਾਤ ਈ...ਜਿਸ ਦਿਨ ਤੂੰ ਗਿਆ ਸੈਂ...।

ਮੈਂ ਉਥੇ ਖੜ੍ਹਾ ਨਹੀਂ ਰਹਿ ਸਕਦਾ। ਫੁੱਲਾਂ ਦਾ ਗੁਲਦਸਤਾ ਮੈਂ ਨਰਸਾਂ ਕੋਲ ਹੀ ਰੱਖ ਕੇ ਮੁੜ ਪਿਆ ਹਾਂ। ਹਸਪਤਾਲ ਦੀਆਂ ਪਉੜੀਆਂ ਉਤਰਦਾ ਸੋਚ ਰਿਹਾ ਹਾਂ-ਮੁਰਦਿਆ, ਤੂੰ ਤਾਂ ਆਪਣਾ ਨਾਂ ਵੀ ਨਾ ਦੱਸਿਆ। ਤੈਨੂੰ ਕਿਸ ਨਾਂ ਨਾਲ ਯਾਦ ਕਰਿਆ ਕਰਾਂਗਾ ?

ਦਿਲ 'ਚੋਂ ਹੀ ਆਵਾਜ਼ ਆਉਂਦੀ ਹੈ-ਨਾਵਾਂ ਵਿਚ ਕੀ ਰੱਖਿਐ ? ਜਦ ਵੀ ਕਿਸੇ ਨੂੰ ਪਿਆਰ 'ਚ ਵਫਾ ਨਿਭਾਉਂਦਾ ਦੇਖਾਂਗਾ, ਉਹੀ ਨਜ਼ਰ ਆਵੇਗਾ। ਜਦ ਕਿਸੇ ਨੂੰ ਆਪਣੀ ਮਾਂ ਦੀ ਸੇਵਾ ਕਰਦਿਆਂ ਦੇਖਾਂਗਾ, ਉਹ ਉਹੀ ਹੋਵੇਗਾ। ਜਦ ਕਿਸੇ ਨੂੰ ਆਪਣੀ ਭੈਣ ਨੂੰ ਦਫਨਾਉਂਦਾ ਦੇਖਾਂਗਾ, ਉਹੀ ਨਜ਼ਰ ਆਵੇਗਾ। ਜਦ ਕਿਸੇ ਨੂੰ ਆਪਣੇ ਭਰਾ ਦੀ ਅਰਥੀ ਨੂੰ ਮੋਢਾ ਦਿੰਦਿਆਂ ਦੇਖਾਂਗਾ, ਮੈਨੂੰ ਉਹੀ ਨਜ਼ਰ ਆਵੇਗਾ।

ਮੈਂ ਉਸਨੂੰ ਥਾਂ ਥਾਂ ਦੇਖਾਂਗਾ। ਉਸ ਨੂੰ ਥਾਂ ਥਾਂ ਮਿਲਾਂਗਾ। ਉਸਦੇ ਨਾਂ ਦੀ ਕੀ ਲੋੜ ਹੈ ? ❑❑

[132-09, Maple Ave, Apt. 45-A, Flushing, NY 11355, U.S.A.]

ਕੇ ਈ ਵਾਈ ਕੀ, ਕੀ ਮਾਅਨੇ ਕੁੰਜੀ

ਗੁਰਬਚਨ ਸਿੰਘ ਭੁੱਲਰ

ਇਸ ਵਰ੍ਹੇ ਪੰਜਾਬੀ ਵਿਚ ਸਰਬ ਸ੍ਰੇਸ਼ਟ ਰਚਨਾ ਲਈ ਸਾਹਿਤ ਅਕਾਦਮੀ ਨੇ ਗੁਰਬਚਨ ਸਿੰਘ ਭੁੱਲਰ ਨੂੰ ਉਸ ਦੇ ਕਹਾਣੀ ਸੰਗ੍ਰਹਿ 'ਅਗਨੀ ਕਲਸ' ਉੱਤੇ ਪੁਰਸਕਾਰ ਦਿੱਤਾ ਹੈ। ਗੁਰਬਚਨ ਸਿੰਘ ਭੁੱਲਰ ਸਾਡੀ ਜ਼ੁਬਾਨ ਦਾ ਬਹੁਤ ਹੀ ਸਮਰੱਥ ਕਹਾਣੀਕਾਰ ਹੈ ਜਿਸ ਨੇ ਯਥਾਰਥਵਾਦੀ ਸ਼ੈਲੀ ਅਤੇ ਪ੍ਰਗਤੀਵਾਦੀ ਮਾਨਵਵਾਦੀ ਦਿੱਖ ਰਾਹੀਂ ਪਿੰਡ ਅਤੇ ਸ਼ਹਿਰ ਦੋਹਾਂ ਹੀ ਪਿਛੋਕੜਾਂ ਦੇ ਜਨ-ਜੀਵਨ ਨੂੰ ਬਹੁਤ ਕੁਸ਼ਲਤਾ ਨਾਲ ਆਪਣੀਆਂ ਕਹਾਣੀਆਂ ਵਿਚ ਸਮੋਇਆ ਹੈ। ਜ਼ੁਬਾਨ ਉੱਤੇ ਕਮਾਲ ਦੀ ਮੁਹਾਰਤ ਅਤੇ ਮਾਂਜੀ ਸੰਵਾਰੀ ਲਿਖਣ-ਸ਼ੈਲੀ ਨੇ ਗੁਰਬਚਨ ਸਿੰਘ ਭੁੱਲਰ ਦੀਆਂ ਕਿੰਨੀਆਂ ਹੀ ਕਹਾਣੀਆਂ ਨੂੰ ਸ਼ਾਹਕਾਰ ਰਚਨਾਵਾਂ ਬਣਾ ਦਿੱਤਾ ਹੈ। ਥੋੜ੍ਹੀ ਪਰ ਨਿੱਠ ਕੇ ਸਾਹਿਤ ਰਚਨਾ ਕਰਨ ਵਾਲੇ ਇਸ ਲੇਖਕ ਨੂੰ ਪੁਰਸਕਾਰ ਦੇ ਕੇ ਸਾਹਿਤ ਅਕਾਦਮੀ ਨੇ ਬਹੁਤ ਸੁਚੱਜਾ ਫੈਸਲਾ ਕੀਤਾ ਹੈ ਅਤੇ ਇੰਝ ਸਾਹਿਤ ਅਕਾਦਮੀ ਐਵਾਰਡ ਦੀ ਮਹਿਮਾ ਨੂੰ ਬਣਾਈ ਰੱਖਣ ਦਾ ਉਪਰਾਲਾ ਕੀਤਾ ਹੈ।

ਇਸ ਪੁਰਸਕਾਰ ਲਈ ਗੁਰਬਚਨ ਸਿੰਘ ਭੁੱਲਰ ਨੂੰ ਉਸ ਦੀ ਪ੍ਰਾਪਤੀ ਉੱਤੇ ਅਤੇ ਸਾਹਿਤ ਅਕਾਦਮੀ ਨੂੰ ਸੁਚੱਜੀ ਚੋਣ ਉੱਤੇ ਅਸੀਂ ਮੁਬਾਰਕਬਾਦ ਦਿੰਦੇ ਹਾਂ। -ਸੰਪਾਦਕ

ਸਿਰਜਣਾ-138 ਵਿਚ ਸੁਰਜੀਤ ਹਾਂਸ ਦਾ ਲੇਖ 'ਪੰਜਾਬੀ ਸਭਿਆਚਾਰ ਦੀ ਪਛਾਣ ਦਾ ਮਸਲਾ' ਪੜ੍ਹਿਆ। ਹਾਂਸ ਹੁਣ ਅਲਪ ਸੰਖਿਆ ਵਿਚ ਰਹਿ ਗਏ ਪੰਜਾਬੀ ਸਾਹਿਤ ਨਾਲ ਸੰਬੰਧਤ ਉਹਨਾਂ ਸਿਆਣਿਆਂ ਵਿਚੋਂ ਹੈ ਜਿਨ੍ਹਾਂ ਨੂੰ ਦੇਸੀ-ਪਰਦੇਸੀ ਸਾਹਿਤ ਅਤੇ ਸਭਿਆਚਾਰ ਦੀ ਚੰਗੀ ਖਾਸੀ ਥਾਹ ਗਹਿਰਾਈ ਵਿਚ ਵੀ ਹੈ ਅਤੇ ਵਿਸਤਾਰ ਵਿਚ ਵੀ।

ਇਸ ਲੇਖ ਵਿਚ ਉਹਨੇ ਬਹੁਤ ਅਹਿਮ ਗੱਲਾਂ ਕਹੀਆਂ ਹਨ, ਪਰ ਕੁਝ ਘਾਟ ਵੀ ਰਹਿ ਗਈ ਹੈ। ਲੇਖ ਬਹੁਤ ਸੰਘਣਾ ਹੈ, ਜਿਵੇਂ ਕਾਹਲੀ ਵਿਚ ਲਿਖਿਆ ਹੋਵੇ। ਕੁਝ ਗੱਲਾਂ ਵੱਲ ਕੇਵਲ ਸੰਕੇਤ ਕੀਤਾ ਗਿਆ ਹੈ ਅਤੇ ਕੁਝ ਦਾ ਤਾਂ ਨਾਂ ਲੈ ਕੇ ਹੀ ਛੱਡ ਦਿੱਤਾ ਗਿਆ ਹੈ। ਜਿੰਨੀਆਂ ਗੱਲਾਂ ਛੋਹੀਆ ਗਈਆਂ ਹਨ ਜੇ ਉਹਨਾਂ ਸਭਨਾਂ ਬਾਰੇ ਕੁਝ ਨਾ ਕੁਝ ਗੱਲ ਕਰ ਦਿੱਤੀ ਜਾਂਦੀ ਤਾਂ ਲੇਖ ਲੰਮਾਂ ਤਾਂ ਜ਼ਰੂਰ ਹੋ ਜਾਂਦਾ ਪਰ ਪਾਠਕ ਦੇ ਗਿਆਨ-ਚਕਸ਼ੂ ਹੋਰ ਚੰਗੀ ਤਰ੍ਹਾਂ ਖੁੱਲ੍ਹ ਜਾਂਦੇ।

ਇਕ ਦਿਲਚਸਪ ਗੱਲ ਮੈਨੂੰ 'ਕੁੰਜੀਵਤ ਭਾਸ਼ਨ' ਵਾਲੀ ਲੱਗੀ। ਜਿਸ ਕੀ-ਨੋਟ ਦਾ ਸਾਡੇ ਵਿਦਵਾਨਾਂ ਨੇ ਇਹ ਅਨੁਵਾਦ ਕੀਤਾ ਹੈ ਉਹਦਾ ਭਾਵ ਹਾਂਸ ਦੇ ਸ਼ਬਦਾਂ ਵਿਚ ਉਹ ਪ੍ਰਧਾਨ ਸੁਰ ਹੈ ਜਿਸ ਦੇ ਮੋਢੇ ਲੱਗ ਕੇ ਰਾਗ ਤੁਰਦਾ ਹੈ। ਅਰਥਾਤ ਸਾਡੇ ਜਿਸ ਅਨੁਵਾਦਕ ਵਿਦਵਾਨ ਨੇ ਇਹ ਸ਼ਬਦ ਘੜਿਆ, ਉਹਨੇ ਸੰਗੀਤ ਦੀ ਕੀ-ਨੋਟ ਭਾਵ ਪ੍ਰਧਾਨ ਸੁਰ ਦੀ 'ਕੀ' ਨੂੰ ਜਿੰਦੇ ਵਾਲੀ ਕੁੰਜੀ ਬਣਾ ਦਿੱਤਾ। ਉਂਝ ਹੋ ਸਕਦਾ ਹੈ ਕਿ ਉਹ ਅਨੁਵਾਦਕ ਸਿੱਖ ਪਰੰਪਰਾ ਦਾ ਜਾਣਕਾਰ ਹੋਵੇ। ਸਾਡੇ ਭਾਈ-ਜੀ ਆਮ ਕਰਕੇ ਦਸਦੇ ਹਨ ਕਿ ਆਦਿ ਗ੍ਰੰਥ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਨੂੰ ਉਹਦੀ ਰਚਨਾ ਸ਼ਾਮਲ ਨਾ ਕੀਤੇ ਜਾਣ ਦਾ ਕਾਰਨ ਇਹ ਦੱਸਿਆ ਸੀ ਕਿ ਤੁਹਾਡੀ ਬਾਣੀ ਤਾਂ ਆਦਿ-ਗ੍ਰੰਥ ਦੀ ਕੁੰਜੀ ਹੈ; ਇਹਦਾ ਗਿਆਨ ਹਾਸਲ ਕਰ ਕੇ ਹੀ ਪਾਠੀ ਗ੍ਰੰਥ ਸਾਹਿਬ ਦਾ ਤਾਲਾ ਖੋਲ੍ਹ

ਸਕੇਗਾ। ਸੋ ਹੋ ਸਕਦਾ ਹੈ ਕਿ ਸਾਡੇ ਸੈਮੀਨਾਰਵਾਦੀ ਕੁੰਜੀਵਤੀਏ ਭਾਸ਼ਨਕਾਰ ਇਹ ਦੱਸਣਾ ਚਾਹੁੰਦੇ ਹੋਣ ਕਿ ਉਹਨਾਂ ਦੇ ਭਾਸ਼ਨ ਦੀ ਕੁੰਜੀ ਤੋਂ ਬਿਨਾਂ ਸੈਮੀਨਾਰ ਦਾ ਜਿੰਦਾ ਖੁਲ੍ਹ ਨਹੀਂ ਸਕੇਗਾ।

ਪਰ ਇਹ ਗੱਲ ਮੈਨੂੰ ਇਕ ਹੋਰ ਕਾਰਨ ਕਰਕੇ ਦਿਲਚਸਪ ਲੱਗੀ। ਮੈਨੂੰ ਇਹਨੇ ਇਕ ਅਜਿਹੀ ਘਟਨਾ ਦਾ ਚੇਤਾ ਕਰਵਾ ਦਿੱਤਾ ਜਿਸ ਵਿਚ ਕੁੰਜੀ ਦੀ ਮਹਿਮਾ ਇਸ ਤੋਂ ਵੀ ਅੱਗੇ ਲੰਘ ਜਾਂਦੀ ਹੈ।

ਜਦੋਂ ਸੋਵੀਅਤ ਯੂਨੀਅਨ ਚੜ੍ਹਤ ਉੱਤੇ ਸੀ ਤਾਂ ਲਿਉਨਿਦ ਬਰੇਜ਼ਨੇਵ ਦੇ ਇਕ ਭਾਰਤ-ਦੌਰੇ ਸਮੇਂ ਇੰਦਰਾ ਗਾਂਧੀ ਨਾਲ ਕੁਝ ਦਸਤਾਵੇਜ਼ ਸਹੀਬੰਦ ਕੀਤੇ ਗਏ। ਉਹਨਾਂ ਦਿਨਾਂ ਵਿਚ ਜੋ ਵੀ ਸੋਵੀਅਤ-ਭਾਰਤ ਸਮਝੌਤਾ ਸਹੀਬੰਦ ਹੁੰਦਾ ਸੀ, ਉਹਦੇ ਪਾਠ ਦੀ ਆਖਰੀ ਸਤਰ ਇਹ ਹੁੰਦੀ ਸੀ ਕਿ "ਇਹ ਸਮਝੌਤਾ ਰੂਸੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸਹੀਬੰਦ ਕੀਤਾ ਗਿਆ ਜੋ ਤਿੰਨੇ ਰੂਪ ਇਕੋ ਜਿੰਨੇ ਪ੍ਰਮਾਣਿਕ ਹਨ।" ਪਰ ਸੱਚ ਇਹ ਸੀ ਕਿ ਸਾਰੀ ਗੱਲਬਾਤ ਅਤੇ ਸੌਦੇਬਾਜ਼ੀ ਦੋਵਾਂ ਦੇਸ਼ਾਂ ਦੀ ਅਫ਼ਸਰਸ਼ਾਹੀ ਵੱਲੋਂ ਅੰਗਰੇਜ਼ੀ ਵਿਚ ਕੀਤੀ ਜਾਂਦੀ ਸੀ ਅਤੇ ਫੇਰ ਨੇਪਰੇ ਚੜ੍ਹੇ ਇਸ ਰੂਪ ਦੇ ਰੂਸੀ ਤੇ ਹਿੰਦੀ ਅਨੁਵਾਦ ਕਰਵਾ ਲਏ ਜਾਂਦੇ ਸਨ। ਮਗਰੋਂ ਇਹ ਤਿੰਨੇ ਰੂਪ ਦੋਵਾਂ ਨੇਤਾਵਾਂ ਦੇ ਸਾਹਮਣੇ ਦਸਖਤਾਂ ਲਈ ਰੱਖ ਦਿੱਤੇ ਜਾਂਦੇ ਹਨ।

ਮੇਰੇ ਰਸਾਲੇ 'ਸੋਵੀਅਤ ਦਰਪਨ' (ਅੰਗਰੇਜ਼ੀ ਵਿਚ "ਸੋਵੀਅਤ ਰਿਵਿਊ") ਵਿਚ ਦਸਤਾਵੇਜ਼ ਪੂਰਨ ਰੂਪ ਵਿਚ ਛਾਪੇ ਜਾਂਦੇ ਸਨ। ਰੂਸੀ ਸੰਪਾਦਕ ਸਾਰੀਆਂ ਜ਼ੁਬਾਨਾਂ ਲਈ ਅੰਗਰੇਜ਼ੀ ਰੂਪ ਵੰਡ ਦਿੰਦਾ। ਹਿੰਦੀ ਵਾਲੇ ਵੀ ਆਮ ਆਦਤ ਅਨੁਸਾਰ ਅਨੁਵਾਦ ਉੱਤੇ ਹੀ ਮੱਥਾ ਮਾਰਦੇ। ਇਕ ਦਿਨ ਮੈਂ ਉਸ ਸਮੇਂ ਦੇ ਹਿੰਦੀ ਸੰਪਾਦਕ ਨੂੰ ਕਿਹਾ ਕਿ ਜਦੋਂ ਹਿੰਦੀ ਰੂਪ ਕਿਤੋਂ ਪ੍ਰਾਪਤ ਹੈ, ਤੁਸੀਂ ਨਾਲੇ ਤਾਂ ਏਨੀ ਵਾਧੂ ਮਿਹਨਤ ਕਰਦੇ ਹੋ ਤੇ ਨਾਲੇ ਹਿੰਦੀ ਦਾ ਇਹ ਤੁਹਾਡਾ ਰੂਪ ਪ੍ਰਮਾਣਿਕ ਰੂਪ ਤੋਂ ਵੱਖਰਾ ਹੁੰਦਾ ਹੈ। ਗੱਲ ਕੀ, ਉਹਨਾਂ ਨੇ ਭਾਰਤ ਸਰਕਾਰ ਦੇ ਸੂਚਨਾ ਬਿਊਰੋ ਤੋਂ ਹਿੰਦੀ ਰੂਪ ਮੰਗਵਾ ਲਿਆ।

ਪਰੂਫ਼ ਪੜ੍ਹਨ ਸਮੇਂ ਹਿੰਦੀ ਸੰਪਾਦਕ ਬੋਲਿਆ (ਅਸੀਂ ਨਾਲੋ-ਨਾਲ ਬੈਠਦੇ ਸੀ), "ਭੁੱਲਰ ਜੀ, ਇਹ ਰੂਸੀ ਹੁਣ ਸਾਡੇ ਲਈ ਮੋਮਬੱਤੀਆਂ ਤੇ ਦੀਵੇ ਬਣਾਇਆ ਕਰਨਗੇ?" ਮੇਰੇ ਪੁੱਛਣ ਉੱਤੇ ਉਹਨੇ ਦੱਸਿਆ ਕਿ ਇਥੇ ਦੋਵਾਂ ਦੇਸ਼ਾਂ ਵੱਲੋਂ 'ਰੋਸ਼ਨੀ ਉਦਯੋਗੋਂ ਮੇਂ ਸਹਿਯੋਗ' ਕਰਨਾ ਲਿਖਿਆ ਹੋਇਆ ਹੈ। ਮੈਂ ਕਿਉਂਕਿ ਪਹਿਲਾਂ ਇਹ ਕੰਮ ਨਿਬੇੜ ਚੁੱਕਿਆ ਸੀ, ਮੈਂ ਦੱਸਿਆ ਕਿ ਭਾਰਤ ਸਰਕਾਰ ਦੇ ਗੁਣਵੰਤ ਅਨੁਵਾਦਕ ਨੇ 'ਲਾਈਟ ਇੰਡਸਟਰੀਜ਼' ਦਾ ਅਨੁਵਾਦ 'ਹਲਕੇ ਉਦਯੋਗੋਂ' ਦੀ ਥਾਂ 'ਰੋਸ਼ਨੀ ਉਦਯੋਗੋਂ' ਕਰ ਦਿੱਤਾ ਹੈ। ਲਾਈਟ ਮਾਅਨੇ ਰੋਸ਼ਨੀ, ਲਾਈਟ ਮਾਅਨੇ ਹਲਕਾ।

ਸੈਕਸ਼ਨ ਵਿਚ ਬੜੀ ਹਲਚਲ ਹੋਈ। ਅਗਲੇ ਦਿਨ ਹਿੰਦੀ ਦਾ ਪਰੂਫ਼ ਰੀਡਰ ਗਜਰਾਜ ਸਿੰਘ ਸੂਚਨਾ ਬਿਊਰੋ ਭੇਜਿਆ ਗਿਆ। ਉਹਨੂੰ ਤੁਰਨ ਲੱਗੇ ਨੂੰ ਅਸੀਂ ਹੱਸੇ, "ਉਹਦੇ ਕੋਲ ਪਾਣੀ ਦਾ ਗਿਲਾਸ ਦੇਖ ਲਈਂ ਅਤੇ ਸੁਣਕੇ ਜਦੋਂ ਉਹ ਘਬਰਾ ਕੇ ਕੁਰਸੀ ਤੋਂ ਡਿੱਗਿਆ, ਅਧਿਕਾਰੀ ਦੇ ਮੂੰਹ ਉੱਤੇ ਛਿੱਟੇ ਮਾਰ ਦੇਈਂ।"

ਅੱਗੇ ਉਹ ਕਰਮਚਾਰੀ ਮੇਜ਼ ਉੱਤੇ ਲੱਤਾਂ ਰੱਖ ਕੇ ਬੀੜੀ ਪੀ ਰਿਹਾ ਸੀ। ਸਾਰੀ ਗੱਲ ਸੁਣ ਕੇ ਅਤੇ ਗਜਰਾਜ ਦਾ ਭੈਭੀਤ ਚਿਹਰਾ ਦੇਖ ਕੇ ਉਹ ਖਿੜਖਿੜ ਹੱਸਿਆ। ਲੱਤਾਂ ਮੇਜ਼ ਉੱਤੇ ਹੀ ਰਖਦਿਆਂ, ਚੁਟਕੀ ਨਾਲ ਬੀੜੀ ਦੀ ਰਾਖ ਝਾੜਦਿਆਂ ਉਹ ਬੋਲਿਆ, "ਸ੍ਰੀਮਾਨ ਜੀ, ਇਹ ਤਾਂ ਕੁਝ ਵੀ ਨਹੀਂ। ਇਕ ਵਾਰ ਇਕ ਅਫ਼ਰੀਕੀ ਦੇਸ਼ ਦਾ ਪ੍ਰਧਾਨ ਮੰਤਰੀ ਆਇਆ ਸੀ ਅਤੇ ਉਸ ਨਾਲ ਹੋਏ ਭਾਰਤ ਸਰਕਾਰ ਦੇ ਸਮਝੌਤੇ ਦੀ ਮੂਲ ਅੰਗਰੇਜ਼ੀ ਦਾ ਹਿੰਦੀ ਵਿਚ ਅਨੁਵਾਦ ਕਰਦਿਆਂ ਸਾਡੇ ਅਨੁਵਾਦਕ ਨੇ

'ਕੀ-ਇੰਡਸਟਰੀਜ਼' ਦਾ ਅਨੁਵਾਦ 'ਚਾਬੀਆਂ ਬਨਾਨੇ ਕੇ ਉਦਯੋਗ' ਕਰ ਦਿੱਤਾ ਸੀ। ਕੁਝ ਨਹੀਂ ਸੀ ਹੋਇਆ। ਦਸਖ਼ਤ ਉਸੇ ਤਰ੍ਹਾਂ ਹੀ ਹੋ ਗਏ ਸਨ। ਕੰਮ ਅੰਗਰੇਜ਼ੀ ਅਨੁਸਾਰ ਹੁੰਦਾ ਹੈ, ਹਿੰਦੀ ਰੂਪ ਫਾਈਲ ਵਿਚ ਲੱਗ ਜਾਂਦਾ ਹੈ। ਕੌਣ ਦੇਖਦਾ ਤੇ ਪੁੱਛਦਾ ਹੈ! ਜਾਓ, ਜੇ ਤੁਹਾਨੂੰ ਪਤਾ ਲੱਗ ਗਿਆ, ਠੀਕ ਕਰ ਲਵੋ।"

ਪਰ ਹਿੰਦੀ ਸੰਪਾਦਕ ਉਸ ਸਮੇਂ ਦੇ ਬਿਹਾਰ ਦੇ ਕਮਿਊਨਿਸਟ ਸੰਸਦ ਮੈਂਬਰ ਯੋਗੇਂਦਰ ਸ਼ਰਮਾ ਦਾ ਮਿੱਤਰ ਸੀ। ਉਹਨੂੰ ਆਖ ਕੇ ਪਾਰਲੀਮੈਂਟ ਵਿਚ ਸਵਾਲ ਕਰਵਾ ਦਿੱਤਾ ਗਿਆ। ਉਸ ਮਗਰੋਂ ਕੁਝ ਨਹੀਂ ਸੀ ਸੁਣਿਆ। ਚੇਤੇ ਨਹੀਂ, ਮੰਤਰੀ ਨੇ ਕੀ ਕਿਹਾ ਤੇ ਕੀਤਾ। ਹੋ ਸਕਦਾ ਹੈ, ਉਪਰੋਕਤ ਕਰਮਚਾਰੀ ਦੇ ਕਹਿਣ ਵਾਂਗ ਕੁਝ ਵੀ ਨਾ ਹੋਇਆ ਹੋਵੇ।

ਹਾਂਸ ਨੇ ਇਕ ਵੱਡਾ ਅਹਿਸਾਨ ਪੋਇਟਿਕਸ ਦਾ ਭਾਵ ਸਪੱਸ਼ਟ ਕਰ ਕੇ ਕੀਤਾ ਹੈ ਕਿ ਇਸਦਾ ਪੋਇਟਰੀ ਨਾਲ ਭਾਵ ਕਾਵਿ ਨਾਲ ਕੋਈ ਸੰਬੰਧ ਨਹੀਂ, ਬਣਾਉਣ-ਰਚਣ ਨਾਲ ਹੈ। ਭਾਵ ਪੋਇਟਿਕਸ ਕਾਵਿ-ਸ਼ਾਸਤਰ ਨਹੀਂ, ਰਚਨਾ-ਸ਼ਾਸਤਰ ਹੈ। ਇਹ ਕਾਵਿ-ਸ਼ਾਸਤਰ ਪੜ੍ਹ ਕੇ ਮੈਂ ਹਮੇਸ਼ਾ ਬੌਂਦਲਦਾ ਰਿਹਾ ਹਾਂ। ਹਾਂਸ ਨੇ ਭੈਅ ਪਰਗਟ ਕੀਤਾ ਹੈ ਕਿ ਅਗਲੇ ਸਾਲ ਗਦ ਦਾ ਕਾਵਿ-ਸ਼ਾਸਤਰ ਵੀ ਪ੍ਰਗਟ ਹੋ ਜਾਣਾ ਹੈ। ਸ਼ਾਇਦ ਰੁਝੇਵਿਆਂ ਕਾਰਨ ਕਿਤੇ ਉਸ ਦੀ ਨਜ਼ਰ ਤੋਂ ਓਹਲੇ ਰਹਿ ਗਿਆ, ਕਹਾਣੀ ਦਾ ਤੇ ਨਾਵਲ ਦਾ ਕਾਵਿ-ਸ਼ਾਸਤਰ ਤਿਆਰ ਕਰਨ ਦੀ ਲੋੜ ਦਾ ਸਾਡੇ ਕੁਝ ਪ੍ਰਮੁੱਖ ਆਲੋਚਕਾਂ ਦਾ ਹੋਕਾ ਮੈਂ ਆਪ ਪੜ੍ਹਿਆ ਹੋਇਆ ਹੈ।

ਹਾਂਸ ਨੇ ਕੁਝ ਹੋਰ ਸ਼ਬਦਾਂ ਦੇ ਨਾਲ-ਨਾਲ 'ਆਦਰਸ਼ਵਾਦ' ਨੂੰ ਅਜਿਹੀ ਹੀ ਇਕ ਹੋਰ ਮਿਸਾਲ ਵਜੋਂ ਕੇਵਲ ਨਾਂ ਲੈ ਕੇ, ਕੁਝ ਵੀ ਹੋਰ ਕਹੇ ਬਿਨਾਂ ਛੱਡ ਦਿੱਤਾ ਹੈ। ਮਾਰਕਸਵਾਦੀ ਲਿਖਤਾਂ ਵਿਚ ਆਈਡੀਅਲਿਜ਼ਮ ਦਾ ਅਨੁਵਾਦ 'ਆਦਰਸ਼ਵਾਦ' ਮੈਨੂੰ ਹਮੇਸ਼ਾ ਚੁਭਦਾ ਸੀ। ਡਿਕਸ਼ਨਰੀਆਂ ਫਰੋਲਣ ਉੱਤੇ ਪਤਾ ਲੱਗਿਆ, ਦਰਸ਼ਨ-ਸ਼ਾਸਤਰ ਵਿਚ ਇਸ ਸ਼ਬਦ ਦਾ ਸੰਬੰਧ ਆਈਡੀਅਲ ਨਾਲ ਨਹੀਂ ਆਈਡੀਆ ਨਾਲ ਹੈ ਤੇ ਉਹਦਾ ਭਾਵ ਉਸ ਵਿਚਾਰਧਾਰਾ ਤੋਂ ਹੈ ਜਿਸ ਅਨੁਸਾਰ ਪਹਿਲਾਂ ਵਿਚਾਰ ਦੀ ਉਤਪਤੀ ਹੋਈ ਅਤੇ ਫੇਰ ਸੰਸਾਰ ਦੀ ਪਦਾਰਥਕ ਹੋਂਦ ਬਣੀ। ਇਸੇ ਪ੍ਰਕਾਰ ਡਿਕਸ਼ਨਰੀਆਂ ਵਿਚ ਪਦਾਰਥਵਾਦ (ਮੈਟੀਰੀਅਲਿਜ਼ਮ) ਦੇ ਅਰਥ ਵੀ ਸਪਸ਼ਟ ਕੀਤੇ ਹੋਏ ਹਨ। ਜਿੱਥੇ ਸਾਧਾਰਨ ਰੂਪ ਵਿਚ ਇਹਦਾ ਭਾਵ ਰੂਹਾਨੀਅਤ ਦੇ ਟਾਕਰੇ ਪਦਾਰਥ ਨੂੰ ਵਧੇਰੇ ਮਹੱਤਵ ਦੇਣ ਤੋਂ ਹੈ, ਉਥੇ ਦਰਸ਼ਨ-ਸ਼ਾਸਤਰ ਵਿਚ ਇਹਦਾ ਅਰਥ ਉਹ ਵਿਚਾਰਧਾਰਾ ਹੈ, ਜਿਸ ਅਨੁਸਾਰ ਪਹਿਲਾਂ ਪਦਾਰਥ ਹੋਂਦ ਵਿਚ ਆਇਆ ਅਤੇ ਉਸ ਪਿੱਛੋਂ ਤੇ ਉਸ ਵਿਚੋਂ ਵਿਚਾਰ ਦਾ ਜਨਮ ਹੋਇਆ। ਪਰ ਅਜੇ ਵੀ ਦਰਸ਼ਨ-ਸ਼ਾਸਤਰੀ ਅਰਥਾਂ ਵਿਚ ਲੋਕ ਆਈਡੀਅਲਿਜ਼ਮ ਨੂੰ ਆਦਰਸ਼ਵਾਦ ਹੀ ਲਿਖੀ ਜਾ ਰਹੇ ਹਨ।

ਆਖ਼ਰੀ ਗੱਲ, ਉਸ ਬੇਹੱਦ ਮਹੱਤਵਪੂਰਨ ਮੁੱਦੇ ਦੀ ਜੋ ਹਾਂਸ ਨੇ ਆਜ਼ਾਦੀ ਦੀ ਜੰਗ ਅਤੇ ਪ੍ਰਗਤੀਵਾਦੀ ਸਾਹਿਤ ਦੋਵਾਂ ਦੀਆਂ ਵਾਸਤਵਿਕ ਅਤੇ ਇੱਛਤ ਬੁਨਿਆਦਾਂ ਦੇ ਰੂਪ ਵਿਚ ਖੜ੍ਹਾ ਕੀਤਾ ਹੈ। ਚੰਗਾ ਹੋਵੇ ਜੇ ਹਾਂਸ ਇਹਨਾਂ ਦੋਵਾਂ ਗੱਲਾਂ ਨੂੰ ਖੋਲ੍ਹ ਕੇ ਲਿਖੇ। ਇਸ ਨਾਲ ਬਹੁਤਿਆਂ ਦਾ ਭਲਾ ਹੋਵੇਗਾ।

ਮੁਸਲਮਾਨਾਂ ਅਤੇ ਦਲਿਤਾਂ ਨੂੰ ਕੇਵਲ ਆਜ਼ਾਦੀ ਦੀ ਲੜਾਈ ਸਮੇਂ ਹੀ ਹਜ਼ਾਰਾਂ ਸਾਲ ਪਿੱਛੇ ਜਾ ਕੇ ਪ੍ਰਾਚੀਨ ਭਾਰਤ ਦੀ ਮਹਾਨਤਾ ਉੱਤੇ ਜ਼ੋਰ ਦਿੰਦਿਆਂ ਵੱਖਰੇ ਰੱਖਣ ਦਾ ਯਤਨ ਨਹੀਂ ਸੀ ਕੀਤਾ ਗਿਆ, ਅੱਜ ਵੀ ਦੇਸ਼ ਦੀ ਮੁੱਖਧਾਰਾ ਤੋਂ ਇਹਨਾਂ ਲੋਕਾਂ ਨੂੰ ਲਾਂਭੇ ਰੱਖਣ ਲਈ ਅਜਿਹੇ ਹੀ ਯਤਨ ਹੋਰ ਵੀ ਜ਼ੋਰਦਾਰ ਢੰਗ ਨਾਲ ਜਾਰੀ ਹਨ।

ਹੁਣ ਰਹੀ ਗੱਲ ਸਾਹਿਤ ਵਿਚਲੇ ਪ੍ਰਗਤੀਵਾਦ ਨੂੰ ਮੱਧਕਾਲੀ ਸਿੱਖ ਸਾਹਿਤ ਭਾਵ ਬਾਣੀ ਨਾਲ ਜੋੜੇ ਜਾਣ ਦੀ। ਪੰਜਾਬ ਦੇ ਸਾਧਾਰਨ-ਬੁੱਧ ਲੋਕਾਂ ਨੂੰ ਵੀ ਤੁਸੀਂ ਇਹ ਕਹਿੰਦਿਆਂ ਸੁਣ ਸਕਦੇ ਹੋ ਕਿ ਕਾਮਰੇਡਾਂ ਵਾਲੀਆਂ ਕਈ ਗੱਲਾਂ ਤਾਂ ਆਪਣੇ ਗੁਰੂਆਂ ਨੇ ਪਹਿਲਾਂ ਹੀ ਕੀਤੀਆਂ ਹੋਈਆਂ ਹਨ। ਪਰ ਸਾਡੇ ਉੱਚ-ਬੁੱਧ ਪ੍ਰਗਤੀਵਾਦੀਆਂ ਨੂੰ ਅਜਿਹਾ ਖ਼ਿਆਲ ਨਹੀਂ ਆਇਆ। ਰਾਜਨੀਤਕ ਖੇਤਰ ਵਿਚ ਤਾਂ ਕਮਿਊਨਿਸਟ ਆਗੂ ਅਤੇ ਬੁੱਧੀਮਾਨ ਭਾਸ਼ਨਾਂ ਅਤੇ ਲਿਖਤਾਂ ਵਿਚ ਵਿਅਕਤੀਆਂ ਅਤੇ ਘਟਨਾਵਾਂ ਦੀਆਂ ਉਦਾਹਰਨਾਂ ਵੀ ਬਹੁਤੀਆਂ ਰੂਸ ਦੀਆਂ ਅਤੇ ਰੂਸ ਤੋਂ ਪ੍ਰੇਰਿਤ ਅਮਰੀਕਾ-ਵਿਰੋਧ ਦੀਆਂ ਦਿਆ ਕਰਦੇ ਸਨ। ਨੇੜਿਓਂ ਕੋਈ ਉਦਾਹਰਨ ਹੀ ਪ੍ਰਾਪਤ ਨਹੀਂ ਸੀ ਹੁੰਦੀ।

ਪੰਜਾਬੀ ਵਿਚ ਇਕੋ-ਇਕ ਸਿਆਣਾ ਜਿਸਦੇ ਇਸ ਸੰਬੰਧੀ ਥੀਸਿਸ ਦੀ ਚੂਲ ਹੀ ਇਹ ਸੀ ਕਿ ਅਮਲੀ ਅਤੇ ਪ੍ਰਚਾਰਕ ਪੱਧਰ ਉੱਤੇ ਕਾਮਰੇਡੀ ਲੜਾਈ ਨੂੰ ਪੰਜਾਬ ਦੇ ਸਿੱਖੀ ਪਿਛੋਕੇ ਨਾਲ ਜੋੜਨ ਬਿਨਾਂ ਕੋਈ ਰਾਹ ਨਹੀਂ, ਕਿਸ਼ਨ ਸਿੰਘ ਸੀ। ਸਾਹਿਤਕ ਸੋਚ ਦਾ ਆਧਾਰ ਗੁਰਬਾਣੀ ਨੂੰ ਬਣਾਏ ਜਾਣ ਉੱਤੇ ਵੀ ਉਹਨੇ ਨਿਰੰਤਰ ਜ਼ੋਰ ਦਿੱਤਾ। ਪਰ ਉਹਦੀ ਗੱਲ ਦਾ ਜਵਾਬ ਦਾਰਸ਼ਨਿਕ ਜਾਂ ਬੌਧਿਕ ਪੱਧਰ ਉੱਤੇ ਦੇਣ ਦੀ ਥਾਂ ਉਹਨੂੰ ਲਗਾਤਾਰ ਟਿੱਚਰਾਂ ਦਾ ਵਿਸ਼ਾ ਬਣਾਇਆ ਗਿਆ। ਪ੍ਰਗਤੀਵਾਦੀਆਂ ਵੱਲੋਂ ਉਹਦਾ ਮਖੌਲ ਇਹ ਕਹਿ ਕੇ ਉਡਾਇਆ ਜਾਂਦਾ ਸੀ ਕਿ ਕਿਸ਼ਨ ਸਿੰਘ ਅਨੁਸਾਰ ਅਠਾਰਵੀਂ ਸਦੀ ਦੇ ਸਿੱਖ ਅਗੇਤੇ ਕਾਮਰੇਡ ਸਨ।

ਇਸ ਲਿਖਤ ਦਾ ਅੰਤ ਕਰਨ ਤੋਂ ਪਹਿਲਾਂ ਇਕ ਘਟਨਾ ਯਾਦ ਆ ਗਈ ਜੋ ਕਿਸੇ ਟੋਟਕੇ ਵਾਂਗ ਦਿਲਚਸਪ ਹੈ। ਕਿਸ਼ਨ ਸਿੰਘ ਕਹਿੰਦਾ ਸੀ ਕਿ ਕਿਸੇ ਇਸਤਰੀ ਦੀ ਬਹਾਦਰੀ ਦੀ ਉਦਾਹਰਨ ਦੇਣ ਸਮੇਂ ਅਸੀਂ ਨਤਾਸ਼ਾ ਜਾਂ ਤਾਨੀਆ ਨੂੰ ਚੇਤੇ ਕਰਨ ਦੀ ਥਾਂ ਮਾਈ ਭਾਗੋ ਨੂੰ ਯਾਦ ਕਿਉਂ ਨਹੀਂ ਕਰਦੇ! ਇਸੇ ਮਸਲੇ ਨਾਲ ਸੰਬੰਧਤ ਇਕ ਸੱਚੀ ਗੱਲ ਸੁਣੋ। ਪੰਜਾਬ ਵਿਧਾਨ ਸਭਾ ਦੀਆਂ ਇਕ ਚੋਣਾਂ ਵਿਚ ਇਕ ਵੀ ਜਨਸੰਘੀ ਜਿੱਤ ਨਾ ਸਕਿਆ। ਕੁਝ ਸਮੇਂ ਮਗਰੋਂ ਅੰਮ੍ਰਿਤਸਰ ਦੀ ਇਕ ਸੀਟ ਦੀ ਕਿਸੇ ਕਾਰਨ ਉਪ-ਚੋਣ ਆ ਗਈ। ਜਨਸੰਘੀ ਉਮੀਦਵਾਰ (ਸ਼ਾਇਦ ਬਲਦੇਵ ਕ੍ਰਿਸ਼ਨ) ਦੇ ਟਾਕਰੇ ਕਮਿਊਨਿਸਟਾਂ ਨੇ ਕਾਂਗਰਸੀ ਉਮੀਦਵਾਰ ਦੀ ਹਮਾਇਤ ਦਾ ਐਲਾਨ ਕੀਤਾ। ਕਾਂਗਰਸੀ ਖੁਸ਼ ਸਨ ਕਿਉਂਕਿ ਉਹਨਾਂ ਦੇ ਕਹਿਣ ਅਨੁਸਾਰ ਅਜਿਹੇ ਸਮਝੌਤੇ ਨਾਲ ਕਮਿਟਿਡ ਕਾਮਰੇਡੀ ਵੋਟਾਂ ਪੂਰੀਆਂ ਦੀਆਂ ਪੂਰੀਆਂ ਮਿਲਣ ਤੋਂ ਇਲਾਵਾ ਇਕ ਤਾਂ ਉਹਨਾਂ ਦੀ ਦਰੀਆਂ ਵਿਛਾਉਣ ਤੇ ਸਟੇਜਾਂ ਲਾਉਣ ਦੀ ਮੁਹਾਰਤ ਕੰਮ ਆਉਂਦੀ ਹੈ ਅਤੇ ਦੂਜੇ, ਸਾਨੂੰ ਕਾਂਗਰਸੀਆਂ ਨੂੰ ਤਾਂ ਚੱਜ ਨਾਲ ਬੋਲਣਾ ਹੀ ਨਹੀਂ ਆਉਂਦਾ, ਕਾਮਰੇਡ ਭਾਸ਼ਨ ਬੜੇ ਧੂਆਂਧਾਰ ਦਿੰਦੇ ਹਨ। ਹੋਇਆ ਇਹ ਕਿ ਜਨਸੰਘੀ ਉਮੀਦਵਾਰ ਉਸ ਜਨਸੰਘੋਂ ਵਿਰਵੀ ਵਿਧਾਨ ਸਭਾ ਵਿਚ ਵਿਧਾਇਕ ਵਜੋਂ ਪ੍ਰਵੇਸ਼ ਕਰ ਗਿਆ।

ਪੰਜਾਬੀ ਦੇ ਇਕ ਵਿਅੰਗਕਾਰ ਨੇ ਆਪਣੇ ਕਾਲਮ ਵਿਚ ਲਿਖਿਆ ਕਿ ਉਪਚੋਣ ਵਿਚ ਕਾਂਗਰਸ ਹਾਰ ਗਈ ਅਤੇ ਜਨਸੰਘੀ ਜਿੱਤ ਗਏ। ਕਾਰਨ ਇਹ ਕਿ ਜਨਸੰਘ ਦੀਆਂ ਸਟੇਜਾਂ ਤੋਂ ਇਹ ਚੀਕ-ਚਿਹਾੜਾ ਪੈਂਦਾ ਸੀ ਕਿ ਮਹਿੰਗਾਈ ਵਧ ਗਈ, ਬੇਰੁਜ਼ਗਾਰੀ ਵਧ ਗਈ, ਲੋਕੋ ਤੁਸੀਂ ਲੁੱਟੇ ਗਏ, ਤੁਸੀਂ ਪੱਟੇ ਗਏ। ਦੂਜੇ ਪਾਸੇ, ਕਾਂਗਰਸੀਆਂ ਦੀਆਂ ਸਟੇਜਾਂ ਤੋਂ, ਜੋ ਕਾਮਰੇਡ ਬੁਲਾਰਿਆਂ ਦੇ ਹਵਾਲੇ ਸਨ, ਇਹ ਲਲਕਾਰੇ ਵਜਦੇ ਸਨ ਕਿ ਸਾਥੀਓ ਕਿੱਟੀ ਹਾਕ (ਇਹ ਇਕ ਅਮਰੀਕੀ ਏਅਰਕਰਾਫ਼ਟ ਕੈਰੀਅਰ ਸੀ) ਹਿੰਦ ਮਹਾਂਸਾਗਰ ਵਿਚ ਆ ਵੜਿਆ ਹੈ। ਕਾਲਮ-ਲੇਖਕ ਨੇ ਗੱਲ ਨਿਬੇੜੀ,"ਪਰ ਅੰਮ੍ਰਿਤਸਰ ਦੇ ਲੋਕਾਂ ਨੂੰ ਕੀ ਪਤਾ ਕਿ ਕਿੱਟੀ ਹਾਕ ਕੀਹਦੇ ਫੁੱਫੜ ਦਾ ਨਾਂ ਹੈ!" ❑❑

[ਐਨ.ਡੀ.-50, ਵਿਸ਼ਾਖਾ ਐਨਕਲੇਵ, ਦਿੱਲੀ-110 088]

ਸ਼ਬਦ ਸ਼ਾਸਤਰ : ਸ਼ਬਦਾਂ ਦੀ ਲਿਸ਼ਕੋਰ

ਜਗਜੀਤ ਬਰਾੜ

ਸਾਹਿਤ ਦਾ ਪ੍ਰਮੁੱਖ ਕਾਰਜ ਜ਼ਿੰਦਗੀ ਦੀ ਕਾਵਾਂਰੌਲੀ (chaos) ਅਤੇ ਘਟਨਾਵਾਂ ਦੀ ਬੇਤਰਤੀਬੀ ਵਿਚੋਂ ਸੰਗੀਤ ਅਤੇ ਤਰਤੀਬ ਲੱਭਕੇ ਨਵੇਂ ਸੱਚ ਉਜਾਗਰ ਕਰਨਾ ਹੈ। ਇਹ ਕਾਰਜ ਨਿਭਾਉਣ ਲਈ ਲੇਖਕ ਨੂੰ ਕੁਝ ਵਿਲੱਖਣ ਯੋਗਤਾਵਾਂ ਦੀ ਲੋੜ ਹੈ: ਜਿਵੇਂ, (1) ਅਦੁਤੀ ਪ੍ਰਤਿਭਾ ਤੇ ਸਹਿਜ ਅਨੁਭਵ (2) ਅਹਿਸਾਸ ਤੇ ਨਿਰੀਖਣ ਦੀ ਸ਼ਿੱਦਤ (3) ਨਿਰੀਖਤ ਤੱਥਾਂ 'ਚੋਂ ਸਾਰਥਕ ਅਰਥ ਤੇ ਨਵੇਂ ਸੱਚ ਲੱਭਣ ਦੀ ਸਮਰੱਥਾ, (4) ਇਸ ਲੱਭਤ ਨੂੰ ਵਰਣਨਾਤਮਕ ਤੇ ਬਿਰਤਾਂਤਕ ਵਿਧੀਆਂ ਰਾਹੀਂ ਪੇਸ਼ ਕਰਨ ਦਾ ਢੰਗ, (5) ਸ਼ਬਦ-ਭੰਡਾਰ ਤੇ ਸ਼ਬਦਾਰਥ ਦੇ ਵਿਭਿੰਨ ਰੰਗਾਂ (Shades) ਦੀ ਸਮਝ, ਅਤੇ (6) ਵਿਰਾਮ-ਚਿੰਨ੍ਹ ਅੰਕਣ ਵਿਚ ਸਪੁਨੰਤਾ।

ਸ਼ਬਦ ਕੀ ਹੈ ?

ਨਵੇਂ ਸੱਚ ਦੀ ਪੇਸ਼ਕਾਰੀ ਲਈ ਸ਼ਬਦ ਬੁਲਾਰੇ ਅਤੇ ਲੇਖਕ ਦੇ ਸਭ ਤੋਂ ਵੱਡਮੁੱਲੇ ਸਾਧਨ ਹਨ। ਪਰ ਸ਼ਬਦ ਕੀ ਹੈ ? ਸ਼ਬਦ ਪਰਿਭਾਸ਼ਤ ਕਰਨ ਤੋਂ ਪਹਿਲਾਂ ਇਹ ਵੇਖਣਾ ਹੋਵੇਗਾ ਕਿ ਅਸੀਂ ਸ਼ਬਦ ਦੀ ਵਰਤੋਂ ਕਰਦੇ ਕਾਹਦੇ ਲਈ ਹਾਂ, ਬੋਲਣ ਲਈ ਜਾਂ ਲਿਖਣ ਲਈ। ਵਰਤੋਂ ਦੇ ਪੱਖੋਂ ਸ਼ਬਦ ਦੋ ਪ੍ਰਕਾਰ ਦੇ ਹਨ: ਉਚਾਰਿਤ ਤੇ ਲਿਖਤੀ। ਅਸੀਂ ਸੁਵਿਧਾ ਲਈ ਬਾਕੀ ਦੇ ਲੇਖ ਵਿਚ ਉਚਾਰਿਤ ਸ਼ਬਦ ਨੂੰ 'ਬੋਲ' ਕਹਾਂਗੇ ਤੇ ਲਿਖਤੀ ਸ਼ਬਦ ਨੂੰ (ਕੇਵਲ) ਸ਼ਬਦ।

ਸ਼ਬਦ ਵਰਣਾਂ, ਜਾਂ ਵਰਣਾਂ ਅਤੇ ਲਗਾਂ ਮਾਤਰਾਂ ਦੇ ਸੁਮੇਲ ਤੋਂ ਬਣਿਆ ਸਾਰਥਕ (meaningful) ਚਿੰਨ੍ਹ (symbol) ਹੈ। ਇਸ ਚਿੰਨ੍ਹ ਦੀ ਹੋਂਦ ਮੂਲ ਰੂਪ ਵਿਚ ਕਿਸੇ ਯੋਗ ਧਰਾਤਲ ਉਪਰਲੀ ਖਾਲੀ ਜਾਂ ਕੋਰੀ ਥਾਂ, ਜਿਵੇਂ ਕਾਗ਼ਜ਼, ਸਲੇਟ, ਕੰਪਿਊਟਰ ਸਕਰੀਨ, ਆਦਿਕ, ਕਰਕੇ ਹੀ ਸੰਭਵ ਹੁੰਦੀ ਹੈ। ਸ਼ਬਦ ਦਾ ਇਹ ਸਹਿਜ ਗੁਣ (attribute) ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਬੋਲ ਦੀ ਹੋਂਦ ਚੁੱਪ ਉੱਤੇ ਨਿਰਭਰ ਹੈ। ਬੋਲ ਚੁੱਪ ਵਿਚ ਦਖ਼ਲਅੰਦਾਜ਼ੀ (interruption) ਹੈ ਤੇ ਸ਼ਬਦ ਧਰਾਤਲ ਦੇ ਕੋਰਾਪਨ ਵਿਚ। ਜਿਸ ਤਰ੍ਹਾਂ ਬੋਲ ਤੋਂ ਪਹਿਲਾਂ ਬ੍ਰਹਿਮੰਡ ਵਿਚ ਚੁੱਪ ਸੀ, ਉਸੇ ਤਰ੍ਹਾਂ ਸ਼ਬਦ ਤੋਂ ਪਹਿਲਾਂ ਧਰਾਤਲ ਉੱਤੇ ਖਾਲੀ ਥਾਂ ਸੀ।

ਪਰ ਬੋਲ ਤਾਂ ਚਿੰਨ੍ਹ ਨਹੀਂ ਕਿਹਾ ਜਾ ਸਕਦਾ। ਇਕ ਸਮੇਂ ਸ਼ਬਦ ਧੁਨੀਆਂ ਦਾ ਸਾਰਥਕ ਸਮੂਹ ਕਿਹਾ ਜਾਂਦਾ ਸੀ, ਪਰ ਹੁਣ ਭਾਵਾਂਸ਼ (morpheme) ਜਾਂ ਭਾਵਾਂਸ਼ਾਂ ਦੇ ਸੁਮੇਲ ਨੂੰ ਸ਼ਬਦ ਦਾ ਨਾਮ ਦਿੱਤਾ ਗਿਆ ਹੈ। ਇਕ ਭਾਵਾਂਸ਼ ਤੋਂ ਬਣੇ ਸ਼ਬਦ ਨੂੰ 'ਮੂਲ ਸ਼ਬਦ' ਕਿਹਾ ਜਾਂਦਾ ਹੈ, ਅਤੇ ਦੁਹਾਂ ਜਾਂ ਬਹੁਤਿਆਂ ਭਾਵਾਂਸ਼ਾਂ ਦੇ ਸੁਮੇਲ ਤੋਂ ਬਣੇ ਸ਼ਬਦ ਨੂੰ 'ਸਾਧਿਤ ਸ਼ਬਦ'।[1] ਭਾਵੇਂ ਸ਼ਬਦ ਦੀ ਇਹ ਨਵੀਂ ਪਰਿਭਾਸ਼ਾ ਵਧੇਰੇ ਸਭਿਅ ਜਾਪਦੀ ਹੈ ਪਰ ਭਾਵਾਂਸ਼ ਦਾ ਸਰੋਤ ਵੀ ਤਾਂ ਧੁਨੀਆਂ ਹੀ ਹਨ।[2] ਇਸ ਧਾਰਨਾ ਤੋਂ ਪ੍ਰਤੱਖ ਹੈ ਕਿ ਸ਼ਬਦ ਦੀ ਪਰਿਭਾਸ਼ਾ ਤੇ ਸੰਗੀਤ ਦੀ ਪਰਿਭਾਸ਼ਾ ਦਾ ਦੂਰ-ਨੇੜ ਦਾ ਕੋਈ ਰਿਸ਼ਤਾ ਜ਼ਰੂਰ ਹੈ। ਸ਼ਬਦ ਚਾਨਣ-ਲਹਿਰਾਂ (Light Waves) ਦੇ ਰੂਪ ਵਿਚ ਅੱਖਾਂ ਰਾਹੀਂ ਦਿਮਾਗ 'ਚ ਪਹੁੰਚ ਕੇ ਸੰਗੀਤ ਜਾਂ ਰਿਦਮ ਪੈਦਾ ਕਰਨ ਦੀ ਸਮਰੱਥਾ ਰਖਦੇ ਹਨ। ਇਹੀ ਕਾਰਨ ਹੈ ਅਸੀਂ ਸ਼ਿਅਰ ਤੇ ਗੀਤ ਪੜ੍ਹਨ ਸਮੇਂ ਹੀ ਨਹੀਂ ਸਗੋਂ ਵਾਰਤਕ ਪੜ੍ਹਦੇ ਵੀ ਸ਼ਬਦਾਂ ਵਿਚਲਾ ਲੁਪਤ ਸੰਗੀਤ ਪਛਾਣ ਲੈਂਦੇ ਹਾਂ। ਸੰਗੀਤਕਤਾ ਸਾਹਿਤ, ਵਿਸ਼ੇਸ਼ ਕਰਕੇ ਕਾਵਿ-ਸਾਹਿਤ, ਦਾ ਇਕ ਵਡਮੁੱਲਾ ਗੁਣ ਹੈ, ਜੋ ਯੋਗ ਸ਼ਬਦਾਂ ਦੀ ਵਰਤੋਂ ਨਾਲ ਹੀ ਉਪਲੱਭਦ ਹੋ ਸਕਦੀ ਹੈ। ਬੋਲ, ਸ਼ਬਦਾਂ ਦੇ ਵਿਪਰੀਤ, ਚਾਨਣ-ਲਹਿਰਾਂ ਦੇ ਰੂਪ ਵਿਚ ਨਹੀਂ ਸਗੋਂ ਸਿੱਧੇ ਹੀ ਸੰਗੀਤ ਵਾਕੁਰ ਆਵਾਜ਼ ਦੀਆਂ ਲਹਿਰਾਂ (Sound waves) ਬਣਕੇ ਕੰਨਾਂ ਰਾਹੀਂ ਦਿਮਾਗ ਵਿਚ ਪਹੁੰਚ ਕੇ ਧੁਨੀਆਂ ਨੂੰ ਪੁਨਰ-ਜਨਮ ਦਿੰਦੇ ਹਨ।

ਸ਼ਬਦ-ਜੋੜ

ਜੇ ਸ਼ਬਦ ਨੂੰ ਮੂਲ ਰੂਪ ਵਿਚ ਧੁਨੀਆਂ ਦਾ ਸਮੂਹ ਮੰਨ ਲਿਆ ਜਾਵੇ ਤਾਂ ਇਸਦੇ ਸ਼ੁਧ ਉਚਾਰਨ

ਅਤੇ ਜੋੜ (Spelling) ਦਾ ਮਹੱਤਵ ਹੋਰ ਵੀ ਸਪਸ਼ਟ ਹੋ ਜਾਂਦਾ ਹੈ। ਜੇ ਬੇਸੁਰ ਸਾਜ਼ ਵਿਚੋਂ ਉਪਜਿਆ ਸੰਗੀਤ ਰਾਗਾਂ ਦੀ ਬੰਦਿਸ਼ 'ਤੇ ਪੂਰਾ ਨਹੀਂ ਉੱਤਰ ਸਕਦਾ ਤਾਂ ਅਸ਼ੁੱਧ ਉਚਾਰੇ ਜਾਂ ਜੋੜੇ ਸ਼ਬਦ, ਜਿਨ੍ਹਾਂ ਦਾ ਮੂਲ (ਸੰਗੀਤ ਵਾਕੁਰ) ਧੁਨੀਆਂ ਹਨ, ਸਹੀ ਅਰਥ ਕਿਸ ਤਰ੍ਹਾਂ ਪ੍ਰਗਟ ਕਰ ਸਕਦੇ ਹਨ ? ਅਸ਼ੁੱਧ ਉਚਾਰਨ ਤਾਂ ਅਸੀਂ ਨਹੀਂ ਰੋਕ ਸਕਦੇ, ਪਰ ਅਸ਼ੁਧ ਸ਼ਬਦ-ਜੋੜਾਂ ਬਾਰੇ ਕੁਝ ਕਰਨ ਦੀ ਸਮਰੱਥਾ ਤਾਂ ਸਾਡੇ ਪਾਸ ਹੋਣੀ ਚਾਹੀਦੀ ਹੈ। ਉਂਝ ਤਾਂ ਘੱਟੋ ਘੱਟ ਅੱਧੀ ਸਦੀ ਤੋਂ ਸਾਡੇ ਵਿਦਵਾਨ ਸ਼ਬਦ-ਜੋੜਾਂ ਦੀ ਇਕਸਾਰਤਾ ਦੀ ਲੋੜ ਪ੍ਰਤੀ ਸਾਨੂੰ ਚੇਤੰਨ ਕਰਦੇ ਆ ਰਹੇ ਹਨ,[1,3,4,5] ਪਰ ਇਹ ਅਜੇ ਤਕ ਵੀ ਸਾਡੀ ਪ੍ਰਾਪਤੀ ਨਹੀਂ ਬਣ ਸਕੀ। ਸ਼ਬਦ-ਜੋੜਾਂ ਦੀ ਗੈਰ-ਇਕਸਾਰਤਾ ਸ਼ਾਇਦ ਪੰਜਾਬੀਆਂ ਦੇ ਮੌਜੀਪਣ ਤੇ ਅਣਗਹਿਲ ਸੁਭਾਅ ਦੀ ਦੇਣ ਹੈ, ਨਹੀਂ ਤਾਂ ਘੱਟੋ—ਘੱਟ ਕੋਸ਼ਾਂ ਦੇ ਲੇਖਕ/ਸੰਪਾਦਕ ਤਾਂ ਇਸ ਪੱਖ ਵੱਲ ਧਿਆਨ ਦਿੰਦੇ। ਇਸ ਅਣਗਹਿਲੀ ਦੀਆਂ ਕੇਵਲ ਦੋ ਉਦਾਹਰਣਾਂ ਹੀ ਬਹੁਤ ਹੋਣਗੀਆਂ :

(1) *ਸਾਹਿੱਤ ਕੋਸ਼: ਪਾਰਭਾਸ਼ਿਕ ਸ਼ਬਦਾਵਲੀ*[6] (1989) ਵਿਚ ਇਕੋ ਸ਼ਬਦ ਘੱਟੋ ਘੱਟ ਦੋ ਸ਼ਬਦ-ਜੋੜਾਂ ਨਾਲ ਪੇਸ਼ ਕੀਤਾ ਗਿਆ ਹੈ: ਪਰਿਆਇਵਾਚੀ (ਪੰਨਾ 258) ਤੇ ਪ੍ਰਯਾਯਵਾਚੀ (ਪੰਨਾ 332), ਅਤੇ

(2) ਉਪਰਲੇ ਕੋਸ਼ ਦੇ ਸੰਪਾਦਕ ਦੇ ਹੀ ਸੰਪਾਦ ਕੀਤੇ ਦੂਜੇ ਕੋਸ਼- *ਪੰਜਾਬੀ ਸਾਹਿਤ ਸੰਦਰਭ ਕੋਸ਼*[7] (1994)-ਵਿਚ ਪਹਿਲੇ ਕੋਸ਼ ਦੇ ਮੁਕਾਬਲੇ 'ਸਾਹਿਤ' ਦਾ ਸ਼ਬਦ-ਜੋੜ ਵੱਖਰਾ ਹੈ, ਸਾਰੇ ਦੇ ਸਾਰੇ ਪਹਿਲੇ ਕੋਸ਼ ਵਿਚ 'ਹਾਹਾ' ਦੁੱਤ ਹੈ, ਪਰ ਦੂਜੇ ਵਿਚ ਨਹੀਂ।

ਸ਼ਬਦ-ਜੋੜਾਂ ਪ੍ਰਤੀ ਅਣਗਹਿਲੀ ਤੋਂ ਸਿਵਾ, ਪੰਜਾਬੀ ਸਾਹਿਤ ਸੰਸਾਰ ਨੇ ਅੱਜ ਤਾਈਂ ਲਿਖਤੀ ਰਚਨਾਵਾਂ ਦੇ ਹੋਰ ਵੀ ਕੁਝ ਅਹਿਮ ਪੱਖਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ।

ਇਹ ਪਹਿਲਾਂ ਕਿਹਾ ਜਾ ਚੁੱਕਾ ਹੈ ਕਿ ਇਕੋ ਜ਼ਿੰਦਗੀ ਦੇ ਵਿਭਿੰਨ ਸੱਚ ਪ੍ਰਗਟਾਉਣ ਦੇ ਸਾਧਨ ਸ਼ਬਦ ਹਨ, ਪਰ ਮਹੱਤਵ ਵਾਲੀ ਗੱਲ ਤਾਂ ਇਹ ਹੈ ਕਿ ਇਕੋ ਹੀ ਸੱਚ ਦੇ ਸੂਖਮ-ਭੇਦ (nuance) ਤੇ ਰੰਗ ਵੱਖ ਵੱਖ ਸ਼ਬਦਾਂ ਵਿਚ ਪੇਸ਼ ਕੀਤੇ ਜਾ ਸਕਦੇ ਹਨ। ਇਹੀ ਕਾਰਨ ਹੈ ਕਿ ਪੇਸ਼ਕਾਰੀ ਦੀ ਸਪਸ਼ਟਤਾ ਤੇ ਪਾਠਕ ਉੱਤੇ ਮਨਚਾਹਿਆ ਪ੍ਰਭਾਵ ਸਹੀ ਸ਼ਬਦ ਚੋਣ, ਵਾਕ ਬਣਤਰ, ਵਿਆਕਰਨ, ਤੇ ਵਿਰਾਮ-ਚਿੰਨ੍ਹ ਅੰਕਣ (punctuation) ਉੱਪਰ ਨਿਰਭਰ ਹਨ। ਹੁਣ ਅਸੀਂ ਰਚਨਾ ਦੇ ਇਨ੍ਹਾਂ ਪੱਖਾਂ ਵੱਲ ਪਰਤਦੇ ਹਾਂ।

ਸ਼ਬਦਾਂ ਦਾ ਮਹੱਤਵ

ਸ਼ਬਦ ਦੀ ਮਹੱਤਤਾ ਗੁਰਬਾਣੀ ਇਉਂ ਦੱਸਦੀ ਹੈ:

"ਨਾ ਸਬਦ ਬੁਝੈ ਨਾ ਜਾਣੈ ਬਾਣੀ।" (ਧਨਾਸਰੀ ਮ: ਤੀਜਾ)

ਅਤੇ

"ਸਬਦ ਗੁਰੂ ਸੁਰਤਿ ਧੁਨਿ ਚੇਲਾ।"[8] (ਸਿਧ ਗੋਸ਼ਿਟ)

ਇਸੇ ਹੀ ਪ੍ਰਸੰਗ ਵਿਚ ਮਾਰਟ ਟਵੇਨ ਨੂੰ ਸੁਣੋ:

ਸਹੀ ਸ਼ਬਦ ਅਤੇ ਲਗਪਗ ਸਹੀ ਸ਼ਬਦ ਵਿਚਕਾਰ ਏਨਾ ਅੰਤਰ ਹੈ ਜਿੰਨਾ ਬਿਜਲੀ ਦੀ ਲਿਸ਼ਕੋਰ ਅਤੇ ਟਟਹਿਣੇ ਦੀ ਚਮਕ ਵਿਚ।[9]

ਰਚਨਾ ਵਿਚ ਸ਼ਬਦ ਦੇ ਹੇਠਲੇ ਤਿੰਨ ਰੋਲ ਅਹਿਮ ਹਨ:

(ੳ) ਸ਼ਬਦ ਪਾਠ (text) ਉਸਾਰੀ ਦਾ ਮੂਲ ਪੱਥਰ ਹੈ।

(ਅ) ਸ਼ਬਦ ਪਾਠ ਦੇ ਅਰਥ ਪਾਠਕ ਤਕ ਪਹੁੰਚਾਉਣ ਦਾ ਪ੍ਰਮੁੱਖ ਸਾਧਨ ਹੈ।

(ੲ) ਸ਼ਬਦ ਸੋਚ (thought) ਨੂੰ ਜ਼ੁਬਾਨ ਦੇਣ ਦਾ ਸਾਧਨ ਹੈ। ਇਸ ਰੋਲ ਵਿਚ ਸ਼ਬਦ ਸੋਚਵਾਨ[10] (Thinker) ਦੀਆਂ ਸੋਚਾਂ ਨੂੰ ਲਿਖਤੀ ਤੇ ਸਥਿਰ ਰੂਪ ਬਖਸ਼ ਕੇ ਉਸਦਾ ਦਿਮਾਗ ਸੋਚੀਆਂ ਹੋਈਆਂ ਸੋਚਾਂ ਤੋਂ ਮੁਕਤ ਕਰਦਾ ਹੈ, ਅਤੇ ਨਵੀਆਂ ਸੋਚਾਂ ਲਈ 'ਵਿਹਲ' ਪ੍ਰਦਾਨ ਕਰਦਾ ਹੈ।

ਸ਼ਬਦ ਦੇ ਦੂਸਰੇ (ਅ), ਰੋਲ ਦਾ ਮਹੱਤਵ ਗੁਰਬਾਣੀ ਦੀਆਂ ਪਹਿਲਾਂ ਦਿੱਤੀਆਂ ਪੰਕਤੀਆਂ ਬੜੀ ਸੁੰਦਰਤਾ ਨਾਲ ਦਰਸਾਉਂਦੀਆਂ ਹਨ, ਪਰੰਤੂ ਇਸ ਰੋਲ ਦੀ ਅਹਿਮੀਅਤ ਸਮਝਣ ਲਈ ਸ਼ਬਦ ਦੇ ਅਰਥਾਂ ਦੀਆਂ ਮੁੱਖ ਸ਼੍ਰੇਣੀਆਂ ਦਾ ਵਰਣਨ ਜ਼ਰੂਰੀ ਹੈ।

ਸ਼ਬਦਾਰਥ ਦੀਆਂ ਸ਼੍ਰੇਣੀਆਂ

ਸ਼ਬਦ ਦੇ ਅਰਥਾਂ ਦੀਆਂ ਦੋ ਮੁੱਖ ਸ਼੍ਰੇਣੀਆਂ ਹਨ:

(1) **ਭਾਵਾਤਮਕ** (emotive) ਅਤੇ (2) **ਸੰਗਿਆਨਕ** (cognitive)

ਇਨ੍ਹਾਂ ਦੁਹਾਂ ਭਾਂਤਾਂ ਦੀਆਂ ਉਦਾਹਰਣਾਂ ਪੇਸ਼ ਹਨ :

ਸੁਆਲ : ਤੁਹਾਡੀ ਗੱਲ ਮੈਨੂੰ ਸੱਚੀ ਨਹੀਂ ਜਾਪਦੀ।

ਉੱਤਰ : ਤੂੰ ਮੈਨੂੰ ਇਹ ਕਹਿਣ ਦਾ ਹੌਸਲਾ ਹੀ ਕਿਵੇਂ ਕੀਤਾ ?

ਉਪਰੋਕਤ ਉੱਤਰ ਭਾਵਾਤਮਕ ਅਰਥ ਦਰਸਾਉਂਦਾ ਹੈ।

ਸੁਆਲ : ਤੁਹਾਡੀ ਗੱਲ ਮੈਨੂੰ ਸੱਚੀ ਨਹੀਂ ਜਾਪਦੀ।

ਉੱਤਰ : ਤੁਹਾਡੀ ਇਹ ਰਾਇ ਗ਼ਲਤ ਹੈ।

ਉਪਰੋਕਤ ਉੱਤਰ ਸੰਗਿਆਨਕ ਅਰਥ ਦਰਸਾਉਂਦਾ ਹੈ।

ਸੰਗਿਆਨਕ ਅਰਥ ਵੀ ਦੋ ਭਾਂਤ ਦੇ ਹਨ : ਵਸਤੂਵਾਚਕ (denotive) ਅਤੇ ਸੁਝਾਵਾਚਕ (connotive) । ਸੁਝਾਵਾਚਕ ਅਰਥ ਵਸਤੂਵਾਚਕ ਅਰਥਾਂ ਦੀ ਹੇਠਲੀ ਧਰਾਤਲ ਵਿਚ ਵਿਚਰਦੇ ਹਨ। ਉਦਾਹਰਣ ਵਜੋਂ, ਸੜਕ ਵਿਚ ਲਾਲਬੱਤੀ ਦਾ ਵਸਤੂਵਾਚਕ ਅਰਥ ਰੁਕ ਜਾਣ ਦਾ ਸੂਚਕ ਹੈ, ਪਰ ਸੁਝਾਵਾਚਕ ਅਰਥਾਂ ਵਿਚ ਲਾਲਬੱਤੀ ਕਿਸੇ ਵੀ ਖ਼ਤਰੇ ਤੋਂ ਖ਼ਬਰਦਾਰ ਕਰਨ ਦੀ ਸੰਭਾਵਨਾ ਰੱਖਦੀ ਹੈ। ਪਰੰਤੂ ਅਰਥ, ਭਾਵੇਂ ਉਹ ਕਿਸੇ ਵੀ ਭਾਂਤ ਦੇ ਹੋਣ, ਕਿਸੇ ਇਕ ਇਕੱਲੇ ਸ਼ਬਦ ਵਿਚ ਹੀ ਨਿਸ਼ਚਤ ਨਹੀਂ ਹਨ, ਉਹ ਤਾਂ ਗੁਆਂਢੀ ਸ਼ਬਦਾਂ, ਭਾਵ ਸ਼ਾਬਦਿਕ ਵਾਤਾਵਰਨ, 'ਤੇ ਵੀ ਨਿਰਭਰ ਹਨ। ਹੇਠਲੀ ਉਦਾਹਰਣ ਇਸ ਨਿਰਣੇ ਦੀ ਗਵਾਹ ਹੈ।

(ੳ) *ਮੈਂ ਚਾਹ ਪੀਂਦਾ ਹਾਂ।*

(ਅ) *ਮੈਨੂੰ ਉਸਨੂੰ ਮਿਲਣ ਦੀ ਚਾਹ ਹੈ।*

(ੲ) *ਇਸ ਬੇਸੁਆਦ ਚਾਹ ਨੂੰ ਚਾਹ 'ਚ ਪਾਓ।*

ਉਪਰੋਕਤ ਵਾਕਾਂ ਵਿਚ 'ਚਾਹ' ਦੇ ਅਰਥ ਇਸਦੇ ਨਾਲ ਵਰਤੇ ਸ਼ਬਦ ਨਿਰਧਾਰਤ ਕਰਦੇ ਹਨ। ਪਹਿਲੇ ਦੋ ਵਾਕਾਂ ਵਿਚ 'ਚਾਹ' ਦੇ ਅਰਥ ਪ੍ਰਤੱਖ ਹਨ, ਤੀਜੇ ਵਾਕ, (ੲ), ਵਿਚ ਚਾਹ ਦੇ ਦੂਸਰੇ ਜ਼ਿਕਰ ਤੋਂ ਭਾਵ ਹੈ ਖੂਹ, ਜੋ ਪੰਜਾਬੀ ਨੇ ਫ਼ਾਰਸੀ ਤੋਂ ਗ੍ਰਹਿਣ ਕੀਤਾ ਹੈ।

ਸ਼ਬਦ ਅਰਥ ਕਿਵੇਂ ਗ੍ਰਹਿਣ ਕਰਦਾ ਹੈ ? ਸ਼ਬਦ ਦੇ ਅਰਥ ਕਿਸਦੇ ਵੱਸ ਹਨ ? ਅਜਿਹੇ ਤੇ ਸੰਬੰਧਤ ਮਾਮਲਿਆਂ ਬਾਰੇ ਪੰਜਾਬੀ ਭਾਸ਼ਾਕਾਰੀ ਵਿਚ ਪ੍ਰਚਲਿਤ ਵਿਚਾਰ ਅਤੇ ਕੁਝ ਨਵੇਂ ਸੰਕਲਪ ਅਸੀਂ ਇਕ ਵੱਖਰੇ ਲੇਖ ਵਿਚ ਪੇਸ਼ ਕਰਾਂਗੇ।

ਵਾਕ-ਵਿਉਂਤ[11] ਅਤੇ ਸ਼ਬਦ-ਚੋਣ

ਵਾਕ-ਵਿਉਂਤ ਉਹ ਨਿਯਮ ਹਨ ਜਿਨ੍ਹਾਂ ਅਨੁਸਾਰ ਸ਼ਬਦ ਤੇ ਵਾਕ ਬਣਤਰ ਦੇ ਤੱਤ ਮਿਲਾ ਕੇ ਵਿਆਕਰਨ ਪੱਖੋਂ ਸ਼ੁੱਧ ਵਾਕ ਰਚਿਆ ਜਾਂਦਾ ਹੈ। ਪਰ ਕਿਸੇ ਲਿਖਤ ਦਾ ਸੰਪੂਰਨ ਮਹੱਤਵ ਕੇਵਲ ਇਸ ਕਰਕੇ ਹੀ ਨਹੀਂ ਕਿ ਉਸਦੇ ਵਾਕ ਸ਼ੁੱਧ ਹਨ, ਅਤੇ ਨਾ ਹੀ ਇਸ ਕਰਕੇ ਕਿ ਲੇਖਕ ਕਹਿੰਦਾ ਕੀ ਹੈ। ਅਸਲੀ ਮਹੱਤਵ ਤਾਂ ਇਸ ਜੁਗਤ ਵਿਚ ਹੈ ਕਿ ਲਿਖਤ ਕਹੀ ਜਿਹੜੇ ਸ਼ਬਦਾਂ ਵਿਚ ਹੈ, ਤੇ ਲੇਖਕ ਨੇ ਉਸ ਵਿਚ ਕਹਿਕੇ ਵੀ ਕੀ ਨਹੀਂ ਕਿਹਾ। ਉਦਾਹਰਣ ਵਜੋਂ ਹੇਠਲਾ ਸ਼ਿਅਰ ਵੇਖਣਾ :

ਪੈਰਾਂ ਨੂੰ ਲਾ ਕੇ ਮਹਿੰਦੀ ਕੋਈ ਮੇਰੀ ਕਬਰ ਉੱਤੇ

ਕਲੀਆਂ ਚੜ੍ਹਾਉਣ ਆਇਆ ਪਰ ਅੱਗ ਲਾ ਗਿਆ ਹੈ।[12]

ਇਸ ਸ਼ਿਅਰ ਦੀ ਸੁੰਦਰਤਾ ਕੇਵਲ ਸ਼ਬਦ-ਚੋਣ 'ਤੇ ਹੀ ਨਿਰਭਰ ਨਹੀਂ, ਸਗੋਂ ਬਹੁਤਾ ਕਰਕੇ ਸ਼ਬਦਾਂ ਦੇ ਲੁਪਤ ਅਰਥਾਂ ਅਤੇ ਖ਼ਾਮੋਸ਼ੀ (ਜੋ ਸ਼ਬਦਾਂ ਨੇ ਜ਼ਾਹਿਰਾ ਰੂਪ ਵਿਚ ਨਹੀਂ ਕਿਹਾ) ਵਿਚ ਹੈ। ਕਬਰ 'ਤੇ ਆਉਣ ਵਾਲੇ ਨੇ ਪੈਰੀਂ ਮਹਿੰਦੀ ਕਿਉਂ ਲਾਈ ਹੈ, ਝਾਂਜਰਾਂ ਕਿਉਂ ਨਹੀਂ ਪਾਈਆਂ ? ਉਸਦੇ ਹੱਥਾਂ ਨੂੰ ਵੀ ਮਹਿੰਦੀ ਲੱਗੀ ਹੈ ਜਾਂ ਨਹੀਂ ? ਜੇ ਨਹੀਂ ਤਾਂ ਕਿਉਂ ਨਹੀਂ ? ਉਹ ਕਲੀਆਂ ਦੀ ਥਾਂ ਕਿਸੇ ਹੋਰ ਭਾਂਤ ਦੇ ਫੁੱਲ ਚੜ੍ਹਾਉਣ ਕਿਉਂ ਨਹੀਂ ਆਇਆ ? ਕਲੀਆਂ ਚੜ੍ਹਾਉਣਾ ਤਾਂ ਸ਼ਰਧਾ ਪ੍ਰਗਟ ਕਰਨਾ ਹੈ, ਕਲੀਆਂ ਦਾ ਚਿੱਟਾ ਰੰਗ ਤਾਂ ਸ਼ਾਂਤੀ ਦਾ ਸੂਚਕ ਹੈ, ਫਿਰ ਕਬਰ-ਨਿਵਾਸੀ ਨੂੰ ਅੱਗ ਕਿਉਂ ਲੱਗ ਗਈ ? ਅੱਗ ਲੱਗੀ ਤੇ ਉਹ ਵੀ ਕਬਰ ਵਿਚ ? ਕਿਸ ਕਿਸਮ ਦੀ ਸੀ ਉਹ ਅੱਗ ? ਕਬਰ-ਨਿਵਾਸੀ ਦੀ ਮੌਤ ਕਿਸ ਤਰ੍ਹਾਂ ਹੋਈ ? ਮਹਿੰਦੀ, ਕਲੀਆਂ ਤੇ ਅੱਗ ਦੇ ਅਣਕਹੇ ਰੰਗਾਂ ਦਾ ਕੀ ਮਹੱਤਵ ਹੈ ?

ਰਚਨਾਤਮਕ ਸੁੰਦਰਤਾ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਇਸ ਲੇਖ ਦੇ ਆਰੰਭ ਵਿਚ ਸੂਚੀਬੱਧ (ਦੱਸੀਆਂ) ਯੋਗਤਾਵਾਂ ਰੱਖਣ ਦੇ ਨਾਲ ਨਾਲ ਲੇਖਕ ਆਪਣੀ ਰਚਨਾ ਦੀ ਸਾਰ (essence) ਪਾਠਕ-ਮਨ ਤਕ ਪਹੁੰਚਾਣ ਲਈ ਸ਼ਬਦ-ਚੋਣ ਤੇ ਵਰਤੋਂ ਵਿਚ ਵੀ ਸਿੱਧ ਹੋਵੇ। ਜਿਸ ਲੇਖਕ ਕੋਲ ਇਹ ਸਿੱਧੀ ਨਹੀਂ ਹੈ ਉਸਦੇ ਰਚੇ ਵਾਕਾਂ ਵਿਚ ਕਈ ਵਾਰ ਕੇਵਲ ਇਕ ਸ਼ਬਦ ਬਦਲਣ ਨਾਲ ਹੀ ਇਕ ਫੁੱਸ (flat) ਬਿਆਨ ਯਾਦਗਾਰੀ ਟੂਕ ਬਣ ਜਾਂਦਾ ਹੈ। ਅਜਿਹੀ ਹੀ ਇਕ ਉਦਾਹਰਣ ਨਿਸੋਤ-ਇੰਟਰਨੈਟ ਮੰਥਲੀ-ਦੇ ਅਕਤੂਬਰ 2005 ਅੰਕ ਵਿਚ ਸ਼ਾਮਲ 'ਦਰਾੜਾਂ' ਨਾਂ ਦੀ ਕਵਿਤਾ 'ਚ ਮਿਲਦੀ ਹੈ।[13] ਹੇਠਲੀ ਟੂਕ ਇਸ ਕਵਿਤਾ ਦੀਆਂ ਆਖ਼ਰੀ ਚਾਰ ਪੰਕਤੀਆਂ ਹਨ:

ਆਪੋ ਆਪਣਾ ਟੁਕੜਾ ਚੁੱਕੀ/ਪੂਰਨ ਹੋਣਾ ਸੋਚਦੇ ਹਾਂ!!!

ਦਰਾੜਾਂ ਕਿਵੇਂ ਮਿਟਣ ?/ ਇਹ ਸੋਚਦੇ ਹਾਂ!!!

ਜੇ ਦੂਜੀ ਪੰਕਤੀ 'ਪੂਰਨ ਹੋਣਾ ਸੋਚਦੇ ਹਾਂ' ਵਿਚ (ਕੇਵਲ ਇਕ ਹੀ ਸ਼ਬਦ) 'ਸੋਚਦੇ'[14] ਦੀ ਥਾਂ 'ਲੋਚਦੇ' ਵਰਤਿਆ ਜਾਵੇ ਤਾਂ ਫ਼ੌਰਨ ਹੀ ਇਹ ਪੰਕਤੀ ਤਾਂਘ, ਤਰਸੇਵਾਂ, ਆਰਜ਼ੂ, ਸਿੱਕ ਅਤੇ ਬੇਤਾਬੀ ਜਿਹੇ ਮਨੋਭਾਵਾਂ ਨਾਲ ਸੁਰਜੀਤ ਹੋ ਉੱਠਦੀ ਹੈ। ਨਾਲੇ ਇਸ ਸ਼ਾਬਦਿਕ ਬਦਲੀ ਕਾਰਨ ਅੰਤਲੀ ਪੰਕਤੀ ਵਿਚ ਦੁਬਾਰਾ ਵਰਤਿਆ 'ਸੋਚਦੇ' ਦੁਹਰਾ ਤੋਂ ਬਚ ਜਾਂਦਾ ਹੈ। ਆਖਰੀ ਦੋ ਪੰਕਤੀਆਂ ਉਂਝ ਵੀ ਬੇਲੋੜੀਆਂ ਜਾਪਦੀਆਂ ਹਨ। ਪੂਰਨ ਹੋਣ ਬਾਰੇ ਸੋਚਣਾ ਹੀ ਦਰਾੜਾਂ ਮਿਟਾਣ ਬਾਰੇ ਸੋਚਣਾ ਹੈ, ਕਿਉਂਕਿ ਪਹਿਲਾ ਕਰਮ ਦੂਜੇ ਬਿਨਾਂ ਸੰਭਵ ਨਹੀਂ। ਸਗੋਂ ਇਹ ਦੋ ਪੰਕਤੀਆਂ ਗਿਰਾਉਣ ਨਾਲ ਪ੍ਰਾਪਤ ਹੋਇਆ ਸ਼ਾਬਦਿਕ ਸੰਜਮ ਕਵਿਤਾ ਦੀ ਸੰਕੇਤਾਤਮਕ ਕਦਰ ਵਧਾ ਦਿੰਦਾ ਹੈ।

ਸ਼ਬਦਾਂ ਦੇ ਸਹੀ (correct) ਜਾਂ ਉਚਿੱਤ (appropriate) ਹੋਣ ਦੀ ਪਰਖ ਕਿਵੇਂ ਕੀਤੀ ਜਾ ਸਕਦੀ ਹੈ ? ਇਸ ਸੰਬੰਧ ਵਿਚ ਬਰਟ੍ਰੈਂਡ ਰਸਲ ਦਾ ਹੇਠਲਾ ਕਥਨ ਕਿੰਨਾ ਯੋਗ ਹੈ:

ਸ਼ਬਦ ਦੀ ਸਹੀ ਵਰਤੋਂ ਉਦੋਂ ਹੁੰਦੀ ਹੈ ਜਦੋਂ ਆਮ ਸਰੋਤੇ ਉੱਤੇ ਉਸਦਾ ਅਸਰ ਉਹੀ ਹੁੰਦਾ ਹੈ ਜੋ ਬੁਲਾਰੇ ਨੇ ਚਾਹਿਆ ਹੋਵੇ। ਸਹੀ ਵਰਤੋਂ ਦੀ ਇਹ ਮਨੋਵਿਗਿਆਨਕ ਪਰਿਭਾਸ਼ਾ ਹੈ, ਨਾ ਕਿ ਸਾਹਿਤਕ। ਸਾਹਿਤਕ ਪਰਿਭਾਸ਼ਾ ਆਮ ਸਰੋਤੇ ਦੀ ਥਾਂ ਉੱਚੀ ਵਿਦਿਆ ਵਾਲੇ ਇਨਸਾਨ ਨੂੰ ਮੁੱਖ ਰਖਦੀ ਹੈ; ਏਸ ਪਰਿਭਾਸ਼ਾ ਦਾ ਮਨੋਰਥ ਸ਼ੁੱਧ ਬੋਲਣ ਜਾਂ ਲਿਖਣ ਨੂੰ ਮੁਸ਼ਕਲ ਬਣਾਉਣਾ ਹੈ।

ਜੇ ਖ਼ੀਰ ਦੀ ਪਰਖ ਸੁਆਦ ਵਿਚ ਹੈ ਤਾਂ ਸ਼ਬਦ ਦੇ ਸਹੀ ਹੋਣ ਦੀ ਪਰਖ ਅਸਰ ਵਿਚ ਕਿਉਂ ਨਾ ਹੋਵੇ ? ਸਾਹਿਤਕ ਪਰਿਭਾਸ਼ਾ ਬਾਰੇ ਗੱਲ ਕਰਦਾ ਰਸਲ ਪੰਜਾਬੀ ਬੋਲੀ ਦੇ ਵਿਕਾਸ ਦਾ ਮਸੀਹਾ ਜਾਪਦਾ ਹੈ। ਉਪਰੋਕਤ ਬਿਆਨ ਵਿਚ ਅਚੇਤੇ ਹੀ ਉਹ ਓਪਰੇ, ਔਖੇ, ਬੋਝਲ ਅਤੇ ਗ਼ਲਤ ਸ਼ਬਦਾਂ ਦੀ ਪੰਜਾਬੀ ਭਾਸ਼ਾ ਵਿਚ ਦਿਨੋ ਦਿਨ ਵਧ ਰਹੀ ਵਰਤੋਂ ਦੀ ਗੱਲ ਕਰਦਾ ਪ੍ਰਤੀਤ ਹੁੰਦਾ ਹੈ: ਸ਼ਬਦ ਜੋ ਬੁਲਾਰੇ/ਲੇਖਕ ਆਪਣੀ ਵਿਦਵਤਾ ਦੇ ਪਰਮਾਣ ਵਜੋਂ ਤਾਂ ਭਾਵੇਂ ਵਰਤਦੇ ਹੋਣ, ਪਰ ਜੋ ਸਰੋਤੇ/ਪਾਠਕ ਪੱਖੋਂ ਗੁੰਗੀ

ਲਫ਼ਾਫ਼ੇਬਾਜ਼ੀ ਹਨ। ਹਾਲਾਂਕਿ, ਰਸਲ ਦੇ ਵਿਚਾਰਾਂ ਦੇ ਵਿਪਰੀਤ, ਪਾਠਕ ਉੱਤੇ ਸ਼ਬਦ ਦਾ ਹੂ-ਬ-ਹੂ ਉਹੀ ਅਸਰ ਨਹੀਂ ਹੋ ਸਕਦਾ ਜੋ ਲੇਖਕ ਨੇ ਲਿਖਣ ਸਮੇਂ ਚਿਤਵਿਆ ਹੋਵੇ[16], ਫਿਰ ਵੀ ਲੇਖਕ ਦਾ ਇਹ ਤਾਂ ਫਰਜ਼ ਹੈ ਕਿ ਉਹ ਆਪਣੀ ਰਚਨਾ ਵੱਧ ਤੋਂ ਵੱਧ ਸਮਝਣ ਯੋਗ (ਤੇ ਅਸਰ ਵਾਲੀ) ਬਣਾਵੇ। ਨਹੀਂ ਤਾਂ ਕੋਰੇ ਕਾਗ਼ਜ਼ ਦਾ ਬਲਾਤਕਾਰ ਕਿਉਂ ?

ਵਾਕ-ਵਿਉਂਤ ਅਰਥਾਤ ਵਾਕ ਵਿਚ ਸਹੀ ਸ਼ਬਦ-ਜੜਤ ਦਾ ਰੋਲ (ਕੁਰੋਲ) ਭਾਸ਼ਾ ਵਿਭਾਗ, ਪਟਿਆਲਾ, ਦੀ ਛਾਪੀ ਪੰਜਾਬੀ ਭਾਸ਼ਾ ਬਾਰੇ ਇਕ ਪੁਸਤਕ ਦੇ **ਆਰੰਭਕ** ਵਾਕ ਤੋਂ ਹੀ ਪ੍ਰਤੱਖ ਹੈ। ਉਹ ਵਾਕ ਹਨ:

"ਪੰਜਾਬੀ ਇਕ ਭਾਰਤੀ-ਆਰੀਅਨ ਪਰਿਵਾਰ ਦੀ ਭਾਸ਼ਾ ਹੈ।"[17]

ਉਪਰੋਕਤ ਵਾਕ ਵਿਚ **'ਇਕ'** ਸ਼ਬਦ ਦੀ ਨਿਯੁਕਤੀ 'ਚ ਨਿਹਿਤ ਹੈ ਕਿ ਭਾਰਤੀ-ਆਰੀਅਨ ਪਰਿਵਾਰ ਇਕ ਤੋਂ ਬਹੁਤੇ ਸਨ, ਪਰ ਪੰਜਾਬੀ ਉਨ੍ਹਾਂ ਸਭਨਾਂ ਪਰਿਵਾਰਾਂ ਵਿਚੋਂ ਕੇਵਲ ਇਕ ਪਰਿਵਾਰ ਦੀ ਹੀ ਭਾਸ਼ਾ ਹੈ। ਆਓ ਹੁਣ ਏਸੇ ਵਾਕ ਵਿਚ 'ਇਕ' ਸ਼ਬਦ ਦਾ ਸਥਾਨ ਬਦਲ ਕੇ ਵੇਖੀਏ:

ਪੰਜਾਬੀ ਭਾਰਤੀ-ਆਰੀਅਨ ਪਰਿਵਾਰ ਦੀ ਇਕ ਭਾਸ਼ਾ ਹੈ।

ਉਪਰਲੇ ਵਾਕ ਵਿਚ **'ਇਕ'** ਸ਼ਬਦ 'ਭਾਰਤੀ-ਆਰੀਅਨ' ਸ਼ਬਦ ਅੱਗੋਂ ਹਟਾ ਕੇ 'ਭਾਸ਼ਾ' ਸ਼ਬਦ ਅੱਗੇ ਲਾ ਦਿੱਤਾ ਗਿਆ ਹੈ। ਹੁਣ, ਇਸ ਵਾਕ ਦਾ ਭਾਵ ਹੈ ਕਿ ਭਾਰਤੀ-ਆਰੀਅਨ ਪਰਿਵਾਰ ਤਾਂ ਇਕ ਸੀ ਪਰ ਉਸਦੀਆਂ ਭਾਸ਼ਾਵਾਂ ਇਕ ਤੋਂ ਵੱਧ ਸਨ, ਜਿਨ੍ਹਾਂ ਵਿਚੋਂ ਪੰਜਾਬੀ ਇਕ ਹੈ। ਸੋ ਸਪਸ਼ਟ ਹੈ ਕਿ ਸ਼ਬਦ-ਜੜਤ, ਭਾਵ ਵਾਕ ਵਿਚ ਸ਼ਬਦਾਂ ਦੀ ਨਿਯੁਕਤੀ, ਕੇਵਲ ਸ਼ਬਦਾਂ ਦੇ ਆਪਣੇ ਹੀ ਨਹੀਂ ਸਗੋਂ ਸਮੁੱਚੇ ਵਾਕ ਦੇ ਅਰਥ ਨਿਰਧਾਰਤ ਕਰਦੀ ਹੈ। ਇਸ ਵਾਕ ਦੇ ਲੇਖਕ ਦਾ ਭਾਵ ਤਾਂ ਸ਼ਾਇਦ ਇਹੀ ਸੀ ਪਰ ਉਸਦੀ 'ਇਕ' ਸ਼ਬਦ ਦੀ ਕੁਥਾਵੀਂ ਨਿਯੁਕਤੀ ਨੇ ਪਾਠਕ ਨੂੰ ਪੁਸਤਕ ਦੇ ਪਹਿਲੇ ਹੀ ਵਾਕ ਨਾਲ ਪੰਜਾਬੀ ਦੇ ਸਰੋਤ ਬਾਰੇ ਭੁਲੇਖੇ ਵਿਚ ਪਾ ਦਿੱਤਾ ਹੈ।

ਇਸ ਉਦਾਹਰਣ ਤੋਂ ਮੇਰਾ ਭਾਵ ਇਹ ਨਹੀਂ ਕਿ ਪੁਸਤਕ ਦੀ ਪਰਵੇਸ਼ਕਾ ਲਿਖਣ ਵਾਲਾ ਵਿਦਵਾਨ ਸ਼ਬਦ-ਨਿਯੁਕਤੀ ਦੇ ਮਹੱਤਵ ਤੋਂ ਅਨਜਾਣ ਸੀ। ਇਸਦੇ ਉਲਟ ਮੇਰਾ ਵਿਸ਼ਵਾਸ ਹੈ ਕਿ ਪੰਜਾਬੀ ਦੇ ਹੋਰ ਕਈਆਂ ਲੇਖਕਾਂ ਵਾਂਗ ਇਹ ਲੇਖਕ ਵੀ ਲਾਪ੍ਰਵਾਹ ਸੀ।

ਸ਼ਬਦ ਦੀ ਚੋਣ, ਵਰਤੋਂ, ਤੇ ਜੜਤ ਦੀ ਅਣਗਹਿਲੀ ਸਾਡੀਆਂ ਲਿਖਤਾਂ ਵਿਚ ਹੋਰ ਵੀ ਕਈ ਰੂਪਾਂ ਵਿਚ ਮਿਲਦੀ ਹੈ। ਆਓ ਹੁਣ ਇਕ ਖੋਜ-ਪੱਤਰ 'ਤੇ ਨਜ਼ਰ ਮਾਰੀਏ।

ਵਾਕ-ਵਿਉਂਤ ਬਾਰੇ ਇਹ ਖੋਜ-ਪੱਤਰ ਦਸੰਬਰ 1994 ਵਿਚ ***ਬਾਰ੍ਹਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ*** ਵਿਚ ਪੇਸ਼ ਕੀਤਾ ਗਿਆ ਸੀ[18]। ਇਹ ਖੋਜ-ਪੱਤਰ, ਆਪਣੇ ਇੱਛਤ ਮਨੋਰਥ ਦੇ ਵਿਪਰੀਤ (ironically), ਬੇਲੋੜੇ ਜਾਂ ਵਾਧੂ ਭਾਰ (deadweight) ਵਾਲੇ ਸ਼ਬਦਾਂ ਨਾਲ ਲੱਦਿਆ ਹੋਇਆ ਹੈ। ਨਮੂਨੇ ਵਜੋਂ ਇਸਦੇ **ਮੁੱਢਲੇ ਦੋ ਵਾਕ** ਅਤੇ ਉਨ੍ਹਾਂ ਦੇ ਸਾਡੇ ਸੋਧੇ ਰੂਪ, ਜੋ ਕ੍ਰਮਵਾਰ ਹੇਠਾਂ ਦਿੱਤੇ ਗਏ ਹਨ, ਹੀ ਕਾਫ਼ੀ ਹੋਣਗੇ।

ਮੂਲ ਵਾਕ ਨੰ: 1. *ਸੰਸਾਰ ਦੇ ਵੱਖੋ ਵੱਖਰੇ ਖਿੱਤਿਆਂ ਵਿਚ ਕਾਰਜਸ਼ੀਲ ਭਾਸ਼ਾਵਾਂ ਜਿੱਥੇ ਆਪਣੇ ਵਖਰੇਵਿਆਂ ਅਤੇ ਭਿੰਨਤਾਵਾਂ ਕਰਕੇ ਭਾਸ਼ਾ ਵਿਗਿਆਨੀਆਂ ਲਈ ਬਹਿਸ ਦਾ ਵਿਸ਼ਾ ਬਣੀਆਂ ਰਹੀਆਂ ਹਨ, ਉਥੇ ਇਹ ਆਪਣੀਆਂ ਸਮਨਾਤਾਵਾਂ ਕਰਕੇ ਵੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ।*

ਸੋਧਿਆ ਰੂਪ : *ਸੰਸਾਰ ਦੀਆਂ ਭਾਸ਼ਾਵਾਂ ਦੀਆਂ ਭਿੰਨਤਾਵਾਂ ਹੀ ਨਹੀਂ ਸਗੋਂ ਸਮਾਨਤਾਵਾਂ ਵੀ ਭਾਸ਼ਾਕਾਰਾਂ ਵਿਚਕਾਰ ਬਹਿਸ ਦਾ ਵਿਸ਼ਾ ਬਣੀਆਂ ਹੋਈਆਂ ਹਨ।*

ਮੂਲ ਵਾਕ ਵਿਚ ਪੈਂਤੀ ਸ਼ਬਦ ਹਨ ਪਰ ਸੋਧੇ ਵਿਚ ਅਠਾਰਾਂ। ਉਂਝ ਸੋਧੇ ਵਾਕ ਵਿਚੋਂ ਪਹਿਲੇ ਦੋ ਸ਼ਬਦ ਵੀ ਕੱਟੇ ਜਾ ਸਕਦੇ ਹਨ।

ਮੂਲ ਵਾਕ ਨੰ: 2. *ਭਾਸ਼ਾਵਾਂ ਦੀ ਬਣਤਰ ਵਿਚਲੀਆਂ ਸਮਾਨਤਾਵਾਂ ਬਾਰੇ ਗਰੀਨਬਰਗ ਸਾਪਨ ਆਦਿ ਬਣਤਰ ਖੋਜੀ ਭਾਸ਼ਾਕਾਰਾਂ ਨੇ ਭਾਸ਼ਾ ਦੀ ਬਣਤਰ ਸੰਬੰਧੀ ਕਈ ਨੁਕਤੇ ਸਾਹਮਣੇ ਲਿਆਂਦੇ ਹਨ।*

ਸੋਧਿਆ ਰੂਪ : *ਭਾਸ਼ਾਵਾਂ ਦੀਆਂ ਬਣਤਰੀ ਸਮਾਨਤਾਵਾਂ ਸੰਬੰਧੀ ਗਰੀਨਬਰਗ ਸਾਪਨ ਅਤੇ ਹੋਰ ਖੋਜੀਆਂ ਨੇ ਕਈ ਨੁਕਤੇ ਉਠਾਏ ਹਨ।*

ਦੂਜੇ ਮੂਲ ਵਾਕ ਵਿਚ ਤੇਈ ਸ਼ਬਦ ਹਨ ਪਰ ਸੋਧੇ ਵਿਚ ਚੌਦਾਂ।

ਇਨ੍ਹਾਂ ਵਾਕਾਂ ਦੀਆਂ ਤਰੁਟੀਆਂ ਬਾਰੇ ਗੱਲ ਕਰਨ ਦੀ ਥਾਂ ਅਸੀਂ ਸੋਧੇ ਰੂਪ ਦੇਣੇ ਹੀ ਯੋਗ ਸਮਝੇ ਹਨ, ਪਰ ਇਸ ਸੁਧਾਈ ਦੇ 'ਫਾਈਨਲ' ਹੋਣ ਦਾ ਅਸੀਂ ਦਾਅਵਾ ਨਹੀਂ ਕਰਦੇ। ਇਹੀ ਵਾਕ ਵੱਖਰੀ ਤਰ੍ਹਾਂ ਵੀ ਸੋਧੇ ਜਾ ਸਕਦੇ ਹਨ। ਸਾਡਾ ਮੰਤਵ ਕੇਵਲ ਇਨ੍ਹਾਂ ਦੁਹਾਂ ਵਾਕਾਂ ਦੇ ਮੂਲ ਰੂਪਾਂ ਵਿਚ ਬੇਲੋੜੇ, ਦੁਹਰਾਏ ਤੇ ਸਮਅਰਥੀ ਸ਼ਬਦਾਂ ਦੀ ਵਰਤੋਂ, ਸ਼ਾਬਦਿਕ ਅਸੰਜਮ, ਤੇ ਸ਼ਬਦਾਰਥਕ ਧੁੰਦ ਤੋਂ ਪਾਠਕ ਨੂੰ ਸੁਚੇਤ ਕਰਨਾ ਹੈ। ਯਾਦ ਰਹੇ ਕਿ ਵਾਕ-ਵਿਉਂਤ, ਸ਼ਬਦ-ਚੋਣ, ਤੇ ਸ਼ਬਦ-ਜੜਤ ਦੀਆਂ ਉਪਰੋਕਤ ਖ਼ਾਮੀਆਂ ਇਕ ਅਜਿਹੇ ਖੋਜ-ਪੱਤਰ ਵਿਚ ਹਨ ਜਿਸਦਾ ਵਿਸ਼ਾ ਹੀ ਵਾਕ-ਵਿਉਂਤ ਹੈ...ਅਤੇ ਅਜੇ ਅਸੀਂ ਇਸ ਪੱਤਰ ਦੇ ਪਹਿਲੇ ਦੋ ਵਾਕਾਂ ਦਾ ਹੀ ਨਿਰੀਖਣ ਕੀਤਾ ਹੈ।

ਵਿਆਕਰਨ

ਉਪਰੋਕਤ ਖੋਜ-ਪੱਤਰ ਦੇ ਦੂਜੇ ਮੂਲ ਵਾਕ ਵਿਚ ਵਿਆਕਰਨ ਪੱਖੋਂ 'ਆਦਿ' ਸ਼ਬਦ ਦੀ ਵਰਤੋਂ ਗ਼ਲਤ ਹੈ: ਗ਼ਲਤੀ ਜੋ ਪੰਜਾਬੀ ਲਿਖਤਾਂ ਵਿਚ ਆਮ ਪਾਈ ਜਾਂਦੀ ਹੈ। ਆਦਿ—ਜਿਸਦਾ ਸਹੀ ਰੂਪ 'ਆਦਿਕ' ਹੈ-ਪੰਜਾਬੀ ਵਿਚ ਲਾਤੀਨੀ ਸ਼ਬਦ ਐੱਟ ਸੈੱਟ੍ਰਾ (et cetera or etc.) ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਐੱਟ ਸੈੱਟ੍ਰਾ ਇਕੋ ਵਰਗ ਦੇ ਤਿੰਨ ਸ਼ਬਦ ਲਿਖਣ ਮਗਰੋਂ ਲਗਦਾ ਹੈ, ਜਿਸਦਾ ਭਾਵ ਹੈ ਕਿ ਇਸੇ ਵਰਗ ਦੇ ਹੋਰ ਸ਼ਬਦ ਵੀ ਲਿਖੇ ਜਾ ਸਕਦੇ ਹਨ। ਪਰ ਸੰਖੇਪਤਾ ਮੁੱਖ ਰਖਦਿਆਂ ਇਉਂ ਨਹੀਂ ਕੀਤਾ ਗਿਆ। ਸ਼ਬਦਾਂ ਵਿਚਕਾਰ ਅਤੇ ਐੱਟ ਸੈਟ੍ਰਾ ਦੇ ਦੁਹੀਂ ਪਾਸੀਂ ਅਰਧ-ਵਿਰਾਮ (comma) ਚਿੰਨ੍ਹ ਲਗਦਾ ਹੈ। ਆਦਿਕ ਸ਼ਬਦ ਦੀ ਵਰਤੋਂ ਵੀ ਸਾਨੂੰ ਇਸੇ ਨਿਯਮ ਅਨੁਸਾਰ ਕਰਨੀ ਬਣਦੀ ਹੈ। ਨਮੂਨੇ ਵਜੋਂ ਹੇਠਲੇ ਤਿੰਨ ਵਾਕ ਧਿਆਨਗੋਚਰ ਕਰਨਾ :

ਮੈਂ ਪਹਿਲੀ ਵਾਰ ਧਾਈਆਂ ਅਤੇ ਮਖੋਰੀ ਸ਼ਬਦ ਪ੍ਰੋ: ਪੂਰਨ ਸਿੰਘ ਦੀ ਕਵਿਤਾ ਵਿਚ ਪੜ੍ਹੇ ਸਨ।

ਮੈਂ ਪਹਿਲੀ ਵਾਰ ਧਾਈਆਂ, ਮਖੋਰੀ ਅਤੇ ਆਨਢਾਨ ਸ਼ਬਦ ਪ੍ਰੋ: ਪੂਰਨ ਸਿੰਘ ਦੀ ਕਵਿਤਾ ਵਿਚ ਪੜ੍ਹੇ ਸਨ।

ਮੈਂ ਪਹਿਲੀ ਵਾਰ ਧਾਈਆਂ, ਮਖੋਰੀ, ਆਨਢਾਨ, ਆਦਿਕ, ਸ਼ਬਦ ਪ੍ਰੋ: ਪੂਰਨ ਸਿੰਘ ਦੀ ਕਵਿਤਾ ਵਿਚ ਪੜ੍ਹੇ ਸਨ।[19]

ਇਨ੍ਹਾਂ ਤਿੰਨਾਂ ਵਾਕਾਂ ਵਿਚੋਂ ਕੇਵਲ ਆਖ਼ਰੀ ਵਾਕ ਵਿਚ ਹੀ 'ਆਦਿਕ' ਦੀ ਵਰਤੋਂ ਠੀਕ ਹੈ, ਤੀਜੇ ਵਾਕ ਵਿਚ ਆਦਿਕ ਤੋਂ ਭਾਵ ਹੈ ਕਿ 'ਮੈਂ' ਤਿੰਨਾਂ ਤੋਂ ਵੱਧ, ਪਰ ਘੱਟੋ ਘੱਟ ਚਾਰ, ਵਿਸ਼ੇਸ਼ ਕਿਸਮ ਦੇ ਸ਼ਬਦ ਪ੍ਰੋ: ਪੂਰਨ ਸਿੰਘ ਦੀ ਕਵਿਤਾ ਵਿਚ ਪੜ੍ਹੇ ਸਨ।

ਸ਼ੁਧ ਵਿਆਕਰਨ ਪ੍ਰਤੀ ਅਣਗਹਿਲੀ ਦੀ ਉਦਾਹਰਣ ਇਕ ਪੁਸਤਕ ਵਿਚੋਂ ਵੀ ਦੇਣੀ ਠੀਕ ਰਹੇਗੀ। "ਪਰਵਾਸੀ ਪੰਜਾਬੀ ਕਹਾਣੀ" ਨਾਂ ਦੀ ਪੁਸਤਕ ਦੇ ਸੰਪਾਦਕ ਵਜੋਂ 'ਆਰੰਭਕ ਸ਼ਬਦ' ਦੇ ਮੁੱਢਲੇ ਵਾਕ ਦਾ ਹੀ ਪਹਿਲਾ ਭਾਗ (ਪੂਰਾ ਵਾਕ ਨਹੀਂ) ਹਾਜ਼ਰ ਹੈ: [20]

ਭਾਸ਼ਾ ਅਤੇ ਸਾਹਿਤ ਭੂਗੋਲਿਕ ਸੀਮਾਵਾਂ ਦੇ ਬੰਨ੍ਹ ਸਵੀਕਾਰ ਨਹੀਂ ਕਰਦਾ, ਕਿਉਂਕਿ ਸਾਹਿਤ ਮਨੁੱਖੀ ਅਨੁਭਵ ਦੀ ਅਭਿਵਿਅਕਤੀ ਹੁੰਦੀ ਹੈ....

ਪੁਸਤਕ ਦੀ ਆਰੰਭਕਾ ਦੇ ਪਹਿਲੇ ਵਾਕ ਦੇ ਪਹਿਲੇ ਭਾਗ ਵਿਚ ਹੀ ਵਿਆਕਰਨ ਦੀਆਂ ਦੋ ਗ਼ਲਤੀਆਂ ਹਨ। *'ਭਾਸ਼ਾ ਅਤੇ ਸਾਹਿਤ ਭੂਗੋਲਿਕ ਸੀਮਾਵਾਂ ਦੇ ਬੰਨ੍ਹ ਸਵੀਕਾਰ ਨਹੀਂ ਕਰਦਾ...'*

ਉਪਵਾਕ ਵਿਚ ਦੋ 'ਕਰਤਾ' (subject) ਹਨ, ਭਾਸ਼ਾ ਅਤੇ ਸਾਹਿਤ। ਇਸ ਲਈ ਇਸ ਨਾਲ ਇਕ ਵਚਨ ਕਿਰਿਆ 'ਕਰਦਾ' ਦੀ ਵਰਤੋਂ ਸਹੀ ਨਹੀਂ, 'ਕਰਦੇ' ਦੀ ਸਹੀ ਹੈ। ਦੂਜੇ ਉਪਵਾਕ- *ਕਿਉਂਕਿ ਸਾਹਿਤ ਮਨੁੱਖੀ ਅਨੁਭਵ ਦੀ ਅਭਿਵਿਅਕਤੀ ਹੁੰਦੀ ਹੈ*- ਵਿਚ ਕਰਤਾ ਸਾਹਿਤ ਹੈ, ਅਭਿਵਿਅਕਤੀ ਨਹੀਂ। ਇਸ ਕਰਕੇ ਕਿਰਿਆ-ਰੂਪ 'ਹੁੰਦੀ ਹੈ', ਠੀਕ ਨਹੀਂ, 'ਹੁੰਦਾ ਹੈ' ਠੀਕ ਹੋਣਾ ਸੀ।

ਕਰਤਾ ਅਤੇ ਕਿਰਿਆ ਮੇਲ ਦੀ ਗ਼ਲਤੀ (agreement error) ਸੰਪਾਦਕ ਦੂਜੇ ਪੈਰੇ ਦੇ ਮੁੱਢਲੇ ਵਾਕ ਵਿਚ ਫਿਰ ਦੁਹਰਾਉਂਦਾ ਹੈ। ਵੇਖੋ:

ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ...ਕਿਸੇ ਨਾ ਕਿਸੇ ਰੂਪ ਵਿਚ ਆਪਣਾ ਸਥਾਨ ਪ੍ਰਾਪਤ ਕਰਨ ਦੇ ਸਮਰੱਥ ਹੋ ਸਕਿਆ ਹੈ।

'ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ' ਨਾਲ ਇਕ ਵਚਨ ਕਿਰਿਆ-ਰੂਪ ਦੀ ਵਰਤੋਂ ਦਰੁਸਤ ਨਹੀਂ। ਸੋ ਇਸ ਵਾਕ ਦੇ ਆਖ਼ਰੀ ਦੋ ਸ਼ਬਦ 'ਸਕਿਆ ਹੈ' ਦੀ ਥਾਂ 'ਸਕੇ ਹਨ' ਹੋਣੇ ਚਾਹੀਦੇ ਸਨ।

ਵਿਰਾਮ-ਚਿੰਨ੍ਹ ਅੰਕਣ

ਹੁਣ ਇਸ ਵਿਸ਼ੇ ਬਾਰੇ ਵੀ ਕੁਝ ਕਹਿਣਾ ਬਣਦਾ ਹੈ। ਲਿਖਤ ਵਿਚ ਇਸਦਾ ਮਹੱਤਵ ਏਨਾ ਹੈ ਕਿ ਵਿਰਾਮ-ਚਿੰਨ੍ਹ ਦੀ ਅਸ਼ੁਧ ਵਰਤੋਂ ਵਾਕ ਦੇ ਅਰਥ ਹੀ ਬਦਲ ਸਕਦੀ ਹੈ। ਇਸ ਨੁਕਤੇ ਦੇ ਦ੍ਰਿਸ਼ਟਾਂਤ ਲਈ ਅਸੀਂ ਇਕ ਨਿਮਾਣੇ ਵਿਰਾਮ-ਚਿੰਨ੍ਹ, ਅਰਧ-ਵਿਰਾਮ, ਦੀਆਂ ਤਿੰਨ ਉਦਾਹਰਣਾਂ ਦਿੰਦੇ ਹਾਂ। ਪਹਿਲੀ ਉਦਾਹਰਣ ਵਜੋਂ ਗੁਰਬਾਣੀ ਦੀ ਇਕ ਪੰਕਤੀ ਪੇਸ਼ ਹੈ:

"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ"

ਆਓ ਹੁਣ ਇਸ ਪੰਕਤੀ ਵਿਚ ਅਰਧ-ਵਿਰਾਮ ਦੋ ਵੱਖਰੀਆਂ ਥਾਵਾਂ 'ਤੇ ਲਾ ਕੇ ਇਸਦੇ ਅਰਥ ਵਿਚਾਗੀਏ।

"ਮਾਨਸ ਕੀ ਜਾਤ, ਸਭੈ ਏਕੈ ਪਹਿਚਾਨਬੋ", ਭਾਵਾਰਥ : ਮਨੁੱਖ ਦੀ ਜਾਤ, ਸਾਰੇ (ਲੋਕੋ) ਇਕੋ ਹੀ ਜਾਣੋ।

"ਮਾਨਕਸ ਕੀ ਜਾਤ ਸਭੈ, ਏਕੈ ਪਹਿਚਾਨਬੋ", ਭਾਵਾਰਥ : ਮਨੁੱਖ ਦੀਆਂ ਸਾਰੀਆਂ ਜਾਤਾਂ , ਇਕੋ ਹੀ ਜਾਣੋ....।

ਦੂਜੀ ਉਦਾਹਰਣ ਵਜੋਂ ਹੇਠਲਾ ਗੀਤ ਹਾਜ਼ਰ ਹੈ:

"ਘੁੰਡ ਚੱਕਦੇ ਰਤਾ ਕੁ ਚੰਨ ਚੜ੍ਹਜੇ ਕਿ ਰਾਹ ਦੇ ਵਿਚ ਰਾਤ ਪੈ ਗਈ"

ਹੁਣ ਏਸੇ ਗੀਤ ਦੇ ਹੇਠਲੇ ਦੋ ਰੂਪ ਵੇਖਣਾ, ਜਿਨ੍ਹਾਂ ਵਿਚ ਅੰਤਰ ਕੇਵਲ ਅਰਧ-ਵਿਰਾਮ ਦੀ ਨਿਯੁਕਤੀ ਦਾ ਹੀ ਹੈ।

"ਘੁੰਡ ਚੱਕਦੇ ਰਤਾ ਕੁ ਚੰਨ ਚੜ੍ਹਜੇ, ਕਿ ਰਾਹ ਦੇ ਵਿਚ ਰਾਤ ਪੈ ਗਈ।" ਭਾਵਾਰਥ : (ਸਾਰਾ) ਘੁੰਡ ਚੱਕਦੇ ਤਾਕਿ ਥੋੜ੍ਹਾ ਕੁ ਚੰਨ ਚੜ੍ਹ ਜਾਵੇ: ਰਾਹ 'ਚ ਰਾਤ ਪੈ ਗਈ ਹੈ।

"ਘੁੰਡ ਚੱਕਦੇ ਰਤਾ ਕੁ, ਚੰਨ ਚੜ੍ਹਜੇ ਕਿ ਰਾਹ ਦੇ ਵਿਚ ਰਾਤ ਪੈ ਗਈ," ਭਾਵਾਰਥ : ਥੋੜ੍ਹਾ ਕੁ ਘੁੰਡ ਚੱਕਦੇ ਤਾਕਿ (ਸਾਰਾ) ਚੰਨ ਚੜ੍ਹ ਜਾਵੇ; ਰਾਹ 'ਚ ਰਾਤ ਪੈ ਗਈ ਹੈ।

ਤੀਜੀ ਉਦਾਹਰਣ ਵਜੋਂ ਅਸੀਂ ਇਹ ਕਹਾਂਗੇ ਕਿ ਸਾਡੇ ਕੁਝ ਲੇਖਕ ਇਸ ਪੱਖੋਂ ਵੀ ਬਹੁਤੇ ਸਪਸ਼ਟ ਨਹੀਂ ਕਿ 'ਜੋ, ਜਿਨ੍ਹਾਂ, ਜਿਹੜਾ, ਜਿਹੜੀ, ਜਿਹੜੇ' ਨਾਲ ਸ਼ੁਰੂ ਹੋਣ ਵਾਲੇ ਵਾਕਾਂਸ਼ ਦੁਆਲੇ ਅਰਧ-ਵਿਰਾਮ ਲਾਉਣਾ ਚਾਹੀਦਾ ਹੈ ਜਾਂ ਨਹੀਂ। ਸਾਡਾ ਸੰਖੇਪ ਉੱਤਰ ਹੈ ਕਿ ਕੁਝ ਹਾਲਤਾਂ ਵਿਚ ਇਹ ਚਿੰਨ੍ਹ ਲਾਉਣਾ ਜ਼ਰੂਰੀ ਹੈ ਅਤੇ ਕੁਝ ਵਿਚ ਨਾ ਲਾਉਣਾ। ਦ੍ਰਿਸ਼ਟਾਂਤ ਲਈ ਹੇਠਲੇ ਦੋ ਹਮਰੂਪ (identical) ਵਾਕ ਵੇਖਣਾ :

(ੳ) ਦੀਪਾਂ ਦੇ ਜਿਹੜੀ ਕਾਲਿਜ 'ਚ ਹਾਕੀ ਖੇਡਦੀ ਹੈ ਸਾਈਕਲ ਤੋਂ ਡਿੱਗਕੇ ਸੱਟ ਲੱਗ

ਗਈ।

(ਅ) ਦੀਪਾਂ ਦੇ, ਜਿਹੜੀ ਕਾਲਿਜ 'ਚ ਹਾਕੀ ਖੇਡਦੀ ਹੈ, ਸਾਈਕਲ ਤੋਂ ਡਿੱਗਕੇ ਸੱਟ ਲੱਗ ਗਈ।

ਵਿਆਕਰਨ ਪੱਖੋਂ ਉਪਰੋਕਤ ਵਾਕਾਂ ਵਿਚੋਂ ਕਿਹੜਾ ਸ਼ੁਧ ਹੈ ? ਸ਼ੁਧ ਤਾਂ ਦੋਵੇਂ ਹੀ ਹਨ, ਪਰ ਦੋਵੇਂ ਵਾਕਾਂ ਦੇ ਹਮਰੂਪ ਹੋਣ ਉਪਰੰਤ ਵੀ ਅਰਥ ਵੱਖਰੇ ਹਨ। ਉਪਰੋਕਤ ਉਦਾਹਰਣ ਵਿਚ ਅਰਧ-ਵਿਰਾਮ ਦੀ ਵਰਤੋਂ ਇਸ ਤੱਥ 'ਤੇ ਨਿਰਭਰ ਕਰਦੀ ਹੈ ਕਿ ਲੇਖਕ ਕਹਿਣਾ ਕੀ ਚਾਹੁੰਦਾ ਹੈ। ਵਾਕ (ੳ) ਵਿਚ 'ਜਿਹੜੀ' ਨਾਲ ਅਰੰਭ ਹੁੰਦਾ ਵਾਕਾਂਸ਼ ਬੰਧੇਜੀ (restrictive) ਹੈ, ਪਰ ਵਾਕ (ਅ) ਵਿਚ ਨਿਰ-ਬੰਧੇਜੀ (non-restrictive)।

ਪਹਿਲੇ ਵਾਕ ਵਿਚ 'ਜਿਹੜੀ' ਵਾਕਾਂਸ਼ ਦੁਆਲੇ ਅਰਧ-ਵਿਰਾਮ ਦਾ ਨਾ ਲੱਗੇ ਹੋਣਾ ਇਹ ਸੂਚਨਾ ਪ੍ਰਦਾਨ ਕਰਦਾ ਹੈ ਕਿ ਦੀਪਾਂ ਨਾਂ ਦੀਆਂ ਕੁੜੀਆਂ ਇਕ ਤੋਂ ਬਹੁਤੀਆਂ ਹਨ, ਪਰ ਸੱਟ ਉਸ ਦੀਪਾਂ ਦੇ ਲੱਗੀ ਹੈ ਜੋ ਕਾਲਿਜ ਵਿਚ ਹਾਕੀ ਖੇਡਦੀ ਹੈ। ਇਸ ਵਾਕ ਵਿਚ 'ਜਿਹੜੀ' ਵਾਕਾਂਸ਼ ਦੀਪਾਂ ਦੀ ਪਛਾਣ ਸਥਾਪਤ ਕਰਨ ਲਈ ਜ਼ਰੂਰੀ ਹੈ, ਅਤੇ ਇਹ ਜ਼ਰੂਰਤ ਇਸ ਵਾਕ 'ਚੋਂ ਅਰਧ-ਵਿਰਾਮ ਚਿੰਨ੍ਹ ਦੀ ਗ਼ੈਰਹਾਜ਼ਰੀ ਪ੍ਰਗਟ ਕਰਦੀ ਹੈ।

ਵਾਕ (ਅ) ਵਿਚ 'ਜਿਹੜੀ' ਵਾਕਾਂਸ਼ ਦੁਆਲੇ ਅਰਧ-ਵਿਰਾਮ ਲੱਗੇ ਹੋਣ ਦਾ ਭਾਵ ਹੈ ਕਿ ਦੀਪਾਂ ਦਾ ਹਾਕੀ ਖੇਡਣਾ ਸੰਜੋਗੀ (incidental) ਪਰ ਵਾਧੂ ਜਾਣਕਾਰੀ ਹੈ—ਜਾਣਕਾਰੀ ਜੋ ਉਸਦੀ ਪਛਾਣ ਸਥਾਪਤ ਕਰਨ ਲਈ ਜ਼ਰੂਰੀ ਨਹੀਂ। ਇਹ ਇਸ ਤੱਥ ਦਾ ਸੂਚਕ ਹੈ ਕਿ ਦੀਪਾਂ ਨਾਮ ਦੀ ਕੁੜੀ ਇਕ ਹੀ ਹੈ, ਅਤੇ ਉਸਦੇ ਸਾਈਕਲ ਤੋਂ ਡਿੱਗਕੇ ਸੱਟ ਲੱਗ ਗਈ ਹੈ। ਪਾਠਕ ਨੂੰ ਕੋਈ ਭੁਲੇਖਾ ਨਹੀਂ ਕਿ ਕਿਸ ਦੀਪਾਂ ਦੇ ਸੱਟ ਲੱਗੀ ਹੈ ਕਿਉਂਕਿ ਦੀਪਾਂ ਹੈ ਹੀ ਇਕ , ਇਸ ਲਈ ਵਾਕ ਦਾ ਇਹ ਭਾਗ ਕੱਟਿਆ ਵੀ ਜਾ ਸਕਦਾ ਹੈ। ਅਸੀਂ ਵਿਰਾਮ-ਚਿੰਨ੍ਹ ਅੰਕਣ ਦੇ ਨਿਯਮਾਂ ਬਾਰੇ ਵੀ ਕਿਸੇ ਸਮੇਂ ਵਿਸਥਾਰ ਨਾਲ ਲਿਖਾਂਗੇ।

ਅੰਤਿਕਾ

ਅਣਗਹਿਲੀ ਤੇ ਮੌਜ ਪੰਜਾਬੀਆਂ ਦਾ ਸੁਭਾਅ ਹਨ, ਪਰ ਸਾਹਿਤ ਰਚਣ, ਪੁਲ ਬਣਾਉਣ, ਕਾਰ ਚਲਾਉਣ, ਆਦਿਕ, ਜ਼ਿੰਦਗੀ ਦੇ ਕਾਰਜਾਂ ਵਿਚ ਇਹ ਸੁਭਾਅ ਖ਼ਤਰਨਾਕ ਹੈ। ਲੇਖਕ ਲਈ ਮੌਲਿਕ ਸ਼ਬਦ-ਚੋਣ, ਸ਼ਾਬਦਿਕ ਸੰਜਮ, ਸਹੀ ਵਾਕ-ਉਸਾਰੀ, ਅਤੇ ਸ਼ੁਧ ਵਿਆਕਰਨ 'ਬਿਜਲੀ ਦੀ ਲਿਸ਼ਕੋਰ' ਹਨ। ਜਿਸ ਪਾਸ ਇਹ ਲਿਸ਼ਕੋਰ ਹੈ ਉਹੀ ਲੇਖਕ ਆਪਣੀ ਰਚਨਾ ਰੁਸ਼ਨਾ ਸਕਦਾ ਹੈ। ਕੇਵਲ ਅਜਿਹੀ ਰਚਨਾ ਹੀ ਪਾਠਕ-ਮਨ ਵਿਚ ਚਾਨਣ ਕਰਨ ਦੀ ਸੰਭਾਵਨਾ ਰਖਦੀ ਹੈ...। ਹਾਂ, ਤੇ ਇਕ ਗੱਲ ਹੋਰ: ਸੰਭਵ ਹੈ ਇਸ ਲੇਖ ਵਿਚ ਮੈਂ ਵੀ ਅਜਿਹੀਆਂ ਅਣਗਹਿਲੀਆਂ ਕਰ ਗਿਆ ਹੋਵਾਂ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ। ਜੇ ਪਾਠਕ ਮੇਰੀਆਂ ਅਣਗਹਿਲੀਆਂ ਪਛਾਣ ਲੈਣ ਤਾਂ ਸਮਝਾਂਗਾ ਕਿ ਉਨ੍ਹਾਂ ਨੂੰ ਸ਼ਬਦਾਂ/ਭਾਸ਼ਾ ਦੀ ਯੋਗ ਵਰਤੋਂ ਪ੍ਰਤੀ ਸੁਚੇਤ ਕਰਨ ਵਿਚ ਮੈਂ ਸਫਲ ਹੋ ਗਿਆ ਹਾਂ। ❑❑

[ਲੇਖਕ ਨੇ ਹੁਣੇ ਹੀ ਸ਼ਬਦ ਸ਼ਾਸਤਰ ਨਾਂ ਦੀ ਪੁਸਤਕ ਲਿਖਣੀ ਆਰੰਭ ਕੀਤੀ ਹੈ। ਇਹ ਲੇਖ ਉਸ ਪੁਸਤਕ ਦਾ ਪਹਿਲਾ ਕਾਂਡ ਹੈ।]

ਹਵਾਲੇ ਅਤੇ ਟਿੱਪਣੀਆਂ :

1. ਸਿੰਘ, ਹਰਕੀਰਤ (ਡਾ.) : ਸ਼ਬਦ-ਜੋੜ, ਭਾਸ਼ਾ ਤੇ ਵਿਆਕਰਨ ਪ੍ਰਤੀ ਇਹਨਾਂ ਰਚਿਤ ਚੌਦਾਂ ਕਾਂਡ: ਵੇਖੋ : *ਪੰਜਾਬੀ ਭਾਸ਼ਾ : ਵਿਆਕਰਨ ਅਤੇ ਬਣਤਰ*, ਸੰ: ਸ. ਸ. ਖਹਿਰਾ, ਪੰਜਾਬੀ ਯੂਨੀਵਰਸਿਟੀ, 1990
2. ਸਿੰਘ, ਪ੍ਰੇਮ ਪ੍ਰਕਾਸ਼ (ਡਾ.) : ਪੰਜਾਬੀ ਦੀਆਂ ਧੁਨੀਆਂ ਬਾਰੇ ਇਹਨਾਂ ਰਚਿਤ ਚਾਰ ਕਾਂਡ; ਵੇਖੋ: *ਪੰਜਾਬੀ ਭਾਸ਼ਾ : ਵਿਆਕਰਨ ਅਤੇ ਬਣਤਰ*, ਸੰ: ਸ. ਸ. ਖਹਿਰਾ, ਪੰਜਾਬੀ ਯੂਨੀਵਰਸਿਟੀ, 1990
3. ਸਿੰਘ, ਪ੍ਰੇਮ ਪ੍ਰਕਾਸ਼ (ਡਾ.) : *ਪੰਜਾਬੀ ਸ਼ਬਦ-ਜੋੜਾਂ ਦਾ ਪਰਮਾਣੀਕਰਣ*: ਇਕ ਖੋਜ-ਪੱਤਰ, ਭਾਸ਼ਾ ਵਿਭਾਗ,

ਪਟਿਆਲਾ, ਮਾਰਚ 1965
4. ਕਰਨਜੀਤ ਸਿੰਘ : *ਸ਼ਬਦ-ਜੋੜਾਂ ਦੀ ਭਾਸ਼ਾਈ ਮਹੱਤਤਾ, ਪੰਜਾਬੀ ਦੁਨੀਆਂ : ਸ਼ਬਦ-ਜੋੜ ਤੇ ਵਿਆਕਰਣ ਅੰਕ*, ਜਨਵਰੀ 1960, ਭਾਸ਼ਾ ਵਿਭਾਗ, ਪਟਿਆਲਾ।
5. ਲਾਂਬਾ, ਸੁਰਿਦਰ ਸਿੰਘ: ਉਚਾਰਣ ਤੇ ਸ਼ਬਦ-ਜੋੜ ਸੰਬੰਧ, *ਪੰਜਾਬੀ ਦੁਨੀਆਂ : ਸ਼ਬਦ-ਜੋੜ ਤੇ ਵਿਆਕਰਣ ਅੰਕ*: ਜਨਵਰੀ 1960, ਭਾਸ਼ਾ ਵਿਭਾਗ, ਪਟਿਆਲਾ।
6. ਜੱਗੀ, ਰਤਨ ਸਿੰਘ (ਡਾ.): *ਪੰਜਾਬੀ ਸਾਹਿੱਤ : ਪਾਰਭਾਸ਼ਿਕ ਸ਼ਬਦਾਵਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989
7. ਜੱਗੀ, ਰਤਨ ਸਿੰਘ (ਡਾ.): *ਪੰਜਾਬੀ ਸਾਹਿਤ ਸੰਦਰਭ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994
8. ਇਸ ਪੰਕਤੀ ਵਿਚ 'ਸਬਦ' ਸ਼ਬਦ ਅਧਿਆਤਮਕ ਪ੍ਰਸੰਗ ਵਿਚ ਵਰਤਿਆ ਗਿਆ ਹੈ, ਪਰੰਤੂ ਇਸ ਪ੍ਰਸੰਗ ਵਿਚ ਵੀ ਗੁਰਮਤਿ ਚਿੰਤਨ ਅਨੁਸਾਰ ਸ਼ਬਦ ਦਾ ਮਹੱਤਵ ਸੁਰਤੀ ਦੇ ਮਹੱਤਵ ਤੋਂ ਵਧੇਰਾ ਹੈ, ਵੇਖੋ ਬਲਕਾਰ ਸਿੰਘ, *ਸਿੱਖ ਰਹੱਸਵਾਦ*, ਪੰਨੇ 133-150, ਪੰਜਾਬੀ ਯੂਨੀਵਰਸਿਟੀ, ਪਟਿਆਲਾ 1987
9. *Tucky, John S.: The Devil's Race-Track : Mark Twain's Selected Writings*, University of California Press, 1966.
10. ਅੰਗਰੇਜ਼ੀ ਸ਼ਬਦ thinker ਦਾ ਪ੍ਰਵਾਨਿਤ ਅਰਥ ਸੋਚਵਾਨ ਹੈ, ਪਰੰਤੂ ਸਾਡੇ ਵਿਚਾਰ ਅਨੁਸਾਰ ਇਹ ਸੋਚਕ ਹੋਣਾ ਚਾਹੀਦਾ ਹੈ, ਸੋਚਵਾਨ ਤਾਂ thoughtful ਦਾ ਸਹੀ ਅਰਥ ਹੈ, ਜਿਵੇਂ reader ਦਾ ਅਰਥ ਹੈ ਪਾਠਕ, ਉਸੇ ਤਰ੍ਹਾਂ thinker ਦਾ ਅਰਥ ਚਾਹੀਦਾ ਹੈ ਸੋਚਕ।
11. ਵਾਕ-ਵਿਉਂਤ ਤੋਂ ਸਾਡਾ ਭਾਵ ਹੈ syntax, ਜਿਸਨੂੰ ਆਮ ਤੌਰ 'ਤੇ ਪੰਜਾਬੀ ਵਿਚ ਵਾਕ-ਰਚਨਾ ਕਿਹਾ ਜਾਂਦਾ ਹੈ। ਪਰ syntax ਦਾ ਭਾਵ ਹੈ sentence formation or construction ਨਾ ਕਿ sentence creation। ਲੇਖਕ ਦੇ ਵਿਚਾਰ ਅਨੁਸਾਰ syntax ਦਾ ਅਰਥ ਵਾਕ-ਉਸਾਰੀ ਹੋਰ ਵੀ ਢੁਕਵਾਂ ਹੈ।
12. ਕਵਲ, ਕਵਲ ਇੰਦਰ ਸਿੰਘ : *'ਪੰਜਾਬੀ ਗ਼ਜ਼ਲ-ਆਰੰਭ ਤੇ ਵਿਕਾਸ'* ਖੋਜ ਪੱਤਰ ਵਿਚੋਂ ਲਿਆ ਜਗਤਾਰ ਦਾ ਸ਼ਿਅਰ, *ਖੋਜ ਪ੍ਰਤਿਕਾ*, ਅੰਕ 28, 1983, ਪੰਨਾ 340, ਪੰਜਾਬੀ ਯੂਨੀਵਰਸਿਟੀ, ਪਟਿਆਲਾ
13. ਰਵੀ, ਰਵਿੰਦਰ: ਦਰਾੜਾਂ, *ਨਿਸੋਤ-ਇੰਟਰਨੈੱਟ ਮੰਥਲੀ*, www.nisot.com ਅਕਤੂਬਰ 2005.
14. ਸੰਭਵ ਹੈ ਕਵੀ ਨੇ 'ਲੋਚਦੇ' ਸ਼ਬਦ ਹੀ ਵਰਤਿਆ ਹੋਵੇ, ਅਤੇ ਗ਼ਲਤੀ *ਨਿਸੋਤ* ਵਿਚ 'ਛਪਾਈ' ਸਮੇਂ ਹੋ ਗਈ ਹੋਵੇ, ਉਸ ਹਾਲਤ ਵਿਚ ਅਸੀਂ ਖਿਮਾ ਦੇ ਜਾਚਕ ਹਾਂ।
15. Russell, Bertrand : *The Analysis of Mind, Chapter X*, Routledge Publishers, March 1995
16. ਰਸਲ ਦਾ ਇਹ ਵਿਚਾਰ ਆਦਰਸ਼ਵਾਦੀ ਹੈ, ਜੋ ਨਾ ਤਾਂ ਸੰਭਵ ਹੈ ਅਤੇ ਨਾ ਹੀ ਵਿਹਾਰਕ (Practical)। 'ਪਾਠ ਨੂੰ ਅਰਥ ਕੌਣ ਪ੍ਰਦਾਨ ਕਰਦਾ ਹੈ ਜਾਂ ਪਾਠਕ ਅਰਥ ਕਿਸ ਤਰ੍ਹਾਂ ਗ੍ਰਹਿਣ ਕਰਦਾ ਹੈ' ਵਰਗੇ ਜਟਿਲ ਵਿਸ਼ੇ 'ਤੇ ਸ਼ਬਦ ਸ਼ਾਸਤਰ ਦੇ ਆਰੰਭਕ ਲੇਖ ਵਿਚ ਬਹੁਤੀ ਵਿਸਥਾਰ ਵਿਚ ਜਾਣਾ ਯੋਗ ਨਹੀਂ, ਸ਼ਬਦਾਂ ਦਾ ਅਰਥਾਤ ਪਾਠ ਦਾ ਅਸਰ ਪਾਠਕ ਉੱਤੇ ਉਸਦੇ ਆਪਣੇ ਨਿੱਜੀ ਅਨੁਭਵਾਂ ਤੇ ਤਜਰਬਿਆਂ ਦੇ ਸੰਦਰਭ ਵਿਚ ਹੀ ਹੋ ਸਕਦਾ ਹੈ-ਅਨੁਭਵ ਤੇ ਤਜਰਬੇ ਜੋ ਲੇਖਕ ਦੇ ਅਨੁਭਵਾਂ ਤੇ ਤਜਰਬਿਆਂ ਤੋਂ ਨਿਸਚੇ ਹੀ ਵੱਖਰੇ ਹੋਣਗੇ। ਇਸ ਦ੍ਰਿਸ਼ਟੀਕੋਣ ਨੂੰ 'ਪਾਠਕ-ਪ੍ਰਤਿਕ੍ਰਿਆ ਥਿਊਰੀ' ਦਾ ਨਾਮ ਦਿੱਤਾ ਗਿਆ ਹੈ। ਅੱਗੋਂ ਇਸ ਥਿਊਰੀ ਦੇ ਵੀ ਕਈ ਰੂਪਾਂਤਰ ਹਨ।
17. ਸੇਖੋਂ, ਸੰਤ ਸਿੰਘ : ਪਰਵੇਸ਼ : *ਪੰਜਾਬੀ ਉੱਤੇ ਹੋਰ ਭਾਸ਼ਾਵਾਂ ਦਾ ਪ੍ਰਭਾਵ*, ਮਹਿਕਮਾ ਪੰਜਾਬੀ, ਪਟਿਆਲਾ, 1956
18. ਚੀਮਾ, ਬਲਦੇਵ ਸਿੰਘ (ਡਾ.) ਪੰਜਾਬੀ ਵਾਕ-ਵਿਉਂਤ : ਕੁਝ ਪੱਖ, *ਪੰਜਾਬੀ ਭਾਸ਼ਾ ਦਾ ਅਧਿਆਪਨ* : ਬਾਰ੍ਹਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994
19. ਪ੍ਰੋ. ਪੂਰਨ ਸਿੰਘ ਦੇ ਵਿਸ਼ੇਸ਼ ਸ਼ਬਦ-ਭੰਡਾਰ ਲਈ ਵੇਖੋ ਡਾ. ਤਰਲੋਕ ਸਿੰਘ ਅਨੰਦ, *ਪ੍ਰੋ. ਪੂਰਨ ਸਿੰਘ ਦੀ ਕਾਵਿ-ਪ੍ਰਤਿਭਾ*, ਪੰਨਾ 150, ਚੇਤਨਾ ਪ੍ਰਕਾਸ਼ਨ 2004
20. ਸਿੰਘ, ਸੁਰਿਦਰਪਾਲ (ਡਾ.) *ਆਰੰਭਕ ਸ਼ਬਦ, ਪਰਵਾਸੀ ਪੰਜਾਬੀ ਕਹਾਣੀ*, ਗੁਰੂ ਨਾਨਕ ਦੇਵ ਯੂਨੀਵਰਸਿਟੀ, 1995

jagjitsbrar@yahoo.com

[280 Southern Hills, Rio Vista, CA 94571-2177, USA]

ਪ੍ਰਗਤੀਸ਼ੀਲ ਆਕਾਂਕਸ਼ਾ ਅਤੇ ਸਿੱਖ ਸਾਹਿਤ ਦੀ ਪ੍ਰਾਪਤੀ

ਸੁਰਜੀਤ ਹਾਂਸ

ਜਨਮ ਸਾਖੀ ਸਾਹਿਤ-ਰੂਪ ਦੋ ਹਜ਼ਾਰ ਸਾਲ ਪੁਰਾਣਾ ਹੈ; ਇਹ ਵਿਚਾਰਧਾਰਾ ਨੂੰ ਰਚਨਾ ਵਿਚ ਨਿਭਾਉਣ ਦੀ ਸਫਲ ਵਿਧਾ ਹੈ। ਜਾਤਕ ਜਾਂ ਜਨਮ ਸਾਖੀ ਦਾ ਉਦੇਸ਼ ਇਹ ਦੱਸਣਾ ਹੈ ਕਿ ਮਹਾਤਮਾ ਬੁੱਧ ਜਾਂ ਬਾਬੇ ਨਾਨਕ ਦੇ ਜਨਮ ਨਾਲ ਦੁਨੀਆਂ 'ਚ ਕੀ ਫ਼ਰਕ ਪਿਆ।

ਜਾਤਕ ਅਤੇ ਜਨਮਸਾਖੀ ਦੀ ਸ-ਰਚਨਾ ਵਿਚ ਫ਼ਰਕ ਹੈ। ਬੁੱਧ ਦਾ ਹੋਰਾਂ ਧਰਮਾਂ ਦੇ ਪੀਰਾਂ ਫ਼ਕੀਰਾਂ ਨਾਲ ਵਾਹ ਨਹੀਂ ਸੀ ਕਿਉਂਕਿ ਧਰਮ ਅਜੇ ਪੈਦਾ ਨਹੀਂ ਹੋਏ ਸੀ। ਨਿਰਵਾਣ ਪ੍ਰਾਪਤੀ ਤੋਂ ਪਹਿਲੇ ਜਨਮਾਂ ਵਿਚ ਵੀ ਉਹ ਹਰ ਭਾਂਤ ਦੇ ਬੰਦਿਆਂ ਲਈ ਕਰੁਣਾਮਈ ਸੀ। ਇਸ ਕਰਕੇ ਜਾਤਕ ਦੀ ਸ-ਰਚਨਾ ਕਥਾਨਕ-ਵਿਚ-ਕਥਾਨਕ ਦੀ ਹੈ। ਬਾਬੇ ਨਾਨਕ ਨੇ ਹਿੰਦੂ ਮੁਸਲਿਮ ਧਰਮਾਂ 'ਤੇ ਆਤਮਿਕ ਚੜ੍ਹਤ ਵਿਖਾਉਣੀ ਸੀ, ਇਸ ਲਈ ਜਨਮਸਾਖੀ ਦੀ ਸ-ਰਚਨਾ ਜੰਗਮ-ਭਾਵੀ ਹੈ।

ਜਨਮਸਾਖੀ ਵਿਧਾ ਆਪਣੀ ਧਾਰਮਿਕ ਵਿਚਾਰਧਾਰਾ ਨਾਲ ਇੰਨੀ ਪ੍ਰਤਿਬੱਧ ਹੈ ਕਿ ਇਹਦੀ ਗ਼ੈਰਹਾਜ਼ਰੀ ਵਿਚ ਫ਼ੇਲ ਹੋ ਜਾਂਦੀ ਹੈ। ਇਤਿਹਾਸਕ ਉਦਾਹਰਣ ਹੈ ਕਿ 377 ਪੂਰਵ ਈਸਾ ਬੋਧੀਆਂ ਦੀ ਵੈਸ਼ਾਲੀ 'ਚ ਕਾਨਫਰੰਸ ਹੋਈ ਜਿੱਥੇ ਉਹ ਹੀਨਯਾਨ ਅਤੇ ਮਹਾਯਾਨ 'ਚ ਵੰਡੇ ਗਏ ਅਤੇ ਉਹਨਾਂ ਪਹਿਲਾ ਕੰਮ ਜਾਤਕ ਨੂੰ ਪਾੜਣ ਦਾ ਕੀਤਾ, ਆਪਣੇ ਆਪਣੇ ਅਨੁਸਾਰ।

ਸਾਡੇ ਕੋਲ ਸਭ ਤੋਂ ਪੁਰਾਣੀ ਜਨਮਸਾਖੀ ਜਾਤਕਮਾਲਾ ਹੈ ਜਿਹੜੀ ਦੂਸਰੀ ਸਦੀ ਈਸਵੀ ਦੀ ਹੈ। ਇਹਦੇ ਪਹਿਲੇ ਪੈਰੇ ਵਿਚ ਜਨਮਸਾਖੀ ਦਾ ਉਦੇਸ਼ ਦੱਸਿਆ ਹੈ: 1. ਭਾਗਵਤ ਦੇ ਆਤਮਿਕ ਕਾਰਨਾਮਿਆਂ ਦਾ ਵਰਣਨ 2. ਗ੍ਰੰਥ ਅਤੇ 3. ਪਰੰਪਰਾ ਅਨੁਸਾਰ ਕਰਨਾ। ਅਸੀਂ ਜਨਮਸਾਖੀਆਂ ਨੂੰ ਇਸੇ ਕਸਵੱਟੀ ਤੋਂ ਪਰਖ ਸਕਦੇ ਹਾਂ। ਨਾਲੇ ਇਹ ਸਾਨੂੰ ਜਨਮਸਾਖੀ ਨੂੰ ਈਸਾਈ ਸੰਤ-ਮਹਿਮਾ hagiography ਤੋਂ ਵੱਖਰੀ ਕਰਨ 'ਚ ਸਹਾਈ ਹੋਵੇਗੀ। ਸੰਤ-ਮਹਿਮਾ ਵਿਚ ਉਪਰੋਕਤ ਕਸਵੱਟੀ ਦੇ ਅੰਸ਼ ਨਹੀਂ ਹੁੰਦੇ।

ਜਨਮਸਾਖੀਆਂ ਵਿਚ ਨਾਨਕਪੰਥੀਆਂ ਉੱਤੋਂ ਕਲਯੁਗ ਦਾ ਪ੍ਰਭਾਵ ਉੱਡ ਗਿਆ ਹੈ। ਗੁਰਿਆਈ ਦੀ ਪ੍ਰਕਿਰਤੀ 'ਤੇ ਚਰਚਾ ਹੈ। ਗੁਰਗੱਦੀ ਦਾ ਵਰਣਨ, ਸੰਪਰਦਾਇਕ ਹਿੱਤ ਅਤੇ ਸਿਆਸੀ ਰਵੱਯੀਆ ਹੈ।

ਆਦਿ ਸਾਖੀਆਂ ਕੋਈ ਸਨ 1600 ਨੇੜੇ ਲਿਖੀ ਗਈ। ਬਾਬਾ ਮੁਸਲਮਾਨ ਫ਼ਕੀਰਾਂ ਨਾਲ ਮੱਕੇ ਨੂੰ ਜਾਂਦਾ ਹੈ। ਉਹ ਬਾਬੇ ਨੂੰ ਨਾਲ ਨਹੀਂ ਰਲਾਉਂਦੇ। ਬਾਬਾ ਉਹਨਾਂ ਨਾਲੋਂ ਪਹਿਲਾਂ ਮੱਕੇ ਪਹੁੰਚਿਆ ਹੁੰਦਾ ਹੈ। ਫ਼ਕੀਰਾਂ ਦਾ ਗਿਲਾ ਹੈ-'ਹਿੰਦੂ ਕੀ ਇਹ ਮਜਾਲ'। ਨਾਲ ਹੀ ਜਨਮਸਾਖੀ ਵਿਦਰੋਹੀ ਸੁਰ ਨੂੰ ਇਹ ਕਹਿ ਕੇ ਲੁਕੋਂਦੀ ਹੈ ਕਿ ਮੁਗ਼ਲ ਹਕੂਮਤ 'ਥਿੱਸੇਗੀ ਨਹੀਂ'।

ਮਿਹਰਬਾਨ ਜਨਮਸਾਖੀ ਵਿਚ ਗੁਰਿਆਈ ਦੀ ਪ੍ਰਕਿਰਤੀ 'ਤੇ ਚਰਚਾ ਹੈ। ਬਾਬਾ ਨਾਨਕ ਗੁਰੂ ਤੋਂ ਬਿਨਾਂ ਆਪ ਗੁਰੂ ਕਿਵੇਂ ਹੋ ਗਿਆ ? ਇਹ ਨਯਾਯ ਦੀ ਮੰਗ ਹੈ। ਮਿਹਰਬਾਨ ਅਨੁਸਾਰ ਬਾਬੇ ਨੂੰ ਗੁਰਿਆਈ ਪਰਮਾਤਮਾ ਨੇ ਦਿੱਤੀ ਹੈ-ਜਿਵੇਂ ਮੈਂ ਪੂਰਨ ਪਰਮੇਸ਼ਰ ਹਾਂ ਇੰਝੇ ਤੂੰ ਪੂਰਨ ਗੁਰੂ ਹੋਇਆ। ਮਿਹਰਬਾਨ ਦੀ ਉੱਦਾਤ ਸਮਾਨ ਸਾਹਿਤਕ ਦਲੀਲ ਹੈ, ਜਦੋਂ ਕਲਯੁਗ ਬਾਬੇ ਨੂੰ ਕਹਿੰਦਾ ਹੈ ਕਿ ਤੇਰਾ

ਗੁਰੂ ਤੇਰੇ ਤੋਂ ਹੋਵੇਗਾ, ਜਿਸ ਨਾਲ ਗੁਰੂ ਅੰਗਦ ਬਾਬੇ ਦੇ ਪੂਰਵ-ਮ੍ਰਿਤੂ ਦਿਨਾਂ ਵਿਚ ਉਹਦਾ ਗੁਰੂ ਹੋ ਜਾਂਦਾ ਹੈ। ਇਹਦੀ ਪੋ੍ੜਤਾ *ਬੀ-40 ਚਿਤਰਾਵਲੀ* 'ਚ ਹੁੰਦੀ ਹੈ। ਚਿਤਰਾਵਲੀ 'ਚ ਬਾਬੇ ਦਾ ਆਸਣ ਹੋਰ ਪਾਤਰਾਂ ਨਾਲੋਂ ਐਨ ਉੱਚਾ ਹੁੰਦਾ ਹੈ, ਕਬੀਰ ਸਾਹਿਬ ਨਾਲੋਂ ਰਤਾ ਕੁ। ਪਰ ਗੁਰੂ ਅੰਗਦ ਦੀ ਗੱਦੀ ਨਸ਼ੀਨੀ ਮਗਰੋਂ ਰਤਾ ਨੀਵਾਂ। ਅੱਗੇ, ਆਤਮਿਕ ਪੰਛੀ ਦੀ ਉਡਾਰੀ ਬਾਬੇ ਦੇ ਪਾਸੇ ਤੋਂ ਹੋਰਾਂ ਵੱਲ ਨੂੰ ਹੁੰਦੀ ਸੀ, ਹੁਣ ਗੁਰੂ ਅੰਗਦ ਤੋਂ ਬਾਬੇ ਵੱਲ ਨੂੰ ਹੈ।

ਮਿਹਰਬਾਨ ਜਨਮਸਾਖੀ ਗੁਰੂ ਅਰਜਨ ਨੂੰ ਗੁਰੂ ਨਹੀਂ ਮੰਨਦੀ ਸਗੋਂ ਆਪਣੀ ਮੀਣਾ ਗੁਰ ਪ੍ਰਨਾਲੀ ਚਲਾ ਲੈਂਦੀ ਹੈ। 'ਸੁਲਹੀ' ਆਦਿ ਰਾਹੀਂ ਸਰਕਾਰ ਨਾਲ ਸਾਜ਼ ਬਾਜ਼ ਕਰਨ ਵਾਲੀ ਮਿਹਰਬਾਨ ਸੰਪਰਦਾਯ ਦੀ ਕਿਰਤ ਵਿਚ ਮੁਗ਼ਲ ਸਾਮਰਾਜ ਪ੍ਰਤੀ ਕਿਸੇ ਰਵੱਯੀਏ ਦਾ ਉੱਲੇਖ ਨਹੀਂ।

ਬਾਲਾ ਜਨਮਸਾਖੀਆਂ ਤਾਂ ਜਨਮਸਾਖੀ ਦਾ ਪਹਿਲਾ ਉਦੇਸ਼ - ਭਾਗਵਤ ਦੇ ਆਤਮਿਕ ਕਾਰਨਾਮਿਆਂ ਦਾ ਵਰਣਨ - ਹੀ ਪੂਰਾ ਨਹੀਂ ਕਰਦੀਆਂ। ਇਹ ਬਾਬੇ ਨਾਨਕ ਦੀ ਨਿੰਦਾ ਕਰਦੀਆਂ ਹਨ। ਸਾਡੇ ਸਬੁੱਧ ਸੰਪਾਦਕ ਮੰਝੋਤ ਦੀ ਸਾਖੀ ਕੱਟ ਦਿੰਦੇ ਹਨ ਜਦੋਂ ਗੱਲ ਵਿਭਚਾਰ ਵੱਲ ਜਾਂਦੀ ਲਗਦੀ ਹੈ।

ਗਿਆਨ ਰਤਨਾਵਲੀ ਉਦਾਸੀ ਕਿਰਤ ਹੈ। ਇਹ ਸਨਾਤਨੀ ਗੁਰ ਪ੍ਰਨਾਲੀ ਨੂੰ ਆਤਮਿਕ ਜੋਤ ਦੀ ਏਕਤਾ ਰਾਹੀਂ ਨਹੀਂ ਸਗੋਂ ਗਿਆਨ ਦੇ ਆਧਾਰ 'ਤੇ ਮੰਨਦੀ ਹੈ। ਗੁਰੂ ਅੰਗਦ ਦੇ ਪੈਰ 'ਤੇ ਜ਼ਖ਼ਮ ਹੈ ਜਿਹੜਾ ਉਹਨਾਂ ਨੂੰ ਮਜਬੂਰਨ ਨਾਮ ਵੱਲ ਰੁਚਿਤ ਰਖਦਾ ਹੈ। ਉਹਨਾਂ ਦੀ ਗੁਰਿਆਈ ਦਾ ਆਧਾਰ ਗਿਆਨ ਹੈ। ਹਰ ਗਿਆਨਵਾਨ (ਜਿਵੇਂ ਉਦਾਸੀ ਹਨ) ਗੁਰਿਆਈ ਦਾ ਅਧਿਕਾਰ ਰਖਦਾ ਹੈ।

ਸਨਾਤਨੀ ਸਿੱਖ ਜਨਮ ਸਾਖੀ *B-40* ਹੈ। ਇਸਦੇ ਵਿਚ ਬਾਬਾ ਪਾਰਬ੍ਰਹਮ ਨਾਲ ਸ-ਦੇਹ ਮੁਲਾਕਾਤ ਕਰਦਾ ਹੈ। ਮਿਹਰਬਾਨ ਜਨਮ ਸਾਖੀ ਵਾਂਗੂੰ ਬਾਬੇ ਦਾ ਗੁਰੂ ਪਾਰਬ੍ਰਹਮ ਪ੍ਰਤੀਤ ਹੁੰਦਾ ਹੈ। ਇਸੇ ਗੱਲ ਦੀ ਸ਼ਾਨਦਾਰ ਪੁਸ਼ਟੀ ਆਲਮ ਚੰਦ ਰਾਜ ਦੀ *ਚਿਤਰਾਵਲੀ* ਕਰਦੀ ਹੈ। ਨਿਰੰਕਾਰ ਨਾਲ ਮੇਲ ਤੋਂ ਪਹਿਲਾਂ ਬਾਬੇ ਦੀ ਦਾੜ੍ਹੀ ਕਾਲੀ ਹੈ। ਨਿਰੰਕਾਰ ਦੇ ਮਹਲ ਨੰ: 28 'ਚ ਬਾਬੇ ਦੀ ਦਾੜ੍ਹੀ ਕਰੜਬਰੜੀ ਹੋ ਜਾਂਦੀ ਹੈ। ਸਿੱਖ ਕਲਾ ਵਿਚ ਕੇਵਲ ਆਲਮ ਚੰਦ ਰਾਜ ਹੀ 'ਬਾਬਾ' ਸ਼ਬਦ ਹੀ ਚੈਤਰਿਕ ਵਿਆਖਿਆ ਕਰਦਾ ਹੈ - ਬਾਬਾ ਉਹ ਜੋ ਨਿਰੰਕਾਰ ਨੂੰ ਮਿਲਿਆ ਹੋਵੇ।

B-40 ਵਿਚ ਸਿੱਖਾਂ ਉੱਤੇ ਕਲਿਜੁਗ ਦਾ ਅਸਰ ਨਹੀਂ। ਇਹਦੇ ਵਿਚ ਸਨਾਤਨੀ ਗੁਰਪ੍ਰਨਾਲੀ ਦਾ ਇਥੋਂ ਤਕ ਸਮਰਥਨ ਹੈ ਕਿ ਚਿਤਰਾਵਲੀ ਵਿਚ ਖਾਲਸਾ ਸਾਜਣ ਦਾ ਚੈਤਰਿਕ ਸਮਰਥਨ ਹੈ। ਵੇਖੋ ਨੰ: 11, 26, 51। 'ਬਾਬੇ ਦਾ ਇਕ ਸਿੱਖ ਨਾਲ ਮੇਲ' ਸਾਖੀ ਨਾਲ ਲਗਦੀ ਤਸਵੀਰ ਖਾਲਸਈ ਸਿੱਖ ਦੀ ਹੈ।

B-40 ਦੀ ਚਿਤਰਾਵਲੀ ਜਨਮਸਾਖੀ ਦੀ ਪਰੋੜਤਾ ਕਰਦੀ ਹੋਈ ਜੁਗਤ ਦੇ ਪੱਖੋਂ ਇਸ ਤੋਂ ਅੱਗੇ ਜਾਂਦੀ ਹੈ। ਪਹਿਲੀ ਗੱਲ ਤਾਂ ਇਹ ਕਿ ਗਲਪ ਵਿਚ ਵਿਚਾਰਧਾਰਾ ਨਿਭਾਉਣ ਦੀ ਨਕਲ ਚਿਤਰਕਾਰੀ 'ਚ ਨਹੀਂ ਹੋ ਸਕਦੀ। ਚਿਤਰਕਾਰੀ ਨੂੰ ਵਿਚਾਰਧਾਰਾ ਨਿਭਾਉਣ ਲਈ ਆਪਣੀ ਜੁਗਤ ਪੈਦਾ ਕਰਨੀ ਪਏਗੀ।

ਆਲਮ ਚੰਦ ਰਾਜ ਦੀ ਤਸਵੀਰਕਸ਼ੀ ਵਿਚ ਕਈ ਵਾਰ ਚਿਤਰ ਦੇ ਦੋ ਸ-ਤਰ (ਲੈਵਲ) ਹੁੰਦੇ ਹਨ। ਉਤਲਾ ਅਧਿਆਤਮਕ, ਥੱਲੜਾ ਲੌਕਿਕ। ਚਿਤਰ ਨੰ: 1 ਵਿਚ ਪਾਧੇ ਦੀ ਪੀਠ ਦਾ ਪਾਵਾ ਸ਼ਿਸ਼ਾਂ ਦੇ ਜਗਤ ਵਿਚ ਖੁੱਭਿਆ ਹੈ। 'ਬਾਬੇ ਤਪ ਅਰੰਭਿਆ' ਨੰ: 18 ਵਿਚ ਲੋਕ ਪ੍ਰਲੋਕ ਦਾ ਕੋਈ ਜੋੜ ਨਹੀਂ, ਅਰਥਾਤ ਬਾਬਾ ਭਾਵੇਂ ਲੌਕਿਕ ਪ੍ਰਤੀਤ ਹੁੰਦਾ ਸੀ, ਉਹ ਤਾਂ ਆਪ ਅਧਿਆਤਮ ਸੀ। ਤਾਂ ਹੀ

ਮਰਦਾਨਾ ਰਬਾਬ ਸਿੱਟ ਦਿੰਦਾ ਹੈ।

ਆਲਮ ਚੰਦ ਰਾਜ ਦੀ ਜੁਗਤ ਦੇ ਕਈ ਅੰਸ਼ ਹਨ। ਨਾਮ ਨੂੰ ਬਾਣੀ ਰਤਨ ਕਹਿੰਦੀ ਹੈ, ਰਤਨ ਲਾਲ ਹੁੰਦਾ ਹੈ। ਮਰਦਾਨਾ ਦਾ ਵਸਤਰ ਹਮੇਸ਼ਾ ਲਾਲ ਹੁੰਦਾ ਹੈ। ਜੇ ਕਿਸੇ ਮੁਸਲਮਾਨ ਫ਼ਕੀਰ 'ਤੇ ਬਾਬੇ ਦਾ ਰੂਹਾਨੀ ਅਸਰ ਹੋ ਰਿਹਾ ਹੈ ਤਾਂ ਉਹਦੇ ਅੱਧੇ ਕੱਪੜੇ ਲਾਲ, ਅੱਧੇ ਨੀਲੇ ਵਿਖਾਈ ਦਿੰਦੇ ਹਨ। ਜਿਸ ਦਾ ਪੂਰਨ ਪਰਿਵਰਤਨ ਹੋਇਆ ਹੈ ਉਹ ਨੰ: 7 ਵਿਚ ਸਾਰਾ ਲਾਲ ਹੈ। ਇਹੀ ਚੀਜ਼ ਸਿੱਧਾਂ, ਤ੍ਰਿਆ ਰਾਜ ਦੀਆਂ ਔਰਤਾਂ, ਰਾਖਸ਼ ਵਿਚ ਨਜ਼ਰ ਆਉਂਦੀ ਹੈ।

ਦੂਸਰੀ ਜੁਗਤ ਸ-ਤਰ ਦੀ ਹੈ। ਬਾਬੇ ਦਾ ਸ-ਤਰ ਕਬੀਰ ਸਾਹਿਬ ਦੇ ਲੈਵਲ ਨਾਲੋਂ ਰਤਾ ਕੁ ਉੱਚਾ ਹੈ। ਧਿਆਨ ਨਾਲ ਵੇਖਣ ਤੋਂ ਮਗਰੋਂ ਮਿਣਕੇ ਪੁਸ਼ਟੀ ਕਰਨੀ ਪੈਂਦੀ ਹੈ। ਚਿਤਰ ਨੰ: 31 ਕਹਿ ਰਿਹਾ ਹੈ ਕਿ ਬਾਬੇ ਨਾਨਕ ਅਤੇ ਕਬੀਰ ਸਾਹਿਬ ਦਾ ਕੋਈ ਉਨੀ ਇੱਕੀ ਦਾ ਫ਼ਰਕ ਸੀ, ਅਸਲ ਤਾਂ ਇਸ ਤੋਂ ਵੀ ਥੋੜ੍ਹਾ। ਕਬੀਰ ਸਾਹਿਬ ਦੇ ਸਿਰ 'ਤੇ ਵੀ ਬਾਬੇ ਵਾਂਗੂੰ ਆਤਮਿਕ ਅਧਿਰਾਜਗੀ ਦਾ ਛਤਰ ਹੈ। ਮਰਦਾਨਾ ਕਬੀਰ ਧਿਰ ਤੋਂ ਬਾਬਾ-ਮੁੱਖ ਹੈ। ਇਕ ਪੰਛੀ ਕਬੀਰ ਸਾਹਿਬ ਵੱਲੋਂ ਬਾਬੇ ਨਾਨਕ ਨੂੰ ਮੁੜਵਾਂ ਤਕਦਾ ਹੈ। ਚੈਤਰਿਕ ਜੁਗਤ ਦੇ ਹੋਰ ਵੇਰਵੇ ਚਿਤਰਾਵਲੀ ਦੀ ਭੂਮਿਕਾ 'ਚ ਸੁ-ਲੱਭ ਹਨ।

ਇਕੋ ਚਿਤਰ ਵਿਚ ਵਿਚਾਰਧਾਰਾ ਦੀ ਚੈਤਰਿਕ ਜੁਗਤ ਦਰਸਾਈ ਨਹੀਂ ਜਾ ਸਕਦੀ। ਇਹ ਤਾਂ ਚਿਤਰਾਵਾਲੀ ਹੀ ਚਿੱਤਰਾਂ ਦੇ ਆਪਸੀ ਮੁੱਲਾਂਕਣ ਨਾਲ ਦਰਸ਼ਕ ਨੂੰ ਜੁਗਤ ਦਾ ਭੇਤ ਦੇ ਸਕਦੀ ਹੈ। ਇਸੇ ਕਰਕੇ ਸਾਰੇ ਚਿਤਰ ਸ਼ੋ੍ਸ਼ਟ ਨਹੀਂ ਹੋ ਸਕਦੇ। ਕੇਵਲ ਕੁਝ ਕੁ ਉੱਦਾਤ ਦੇ ਨਮੂਨੇ ਬਣਦੇ ਹਨ - ਜਿਵੇਂ ਬਾਬੇ ਤਪ ਅਰੰਭਿਆ ਨੰ: 18, ਬਾਬਾ ਨਾਨਕ ਨਿਰੰਕਾਰ ਦੇ ਮਹਲ ਨੰ: 28, ਬਾਬਾ ਨਾਨਕ ਭਗਤ ਕਬੀਰ ਨਾਲ ਨੰ: 31, ਬਾਬਾ ਨਾਨਕ ਗੁਰੂ ਅੰਗਦ ਨੰ: 54, ਸਾਖੀ ਚਲਾਣੇ ਦੀ ਨੰ: 57।

ਇੰਝ ਸਿੱਖ ਗਲਪ ਵਿਚ ਵਿਚਾਰਧਾਰਾ ਰਚਨਾ ਦੀ ਸਵੈ-ਨਿਯਮਤਾ autonomy ਨੂੰ ਖਤਮ ਨਹੀਂ ਕਰਦੀ ਸਗੋਂ ਸਵੈਨਿਯਮਤਾ ਕਾਇਮ ਰਖਦੀ ਹੋਰਾਂ ਕਲਾਕਾਰਾਂ ਦੇ ਮੁਕਾਬਲੇ ਵਿਚ ਜ਼ਿਆਦਾ ਜ਼ਿੰਮੇਵਾਰੀ ਚੁੱਕਣ ਨੂੰ ਕੁਸ਼ਲ ਹੈ। ਅਜਿਹੀ ਕਾਮਯਾਬੀ ਜੇ ਕਿਤੇ ਚਿਤਰਕਾਰੀ ਦੇ ਖੇਤਰ ਵਿਚ ਹੋਈ ਹੋਵੇ ਤਾਂ ਮੈਨੂੰ ਉਹਦਾ ਗਿਆਨ ਨਹੀਂ।[1]

ਸਵੈਨਿਯਮਤਾ ਅਤੇ ਵਿਚਾਰਧਾਰਾ ਦਾ ਵਿਰੋਧ ਅੰਗਰੇਜ਼ੀ (ਯੋਰਪੀ) ਕਲਾ ਦੀ ਸਮੱਸਿਆ ਹੈ, ਸਾਡੀ ਦਾ ਨਹੀਂ। ਸਾਡੇ ਵਿਦਵਾਨਾਂ ਦੀ ਜਾਣਕਾਰੀ ਅੰਗਰੇਜ਼ੀ ਭਾਸ਼ਾ 'ਤੇ ਨਿਰਭਰ ਹੈ ਜਿਹਨਾਂ ਨੇ ਬੇਗਾਨੀ ਸਮੱਸਿਆ ਅਪਣਾ ਲਈ ਹੈ। ਦੂਸਰੇ, ਪੰਜਾਬੀ ਸਾਹਿਤ ਦਾ ਅਧਿਐਨ ਵਧੇਰੇ ਕਰਕੇ ਅੰਗਰੇਜ਼ੀ ਕਾਲ ਦਾ ਹੈ ਜਿਸਨੇ ਉਪਰੋਕਤ ਅਣਗਹਿਲੀ ਨੂੰ ਪੱਕਾ ਕੀਤਾ ਹੈ। ਇਹੀ ਹਾਲ ਰਾਜਨੀਤੀ ਵਿਗਿਆਨ ਦਾ ਹੈ ਜਿਸਨੂੰ ਪੂਰਬ-ਅੰਗਰੇਜ਼ ਕਾਲ ਦੀਆਂ ਪੰਜਾਬੀ/ਹਿੰਦੀ ਵਿਚ ਰਾਜਨੀਤਕ ਰਚਨਾਵਾਂ ਨਾਲ ਵਾਕਫ਼ੀਅਤ ਨਹੀਂ ਭਾਵੇਂ ਸਾਡੀ ਅੱਜੋਕੀ, ਵਰਤਮਾਨ ਸਿਆਸਤ ਨੂੰ ਸਮਝਣ ਲਈ ਉਹ ਵਧੇਰੇ ਸਹਾਈ ਹਨ।[2]

ਪ੍ਰਗਤੀਸ਼ੀਲ ਸਾਹਿਤ ਦਾ ਵਿਚਾਰ ਕਾਹਲ ਦੀ ਉਪਜ ਹੈ। ਲੈਨਿਨ ਇਹਦਾ ਵਿਰੋਧੀ ਸੀ, ਸਣੇ ਟਰਾਟਸਕੀ, ਬੁਖਾਰਿਨ ਦੇ।[3] ਇਹੀ ਹਾਲ ਸਮਾਜਵਾਦੀ ਯਥਾਰਥਵਾਦ (Socialist realism) ਦਾ ਹੈ। 'ਇਨਕਲਾਬੀ ਸਮੇਂ ਦੀ ਕਲਾ ਆਪਣੇ ਵਿਸ਼ੇ ਵਿਚਾਰਾਂ ਕਾਰਨ ਇਨਕਲਾਬੀ ਹੁੰਦੀ ਹੈ ਨਾ ਕਿ ਕਿਸੇ ਰੂਪ ਜਾਂ ਸ਼ੈਲੀ ਕਾਰਨ'। 'ਇਨਕਲਾਬ ਸਦਕੇ ਨਵੇਂ ਰਾਜਸੀ ਮੰਤਵ, ਨਵੀਆਂ ਸਮਾਜੀ ਸੰਸਥਾਵਾਂ,

ਅਤੇ ਨਵਾਂ ਕਾਨੂੰਨ ਤਾਂ ਸ਼ੁਰੂ ਹੋ ਜਾਂਦਾ ਹੈ ਪਰ ਨਵਾਂ ਸਮਾਜ ਪੈਦਾ ਨਹੀਂ ਹੋਇਆ ਹੁੰਦਾ ਜਿਸਦੀ ਆਪਣੀ ਆਵਾਜ਼ ਸੁਣਾਈ ਦਿੰਦੀ ਹੋਵੇ।[4] ਇੰਝ ਪ੍ਰਗਤੀਸ਼ੀਲ ਆਕਾਂਖਾ ਨੂੰ ਸਮਾਜਵਾਦ ਦੀ ਪ੍ਰਾਪਤੀ ਸਮਝਕੇ, ਪੂਰਬਕਾਲ ਇਹਦੀ ਸ਼ੈਲੀ ਦੀ ਉਪਜ ਦਾ ਐਲਾਨ ਕਰ ਦਿੰਦੇ ਹਨ, ਜਿਹੜੀ ਆਦਰਸ਼ਵਾਦ (ਕੱਚ) ਦੀ ਬੁਨਿਆਦ ਬਣ ਜਾਂਦੀ ਹੈ।

ਸਮਾਜਵਾਦੀ ਯਥਾਰਥਵਾਦ ਦਾ ਆਧਾਰ ਹੈ ਕਿ ਕਿਸੇ ਕਲਾ ਕ੍ਰਿਤੀ ਦੇ ਪ੍ਰਸ਼ੰਸਕ ਵਰਤਮਾਨ ਦੀ ਸੰਖਿਆ ਤਕ ਸੀਮਤ ਰਹਿੰਦੇ ਹਨ ਅਤੇ ਇਹਨਾਂ ਵਿਚ ਵਾਧਾ (ਘਾਟਾ) ਨਹੀਂ ਹੋ ਸਕਦਾ। ਗਲਪ ਦੇ ਖੇਤਰ ਵਿਚ ਲੋਕਾਂ ਨੂੰ ਸਮਝ ਆਉਂਦੀ ਗੱਲ ਲਈ ਅਨੁਮਾਨ ਹੈ, Tabloids ਦੀ ਭਾਸ਼ਾ ਨੂੰ ਮੁਸਤਨਿਦ ਮਿਥਿਆ ਜਾ ਸਕਦਾ ਹੈ। ਲੱਖਾਂ ਆਦਮੀ ਏਸ ਪੱਧਰ ਨੂੰ ਵੀ ਨਹੀਂ ਪਹੁੰਚਦੇ ਹੋਣਗੇ। ਸੁੱਖ ਨਾਲ, ਪੰਜਾਬੀ ਵਿਚ ਤਾਂ ਟੇਬਲਾਇਡ ਵੀ ਹੋਂਦ ਵਿਚ ਨਹੀਂ ਆਏ। ਦੂਸਰੇ, ਟੇਬਲਾਇਡ ਦੀ ਭਾਸ਼ਾ ਵਿਚ ਕਿੰਨਾ ਕੁ ਸਾਹਿਤ ਮਿਲਦਾ ਹੈ ?

ਗਰਨੀਕਾ [5] ਦੀ ਸ਼ੈਲੀ ਨੂੰ ਰੂਸੀ ਕਾਮਰੇਡ ਨਿੰਦਦੇ ਰਹੇ, ਭਾਵੇਂ ਪਾਰਟੀ ਮੈਂਬਰ ਪਿਕਾਸੋ ਦੀ ਸਿਆਸਤ ਨੂੰ ਠੀਕ ਕਹਿੰਦੇ ਸੀ। ਗਰਨੀਕਾ ਜੰਗ ਦੀ ਬਰਬਾਦੀ ਵਿਰੁੱਧ, ਸਪੇਨ ਦੀ ਖਾਨਾਜੰਗੀ ਤੋਂ ਲੈ ਕੇ, ਦੂਸਰੀ ਵਿਸ਼ਵ ਲੜਾਈ, ਵੀਅਤਨਾਮੀ ਸੰਘਰਸ਼ ਦੇ ਸਮਿਆਂ ਵਿਚਦੀ ਲੰਘਦੀ, ਅੱਜ ਈਰਾਕ 'ਤੇ ਅਮਰੀਕੀ ਆਕ੍ਰਮਣ ਖਿਲਾਫ਼ ਮਾਨਵਤਾ ਦੀ ਪੁਕਾਰ ਦਾ ਇਕ ਸਦੀ ਤਕ ਚਿੰਨ੍ਹ ਬਣੀ ਰਹੀ ਹੈ। ਇਹਦੇ ਦਰਸ਼ਕਾਂ ਵਿਚ ਵਾਧਾ ਹੁੰਦਾ ਰਿਹਾ। ਕੇਵਲ ਨਿਊਯਾਰਕ ਵਿਚ ਇਕ ਸਮੇਂ ਇਹਦੇ ਸੱਠ ਹਜ਼ਾਰ ਦਰਸ਼ਕ ਸੀ। ਜਿੰਨੀ ਗਰਨੀਕਾ ਲੋਕਾਂ ਤਾਈਂ ਪਹੁੰਚੀ ਹੈ ਉਨੀ ਹੋਰ ਕੋਈ ਕ੍ਰਿਤਿ ਲੋਕਪ੍ਰਿਯ ਨਹੀਂ ਹੋਈ। ਇਹ ਗੱਲ ਸਮਾਜਵਾਦੀ ਯਥਾਰਥਵਾਦ ਨੂੰ ਸੰਦਿਹਮਾਨ ਸਿੱਧ ਕਰਦੀ ਹੈ।[6]

ਰਚਨਾ ਵਿਚ ਵਿਚਾਰਧਾਰਾ ਨੂੰ ਕੋਈ ਵੀ ਨਿਭਾ ਸਕਦਾ ਹੈ, ਕੀ ਸਨਾਤਨੀ ਸਿੱਖ ਧਰਮ, ਕੀ ਅਨਯ-ਮਤੀਏ (ਜਿਵੇਂ ਹੰਦਾਲੀ ***ਜਨਮਸਾਖੀ ਹੰਦਾਲ*** ਵਿਚ ਕਰਦੇ ਹਨ) ਕੀ ਪ੍ਰਗਤੀਵਾਦੀ। ਏਸ ਦ੍ਰਿਸ਼ਟੀ ਤੋਂ ਕਲਾ ਦੀ ਪਰਖ ਵਿਚਾਰ-ਧਾਰਕ, ਪਾਰਟੀ ਬਾਜ਼ੀ ਜਾਂ ਧੜੇ 'ਤੇ ਨਿਰਭਰ ਨਹੀਂ ਰਹਿੰਦੀ ਸਗੋਂ ਆਪਣੀ ਜਾਂ ਬੇਗਾਨੀ ਕੁਸ਼ਲਤਾ ਦਾ ਪੜਤਾਲ ਬਣ ਜਾਂਦੀ ਹੈ। ❑❑

ਹਵਾਲੇ

1. The Jatakmala, Tr. J.S.Speyer, Motilal Banarsidass, Delhi; 1971; ਆਦਿ ਸਾਖੀਆਂ, ਸੰਪ. ਪਿਆਰ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ 1972; ਜਨਮਸਾਖੀ ਭਾਈ ਬਾਲਾ, ਸੰਪ. ਸ.ਸ.ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1975; ਜਨਮਸਾਖੀ ਪਰੰਪਰਾ ਸੰਪ. ਡਾ. ਕਿਰਪਾਲ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969; ਵੱਡੀ ਜਨਮਸਾਖੀ ਸ੍ਰੀ ਗੁਰੂ ਬਾਬਾ ਹੰਦਾਲ ਜੀ, ਜੰਡਿਆਲਾ ਗੁਰੂ (ਅੰਮ੍ਰਿਤਸਰ) 1912; B-40 ਜਨਮਸਾਖੀ ਗੁਰੂ ਬਾਬਾ ਨਾਨਕ ਚਿਤਰਾਵਲੀ, ਸੰਪ. ਸੁਰਜੀਤ ਹਾਂਸ ਗ.ਨ.ਦ. ਯੂਨੀਵਰਸਿਟੀ, ਅੰਮ੍ਰਿਤਸਰ 1967, ਮਗਰੋਂ ਦਾ Pirate Edition, ***ਜਨਮਸਾਖੀ: ਸੰਵਾਦ ਤੇ ਮੁਲੰਕਣ***, ਸ.ਸ. ਸਾਗਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 2001
2. 'ਪੰਜਾਬੀ ਸੱਭਿਆਚਾਰ ਦੀ ਪਛਾਣ ਦਾ ਮਸਲਾ', ਸੁਰਜੀਤ ਹਾਂਸ, ਸਿਰਜਣਾ ਨੰ: 138, ਅਕਤੂਬਰ-ਦਸੰਬਰ 2005
3. A History of Soviet Russia : Socialism in One Country, Vol.1, E.H. Carr, Penguin 1970, 59, 75; Vol II 88-9, 93, 97
4. The Social History of Art, Vol III, Arnold Hauser, Routledge, 1962, 142, 143.
5. GUERNICA : The Biography of a Twentieth Century Icon, Gijs Van Hensbergen, Bloomsbury, 2004, 125

[1038/1, ਸੈਕਟਰ 43-ਬੀ, ਚੰਡੀਗੜ]

ਸਫਰਨਾਮਾ-ਮੇਰੀ ਇੰਗਲੈਂਡ ਯਾਤਰਾ-ਸੰਤੋਖ ਸਿੰਘ ਧੀਰ

(ਆਪਣੀ ਸ਼ੈਲਫ 'ਤੇ ਪਈ ਤੀਹ ਸਾਲ ਪੁਰਾਣੀ ਕਿਤਾਬ ਨਾਲ ਮੁੜ ਮੁਲਾਕਾਤ)

ਸਾਧੂ ਬਿਨਿੰਗ

ਮੈਂ ਸੰਤੋਖ ਸਿੰਘ ਧੀਰ ਦਾ ਸਫਰਨਾਮਾ-ਮੇਰੀ ਇੰਗਲੈਂਡ ਯਾਤਰਾ-ਦੁਬਾਰਾ ਪੜ੍ਹਿਆ ਹੈ। ਪੰਜਾਬੀ ਦਾ ਇਹ ਸ਼੍ਰੋਮਣੀ ਲੇਖਕ ਪੰਜਾਬੀ ਲੇਖਕਾਂ ਦੇ ਸੱਦੇ 'ਤੇ ਜੂਨ 1974 ਤੋਂ ਜੂਨ 1975 ਤਕ ਇਕ ਵਰ੍ਹਾ ਇੰਗਲੈਂਡ ਰਿਹਾ। ਪਹਿਲਾ ਸਫਰਨਾਮਾ ਜੋ ਇੰਗਲੈਂਡ ਹੁੰਦਿਆਂ ਹੀ ਸ਼ੁਰੂ ਕਰ ਲਿਆ ਸੀ, ਉਹ ਉਸ ਨੇ ਆਪ ਹੀ ਰੱਦ ਕਰ ਦਿੱਤਾ ਅਤੇ ਫੇਰ ਦੇਸ ਪਰਤ ਕੇ ਦੁਬਾਰਾ ਲਿਖਿਆ। ਧੀਰ ਦੇ ਕਹਿਣ ਅਨੁਸਾਰ, "ਉਸ ਵਿਚ ਬਹੁਤ ਕੁਝ ਗ਼ਲਤ ਲਿਖ ਦਿੱਤਾ ਸੀ।" ਇਹ ਤਾਂ ਪਤਾ ਨਹੀਂ ਕੀ ਗ਼ਲਤ ਲਿਖਿਆ ਸੀ ਜਿਸ ਕਾਰਨ ਉਹ ਰੱਦ ਕਰਨਾ ਪਿਆ ਤੇ ਇਹ ਨਵਾਂ ਲਿਖਣਾ ਪਿਆ, ਪਰ ਇਕ ਗੱਲ ਸਾਫ ਹੈ ਕਿ ਨਤੀਜੇ ਵਜੋਂ ਇਹ ਸਫਰਨਾਮਾ ਪਾਠਕ ਦੇ ਮਨ ਵਿਚ ਚੰਗੀਆਂ ਸਿਹਤਮੰਦ ਭਾਵਨਾਵਾਂ ਜਗਾਉਣ ਵਾਲੀ ਸਾਂਭਣਯੋਗ ਲਿਖਤ ਬਣ ਗਈ। ਇਸ ਵਿਚ ਧੀਰ ਨੇ ਉਨ੍ਹਾਂ ਥਾਵਾਂ ਤੇ ਲੋਕਾਂ ਦੀ ਕਾਫੀ ਵਿਸਥਾਰ ਵਿਚ ਚਰਚਾ ਕੀਤੀ ਜਿੱਥੇ ਉਹ ਗਿਆ ਜਾਂ ਜਿਨ੍ਹਾਂ ਨੂੰ ਉਹ ਮਿਲਿਆ। ਉਸ ਨੇ ਹਰ ਕਿਸੇ ਬਾਰੇ ਚੰਗੀਆਂ ਚੰਗੀਆਂ ਗੱਲਾਂ ਹੀ ਲਿਖੀਆਂ ਅਤੇ ਜਿੱਥੇ ਕਿਤੇ ਕੋਈ ਅਣਸੁਖਾਵੀਂ ਗੱਲ ਹੋਈ (ਜੋ ਕਈ ਵਾਰੀ ਹੋਈ ਜਾਪਦੀ ਹੈ) ਉਸ ਵਿਚ ਆਪਣਾ ਕਸੂਰ ਜ਼ਿਆਦਾ ਮੰਨਿਆ। ਜੋ ਵੀ ਹੋਇਆ ਹੋਊ, ਉਹਨੂੰ ਭੁਲਾ ਕੇ, ਇਹ ਕਹਿਣਾ ਬਣਦਾ ਹੈ ਕਿ ਇਹ ਸਫਰਨਾਮਾ ਪਾਠਕ ਨੂੰ ਇੰਗਲੈਂਡ ਵਸਦੇ ਪੰਜਾਬੀ ਲੋਕਾਂ ਬਾਰੇ, ਇੰਗਲੈਂਡ ਬਾਰੇ ਅਤੇ ਧੀਰ ਬਾਰੇ ਵੀ ਚੰਗਾ ਚੰਗਾ ਮਹਿਸੂਸ ਕਰਾਉਂਦਾ ਹੈ। ਇਸ ਲਿਖਤ ਦੀ ਇਹ ਪ੍ਰਾਪਤੀ ਹੈ।

ਸੱਤਰਵਿਆਂ ਦੇ ਮੱਧ 'ਚ ਲਿਖੇ ਇਸ ਸਫਰਨਾਮੇ ਨੇ ਨਿਰਸੰਦੇਹ ਬਹੁਤ ਸਾਰੇ ਪੰਜਾਬੀ ਪਾਠਕਾਂ ਲਈ ਇੰਗਲੈਂਡ ਬਾਰੇ ਕਈ ਕੁਝ ਨਵਾਂ ਪੇਸ਼ ਕੀਤਾ ਹੋਵੇਗਾ। ਉਨ੍ਹਾਂ ਵਿਚੋਂ ਕਈਆਂ ਨੇ ਧੀਰ ਦੇ ਨਾਲ ਹੀ ਪਹਿਲੀ ਵਾਰ ਸਮੁੰਦਰ ਦੇ ਦਰਸ਼ਨ ਕੀਤੇ ਹੋਣਗੇ, ਸ਼ੇਕਸਪੀਅਰ ਦੇ ਸਾਦੇ ਜਿਹੇ ਦਿਸਦੇ ਘਰ ਦੀ ਯਾਤਰਾ ਕੀਤੀ ਹੋਵੇਗੀ, ਅਜਾਇਬ ਘਰਾਂ ਅੰਦਰ ਝਾਕਿਆ ਹੋਵੇਗਾ ਅਤੇ ਮਾਰਕਸ ਦੀ ਕਬਰ ਦਾ ਗੇੜਾ ਮਾਰਿਆ ਹੋਵੇਗਾ। ਮੇਰੇ ਲਈ ਜਾਂ ਕਨੇਡਾ ਵਿਚ ਰਹਿੰਦੇ ਕਿਸੇ ਵੀ ਪਾਠਕ ਲਈ ਜਾਣਕਾਰੀ ਪੱਖੋਂ (ਕੁਝ ਲੇਖਕਾਂ ਦੇ ਨਾਵਾਂ ਜਾਂ ਥਾਵਾਂ ਤੋਂ ਬਿਨਾਂ) ਭਾਵੇਂ ਇਸ ਸਫਰਨਾਮੇ ਵਿਚ ਬਹੁਤਾ ਕੁਝ ਨਹੀਂ ਪਰ ਤੀਹ ਸਾਲ ਬਾਅਦ ਇਸ ਨੂੰ ਪੜ੍ਹਨ ਦਾ ਇਕ ਵੱਖਰਾ ਅਨੁਭਵ ਹੁੰਦਾ ਹੈ ਤੇ ਅਨੰਦ ਆਉਂਦਾ ਹੈ। ਇਹ ਗੱਲ ਵੀ ਇਕ ਵੱਖਰਾ ਹੁਲਾਰਾ ਦਿੰਦੀ ਹੈ ਕਿ ਤੀਹ ਵਰ੍ਹੇ ਪਹਿਲਾਂ ਦੇ ਪੰਜਾਬੀ ਲੇਖਕਾਂ ਵਿਚ ਉਹ ਕਿਹੋ ਜਿਹਾ ਨਿੱਘਾ ਜਜ਼ਬਾ ਹੋਵੇਗਾ ਜਿਸ ਅਧੀਨ ਉਨ੍ਹਾਂ ਨੇ ਆਪਣੇ ਇਕ ਲੇਖਕ ਨੂੰ ਪੂਰਾ ਵਰ੍ਹਾ ਇੰਗਲੈਂਡ ਵਿਚ ਸਾਂਭਿਆ, ਫੇਰਿਆ ਤੋਰਿਆ, ਹਰ ਤਰ੍ਹਾਂ ਨਾਲ ਉਸ ਨੂੰ ਰੱਜਵਾਂ ਪਿਆਰ ਤੇ ਸਤਿਕਾਰ ਦਿੱਤਾ। ਹੁਣ ਅਜਿਹਾ ਹੋਣ ਦੀ ਸੰਭਾਵਨਾ ਘੱਟ ਹੈ।

ਚੰਗੇ ਸਾਹਿਤ ਦੀਆਂ ਬਹੁਤ ਸਾਰੀਆਂ ਵੰਨਗੀਆਂ ਜਿਵੇਂ ਕਵਿਤਾ, ਕਹਾਣੀ, ਨਾਵਲ, ਸਮਾਂ ਵਿਹਾਉਣ ਵਾਲੀਆਂ ਨਹੀਂ ਹੁੰਦੀਆਂ। ਸਫਰਨਾਮੇ ਵਿਚ ਬਹੁਤ ਕੁਝ ਅਸਲੀ ਸਮੇਂ ਤੇ ਸਥਾਨ ਨਾਲ ਬੱਝਾ ਹੁੰਦਾ ਹੈ। ਇਸ ਕਰ ਕੇ ਇਸ ਉੱਪਰ ਸਮੇਂ ਦਾ ਵੱਖਰਾ ਅਸਰ ਪੈ ਸਕਦਾ ਹੈ ਅਤੇ ਇਸ ਦੀ ਸਾਰਥਿਕਤਾ ਵਧ ਘਟ ਸਕਦੀ ਹੈ। ਇਸ ਪੱਖੋਂ ਵੀ ਮੈਨੂੰ ਧੀਰ ਦੀ ਇਹ ਲਿਖਤ ਪੜ੍ਹਨੀ ਦਿਲਚਸਪ ਲੱਗੀ ਅਤੇ ਖੁਸ਼ੀ ਭਰੀ ਹੈਰਾਨੀ ਇਹ ਹੋਈ ਕਿ ਮੈਂ ਇਸ ਨੂੰ ਇਕ ਪਾਸਿਓਂ ਸ਼ੁਰੂ ਕਰ ਕੇ ਅਖੀਰ ਤਕ ਪੂਰੀ ਦਿਲਚਸਪੀ ਨਾਲ ਪੜ੍ਹ ਗਿਆ। ਉਸ ਨੇ ਪੰਜਾਬੀ ਸ਼ਬਦਾਂ ਦੀ, ਖਾਸ ਕਰ ਰੰਗਾਂ ਤੇ ਕੁਦਰਤ ਨਾਲ ਸੰਬੰਧਤ ਸ਼ਬਦਾਂ ਦੀ, ਬਹੁਤ ਹੀ ਢੁਕਵੀਂ ਵਰਤੋਂ ਕੀਤੀ ਹੈ। ਧੀਰ ਸ਼ਬਦਾਂ ਪੱਖੋਂ ਪੁੱਜ ਕੇ ਅਮੀਰ ਹੈ ਅਤੇ ਇਸ ਨਾਲ ਪੰਜਾਬੀ ਭਾਸ਼ਾ ਦੀ ਅਮੀਰੀ ਦਾ ਵੀ ਆਪਣੇ ਆਪ ਅਹਿਸਾਸ ਹੁੰਦਾ ਹੈ। ਜਿਸ ਤਰੀਕੇ ਨਾਲ ਧੀਰ ਨੇ ਇੰਗਲੈਂਡ ਦੀ ਹਵਾ, ਮੀਂਹ, ਬੱਦਲ, ਬਰਫ, ਸਮੁੰਦਰ, ਦਰਿਆ, ਪਹਾੜ ਆਦਿ ਬਾਰੇ ਥਾਂ-ਥਾਂ ਵੇਰਵੇ ਦੇ ਕੇ ਗੱਲ ਕੀਤੀ ਹੈ ਉਸ ਨਾਲ ਪਾਠਕ ਇਸ ਸਭ ਕੁਝ ਦੇ ਬੜਾ ਨੇੜੇ ਨੇੜੇ ਮਹਿਸੂਸ ਕਰਦਾ ਹੈ, ਜਿਵੇਂ ਉਹ ਖੁਦ ਉਸ ਹਵਾ ਵਿਚ ਸਾਹ ਲੈ ਰਿਹਾ ਹੋਵੇ ਜਾਂ ਮੀਂਹ ਦੀਆਂ ਕਣੀਆਂ ਨੂੰ ਛੂਹ

ਰਿਹਾ ਹੋਵੇ। ਖਾਸ ਕਰ ਹਵਾ ਤੇ ਬੱਦਲਾਂ ਬਾਰੇ ਕੀਤੀਆਂ ਗੱਲਾਂ ਮੈਨੂੰ ਬਹੁਤ ਰੋਚਕ ਲੱਗੀਆਂ। ਇੰਗਲੈਂਡ ਅਤੇ ਭਾਰਤ ਦੇ ਬੱਦਲਾਂ ਅਤੇ ਮੀਂਹ ਦਾ ਮੁਕਾਬਲਾ ਉਹ ਦਿਲਚਸਪ ਤਰੀਕੇ ਨਾਲ ਕਰਦਾ ਹੈ:

"ਇੰਗਲੈਂਡ ਦੇ ਆਕਾਸ਼ ਉੱਤੇ ਬੱਦਲ ਉਡਦੇ ਰਹਿੰਦੇ ਹਨ, ਪਰ ਇਹ ਬੱਦਲ ਭਾਰਤ ਵਰਗੇ ਘਣੇ ਜਾਂ ਮੋਟੇ ਨਹੀਂ ਹੁੰਦੇ, ਪਤਲੇ ਪਤਲੇ ਹੁੰਦੇ ਹਨ ਤੇ ਇਹਨਾਂ ਦਾ ਰੰਗ ਆਮ ਕਰ ਕੇ ਬਹੁਤ ਚਿੱਟਾ ਹੀ ਹੁੰਦਾ ਹੈ। ਠੀਕ ਹੈ, ਕਦੇ ਕੋਈ ਬੱਦਲ ਨੀਲਾ ਜਾਂ ਭੂਰਾ ਵੀ ਹੁੰਦਾ ਹੈ, ਪਰ ਭਾਰਤ ਵਰਗਾ ਫੇਰ ਵੀ ਨਹੀਂ। ਜਿਸ ਕਿਸਮ ਦੀਆਂ ਘੋਰ ਘਟਾਵਾਂ ਸਾਡੇ ਚੜ੍ਹ ਚੜ੍ਹ ਆਉਂਦੀਆਂ ਹਨ- 'ਘਿਰ ਘਿਰ ਆਈ ਬਦਰੀਆ ਕਾਰੀ'- ਇੰਗਲੈਂਡ ਵਿਚ ਉੱਕਾ ਨਹੀਂ। ਸਮੁੰਦਰ ਵਿਚੋਂ ਕੱਚੇ ਪੱਕੇ ਜਿਹੇ ਜੋ ਵੀ ਬੱਦਲ ਉਠਦੇ ਹਨ, ਇੰਗਲੈਂਡ ਉੱਤੇ ਆ ਜਾਂਦੇ ਹਨ। ਸਾਡੇ ਬੱਦਲ ਪੱਕ ਪੱਕ, ਹੌਲੀ ਹੌਲੀ ਉਠ ਉਠ ਕੇ, ਆਪੋ ਵਿਚੀਂ ਘੁਲ ਮਿਲ ਕੇ, ਫੇਰ ਹੀ ਕਿਤੇ ਆਉਂਦੇ ਹਨ ਤੇ ਉਹ ਵੀ ਬੜਾ ਸੋਚ ਸਮਝ ਕੇ ਵਰ੍ਹਨਾ ਸ਼ੁਰੂ ਕਰਦੇ ਹਨ। ਸਾਡੇ ਬੱਦਲ ਡੂੰਘੇ ਅਤੇ ਗਹਿਰ ਗੰਭੀਰ ਹੁੰਦੇ ਹਨ।"

ਇੰਗਲੈਂਡ ਦੀ ਹਵਾ ਬਾਰੇ ਉਹ ਲਿਖਦਾ ਹੈ:

"ਇੰਗਲੈਂਡ ਇਕ ਜਜ਼ੀਰਾ ਹੈ। ਚਾਰ ਚੁਫੇਰੇ ਸਾਗਰ ਹਨ। ਇੰਗਲੈਂਡ ਵਿਚ ਜੋ ਹਵਾ ਰੁਮਕਦੀ ਜਾਂ ਵਗਦੀ ਹੈ, ਉਸ ਨੂੰ ਇਹਨਾਂ ਸਾਗਰਾਂ ਨੇ ਛੁਹਾਂ ਦਿੱਤੀਆਂ ਹੁੰਦੀਆਂ ਹਨ। ਸਾਗਰ ਸਿਲ੍ਹੇ ਹੁੰਦੇ ਹਨ, ਪਰ ਕੀ ਪਤਾ ਹੈ ਇਸ ਸਿਲ੍ਹ ਵਿਚ ਗੁਣ ਵੀ ਕਿੰਨੇ ਹੁੰਦੇ ਹਨ। ਇਹ ਤਾਂ ਬਿਲਕੁਲ 'ਅੰਤ ਨਾ ਪਾਰਾਵਾਰ' ਵਾਲੀਆਂ ਗੱਲਾਂ ਹਨ। ਫੇਰ, ਹਵਾ ਇੰਗਲੈਂਡ ਦੇ ਜਜ਼ੀਰੇ ਵਿਚ ਜਦ ਆਉਂਦੀ ਹੈ ਤਾਂ ਕਿੰਨੀ ਕਿਸਮ ਦੇ ਬਿਰਛਾਂ ਅਤੇ ਜੰਗਲਾਂ ਵਿਚੋਂ ਲੰਘਦੀ ਹੈ। ਫੁੱਲ ਹਨ, ਪੱਤੇ ਹਨ, ਜੜ੍ਹੀਆਂ ਅਤੇ ਬੂਟੀਆਂ ਹਨ, ਇਹ ਹਵਾ ਇਨ੍ਹਾਂ ਵਿਚੋਂ ਛਣ ਕੇ ਪਾਕ ਹੋ ਜਾਂਦੀ ਹੈ। 'ਸਗਲ ਬਨਸਪਤ ਫੂਲੋ ਬਨਰਾਇ' ਤਾਈਂ ਇਹ ਹਵਾ ਜਦ ਛੂੰਹਦੀ ਹੈ ਤਾਂ ਲੱਖਾਂ ਅਤੇ ਕਰੋੜਾਂ ਕਿਸਮ ਦੀਆਂ ਮਹਿਕਾਂ ਨਾਲ ਭਰ ਜਾਂਦੀ ਹੈ।"

ਸੰਤੋਖ ਸਿੰਘ ਧੀਰ ਦਾ ਸਫਰਨਾਮਾ ਪੜ੍ਹ ਕੇ ਇਸ ਗੱਲ ਦਾ ਬੜਾ ਹੀ ਘਾਟਾ ਮਹਿਸੂਸ ਹੁੰਦਾ ਹੈ ਕਿ ਅਸੀਂ ਉਸ ਨੂੰ ਅਜੇ ਤੱਕ ਕਨੇਡਾ ਕਿਉਂ ਨਹੀਂ ਸੱਦਿਆ। ਦੁਨੀਆਂ ਭਰ ਵਿਚੋਂ ਆਪਣੇ ਸੁਹੱਪਣ ਲਈ ਮਸ਼ਹੂਰ ਸਾਡਾ ਵੈਨਕੂਵਰ ਤੇ ਸਾਡਾ ਸੂਬਾ ਬ੍ਰਿਟਿਸ਼ ਕੋਲੰਬੀਆ ਦੇਖ ਕੇ ਤਾਂ ਧੀਰ ਇੰਗਲੈਂਡ ਦੇ ਹਰ ਨਜ਼ਾਰੇ ਨੂੰ ਪਲਾਂ 'ਚ ਭੁੱਲ ਜਾਵੇ।

ਸਫਰਨਾਮੇ ਵਿਚ ਧੀਰ ਵੱਲੋਂ ਪੇਸ਼ ਕੀਤੇ ਸਿਆਸੀ ਵਿਚਾਰਾਂ ਨਾਲ ਮੱਤ ਭੇਦ ਹੋ ਸਕਦੇ ਹਨ। ਹੁਣ ਤੀਹ ਸਾਲ ਬਾਅਦ, ਖਾਸ ਕਰ ਵੱਖਰੀਆਂ ਵੱਖਰੀਆਂ ਥੱਥੀਆਂ ਪਾਰਟੀਆਂ ਦੇ ਸੰਬੰਧ ਵਿਚ, ਕਈ ਗੱਲਾਂ ਸ਼ਾਇਦ ਉਂਝ ਹੀ ਬੇਲੋੜੀਆਂ ਹੋਣ, ਪਰ ਪੂੰਜੀਵਾਦੀ ਢਾਂਚੇ ਬਾਰੇ ਕੀਤੀਆਂ ਬਹੁਤ ਸਾਰੀਆਂ ਗੱਲਾਂ ਅਜੇ ਵੀ ਸਾਰਥਿਕਤਾ ਰੱਖਦੀਆਂ ਹਨ। ਪਰ ਅਸਲੀ ਮਹੱਤਵਪੂਰਨ ਗੱਲ ਇਹ ਹੈ ਕਿ ਪਾਠਕ ਨੂੰ ਧੀਰ ਦੇ ਵਿਚਾਰਾਂ ਵਿਚਲੀ ਲਗਾਤਾਰਤਾ, ਪ੍ਰਪੱਕਤਾ ਅਤੇ ਇਮਾਨਦਾਰੀ ਟੁੰਬਦੀ ਵੀ ਹੈ ਅਤੇ ਧੀਰ ਲਈ ਅਤੇ ਉਸ ਦੇ ਵਿਚਾਰਾਂ ਲਈ ਪਾਠਕ ਦੇ ਮਨ ਵਿਚ ਸਤਿਕਾਰ ਵੀ ਪੈਦਾ ਕਰਦੀ ਹੈ।

ਇਸ ਸਫਰਨਾਮੇ ਵਿਚ ਕੁਝ ਇਕ ਥਾਵਾਂ ਤੋਂ ਬਿਨਾਂ ਧੀਰ ਨੇ ਬਹੁਤ ਘਟ ਅੰਗ੍ਰੇਜ਼ੀ ਸ਼ਬਦ ਵਰਤੇ ਹਨ। ਇਸ ਲਿਖਤ ਵਿਚ ਵਰਤੀ ਸ਼ਬਦਾਵਲੀ ਤੇ ਵਾਕ ਬਣਤਰ ਇਸ ਨੂੰ ਬੇਹੱਦ ਪੜ੍ਹਨਯੋਗ ਬਣਾਉਂਦੀ ਹੈ। ਧੀਰ ਦਾ ਸਫਰਨਾਮਾ ਪੜ੍ਹਦਿਆਂ ਗੁਰਚਰਨ ਰਾਮਪੁਰੀ ਵਰਗੇ ਲੋਕਾਂ ਵੱਲੋਂ ਪੰਜਾਬੀ ਦੇ ਬਦਲ ਰਹੇ ਮੁਹਾਂਦਰੇ ਬਾਰੇ ਉਠਾਏ ਜਾ ਰਹੇ ਫਿਕਰ ਦੀ ਗੱਲ ਸਮਝ ਆਉਂਦੀ ਹੈ। ਅੱਜ ਕੱਲ੍ਹ ਛਪਦੀਆਂ ਬਹੁਤੀਆਂ ਕਿਤਾਬਾਂ ਤੋਂ ਉਲਟ ਸਮੁੱਚੀ ਕਿਤਾਬ ਵਿਚ ਕਿਤੇ ਕਿਤੇ ਹੀ ਸ਼ਬਦ-ਜੋੜਾਂ ਦੀਆਂ ਗਲਤੀਆਂ ਨਜ਼ਰ ਆਉਂਦੀਆਂ ਹਨ। ਪਰ ਇਹ ਗੱਲ ਜ਼ਰੂਰ ਰੜਕਦੀ ਹੈ ਕਿ ਜੇ ਕਿਤੇ ਇਹ ਕਿਤਾਬ ਛਪਣ ਤੋਂ ਪਹਿਲਾਂ ਲੇਖਕ ਤੋਂ ਬਿਨਾਂ ਕਿਸੇ ਪੇਸ਼ਾਵਰ ਸੰਪਾਦਕ ਨੇ ਪੜ੍ਹੀ ਹੁੰਦੀ ਤੇ ਕਈ ਦੁਹਰਾ ਵਾਲੇ ਵੇਰਵੇ ਕੱਢ ਦਿੱਤੇ ਜਾਂਦੇ ਤਾਂ ਇਹ ਹੋਰ ਵੀ ਜ਼ਿਆਦਾ ਪ੍ਰਭਾਵਸ਼ਾਲੀ ਹੋ ਜਾਣੀ ਸੀ। ਉਂਝ ਪੰਜਾਬੀ ਪ੍ਰਕਾਸ਼ਨਾਂ ਦੇ ਕੈਮਾਂ ਕਾਰਾਂ ਵਿਚ ਤਾਂ ਇਹ ਗੱਲ ਅਜੇ ਵੀ ਸੁਪਨੇ ਵਰਗੀ ਹੈ।

ਬੜੇ ਲੰਮੇ ਸਮੇਂ ਤੋਂ ਮੇਰੀ ਸ਼ੈਲਫ 'ਤੇ ਪਈ ਇਹ ਕਿਤਾਬ ਮੈਂ ਹੁਣ ਹੋਰ ਵੀ ਸਾਂਭ ਕੇ ਰੱਖ ਲਈ ਹੈ।❑❑

[4333, Portland Street, Burnaby, B.C., V5J 2N5 Canada]

ਭੂਰੀਆਂ ਕੀੜੀਆਂ [ਨੀਰੂ ਅਸੀਮ]

ਪੰਜਾਬੀ ਕਵਿਤਾ ਵਿਚ ਅੱਜ ਕਲ ਨਿਵੇਕਲੀ ਸੁਰ ਵਾਲੀਆਂ ਕਵਿਤਰੀਆਂ ਦਾ ਬੋਲਬਾਲਾ ਹੈ। ਚੰਡੀਗੜ੍ਹ ਵਿਚ ਹੋਰ ਵੀ ਨਿਖਰਵਾਂ। ਭਲੇ ਸਮਿਆਂ ਦੀ ਤਾਰਨ ਗੁਜਰਾਲ ਤੇ ਕਾਨਾ ਸਿੰਘ ਤਾਂ ਹਨ ਹੀ, ਨਵੇਂ ਚਿਹਰਿਆਂ ਵਿਚੋਂ ਨੀਰੂ ਅਸੀਮ ਤੇ ਅਮਰਜੀਤ ਘੁੰਮਣ ਆਪੋ ਆਪਣੇ ਕਾਵਿ ਸੰਗ੍ਰਹਿ ਲੈ ਕੇ ਹਾਜ਼ਰ ਹਨ। ਭੂਰੀਆਂ ਕੀੜੀਆਂ (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 100, ਮੁੱਲ 125 ਰੁਪਏ) ਨੀਰੂ ਅਸੀਮ ਦਾ ਸਵੇਰੇ ਦੀ ਤਾਜ਼ੀ ਪਉਣ ਵਰਗੀਆਂ ਕਵਿਤਾਵਾਂ ਦਾ ਗੁਲਦਸਤਾ ਹੈ। ਨੀਰੂ ਦੀ ਕਵਿਤਾ ਅਸੀਮ ਵੀ ਹੈ ਤੇ ਅਥਾਹ ਵੀ। ਅਸੀਮ ਏਸ ਲਈ ਕਿ ਇਸ ਦੀ ਮਾਰ ਦੂਰ ਤਕ ਜਾਂਦੀ ਹੈ ਤੇ ਅਥਾਹ ਏਸ ਲਈ ਕਿ ਸਾਧਾਰਨ ਪਾਠਕ ਲਈ ਉਸਦੀ ਕਵਿਤਾ ਦੀ ਚੋਭ ਨੂੰ ਪਹਿਚਾਨਣਾ ਸੌਖਾ ਨਹੀਂ। ਥੋੜ੍ਹਾ ਏਸ ਲਈ ਵੀ ਕਿ ਉਸਦੀ ਰਚਨਾਕਾਰੀ ਤੇ ਬੁਣਤ ਨਜ਼ਮ ਵਰਗੀ ਹੈ, ਡੀਲ ਡੌਲ ਤੇ ਜੁੱਸਾ ਕਵਿਤਾ ਵਰਗਾ ਤੇ ਆਤਮਾ ਗ਼ਜ਼ਲ ਵਰਗੀ। ਇਕ ਹੀ ਕਵਿਤਾ ਵਿਚ ਉਸਦੇ ਹਾਵ ਭਾਵ ਚੁੰਗੀਆਂ ਭਰਨ ਦੇ ਬਾਵਜੂਦ ਧਰਤੀ ਨਹੀਂ ਛੱਡਦੇ।

ਪਹਿਲਾਂ ਉਸਦੀ ਸਿਰਜਣਕਾਰੀ ਦੇ ਕੁਝ ਰੰਗ ਤੇ ਬਾਕੀ ਗੱਲਾਂ ਪਿੱਛੋਂ:

ਪਹਿਲਾ

ਛਾਂ ਵਿਚ ਸੇਕ ਬੜਾ ਹੈ
ਹਰੇਕ ਅੱਖਰ ਮੇਰੇ ਵਕਤ ਦਾ ਰੁਦਨ ਹੈ।

ਤੁਸੀਂ ਰੰਗ ਬਿਰੰਗੇ ਅੰਗਿਆਰਾਂ ਦਾ/ਆਨੰਦ ਮਾਣਦੇ ਹੋ
ਇਹ ਆਤਿਸ਼ਬਾਜ਼ੀ/ਮੇਰੇ ਜਿਸਮ 'ਚੋਂ ਉੱਠੀ ਹੈ
ਮੇਰੀ ਮੌਲਿਕ ਅਗਨ

ਮੈਂ ਦੀਵਾਲੀ ਨਹੀਂ ਮਨਾ ਰਹੀ
ਦੁਰਯੋਧਨ! ਮੈਂ ਦ੍ਰੌਪਦੀ/ ਤੇਰੇ ਦਰਬਾਰ 'ਚ ਖੜ੍ਹੀ ਹਾਂ

ਪਿਤਾਮਾ! ਫ਼ਲ ਲੱਦੇ ਬਿਰਖ ਵਾਂਗ/ਨੀਵੀਂ ਨਾ ਪਾਓ
ਨਦੀਨ ਕੱਢਣ ਦਾ ਵੇਲਾ ਬੀਤ ਗਿਆ

ਅੱਜ ਮੈਂ ਕ੍ਰਿਸ਼ਨ ਨੂੰ ਨਹੀਂ ਪੁਕਾਰਾਂਗੀ
ਮੈਂ ਆਪਣਾ ਢਿੱਡ ਵਿਖਾਣਾ ਹੈ
ਮੈਂ ਤਿਆਰ ਹਾਂ/ਚੀਰ ਹਰਨ ਕਰੋ

ਦੂਜਾ

ਤੈਨੂੰ ਬਿਲਕੁਲ ਠੀਕ ਲੱਗਦੈ
ਮਾਸਟਰਾਂ ਦੇ ਪੈਰ ਪਰਸ ਚੁੱਕੇ ਹੋਣ
ਪੰਜਵੇਂ ਪੀਰੀਅਡ ਲੈਬਾਰਟਰੀ 'ਚ
ਜਵਾਨ ਹੁੰਦੀ ਕੁੜੀ ਦਾ ਬਲਾਤਕਾਰ ਹੋ ਚੁੱਕਿਆ ਹੋਵੇ
ਸੁਹਣੀ ਕੁੜੀ ਦੀ ਪ੍ਰਮੋਸ਼ਨ/ ਜੇ ਉਹ 'ਰਾਜੀ' ਹੈ ਤਾਂ

ਤੀਜਾ

ਬਘਿਆੜ ਦੀ ਹਕੂਮਤ ਵਾਲੇ ਜੰਗਲ 'ਚ
ਗੁਆਚੇ ਮੇਰੇ ਪੁੱਤਰ ਨੂੰ/ਚੁੱਕ ਲੈ ਗਏ/ਕੁੱਤੇ...ਬਿੱਲੇ...ਕਾਂ...ਚਿੜੇ...

ਮੈਂ ਪੁੱਤਰ ਦੀ ਸ਼ਨਾਖਤ ਲਈ/ਅਦਾਲਤ 'ਚ ਹਾਂ
ਅਦਾਲਤੀ ਕੰਨ ਮੇਰੀਆਂ ਚੀਖਾਂ ਤੋਂ ਸੱਖਣੇ/ਘੂੰ ਘੂੰ ਕਰਦੇ
ਅੱਖਾਂ ਮੇਰੇ ਚਿਹਰੇ ਤੋਂ ਕੁੱਖ ਤਕ/ਛੱਤੀ ਫੇਰੇ ਪਾਂਦੀਆਂ...

ਚੌਥਾ

ਲਹੂ 'ਚ ਕਾਲਾ ਰੰਗ
ਪੋਟਿਆਂ 'ਚ ਚੀਸਾਂ ਭਰਨ ਵਾਲਿਓ
ਤੁਹਾਡੇ ਪੈਰਾਂ ਹੇਠ/ਮੇਰਾ ਲਹੂ ਏ/ਡੁਲ੍ਹਿਆ ਹੋਇਆ
ਹਲਾਲ ਕੀਤਾ ਸੀ ਜਦੋਂ ਤੁਸੀਂ ਮੈਨੂੰ

ਪੰਜਵਾਂ

ਜਾਗ ਗਏ ਹਾਂ ਅਸੀਂ
ਡਾਢਾ ਮੁੱਲ ਸਾਡੇ ਕੋਲ ਬਚਿਆ ਨਹੀਂ/ਤਾਰਨ ਲਈ
ਅਸੀਂ ਪੌਣਾਂ ਖਰੀਦ ਲਈਆਂ ਨੇ
ਪੌਣਾਂ ਸਾਡੇ ਹੱਕ 'ਚ ਵਗਣੀਆਂ ਸ਼ੁਰੂ ਹੋ ਗਈਆਂ ਨੇ
ਹਨੇਰੀਆਂ ਚੱਲਣ ਵਾਲੀਆਂ ਨੇ
ਤੱਤੀਆਂ ਪੈੜਾਂ ਵਾਲਿਓ! ਤੁਸੀਂ ਖੜ੍ਹੇ ਹੋ ਜਾਓ...

ਇਨ੍ਹਾਂ ਪੰਕਤੀਆਂ ਵਿਚ ਵਿਅੰਗ ਵੀ ਹੈ, ਗੁੱਸਾ ਵੀ ਤੇ ਹਲੂਣਾ ਵੀ। ਪਰ ਇਸ ਗੁੱਸੇ, ਵਿਅੰਗ ਤੇ ਹਲੂਣੇ ਵਿਚ ਕਿਧਰੇ ਵੀ ਕੋਈ ਸੁਰ ਉੱਚੀ ਨਹੀਂ। ਧੀਮੀ ਸੁਰ ਨੀਰੂ ਦੀ ਕਵਿਤਾ ਦੀ ਵਿਲੱਖਣਤਾ ਹੈ। ਇਸ ਵਿਚ ਅੰਗਰੇਜ਼ੀ ਕਵੀ ਸ਼ੈਲੇ ਤੇ ਉਰਦੂ ਸ਼ਾਇਰ ਫੈਜ਼ ਵਰਗੀ ਹਲੀਮੀ ਤੇ ਨਿਫਾਸਤ ਹੈ ਜਿਹੜੀ ਉਸਦੀ ਸਮੁੱਚੀ ਕਵਿਤਾ ਨੂੰ ਤ੍ਰੇਲ ਧੋਤੀ ਤੇ ਤਾਜ਼ਾ ਦਿੱਖ ਪ੍ਰਦਾਨ ਕਰਦੀ ਹੈ।ਮਤੇ ਮੇਰੀ ਟਿੱਪਣੀ ਅਸੀਮ ਦੇ ਦਿਮਾਗ਼ ਨੂੰ ਚੜ੍ਹ ਜਾਵੇ ਮੈਨੂੰ ਅਸੀਮ ਦੀ ਕਵਿਤਾ ਵਿਚ ਵੱਡੇ ਕਵੀਆਂ ਦੀ ਕਾਵਿਕਤਾ ਵਾਲੇ ਬੀਜ ਹੀ ਲੱਭੇ ਹਨ। ਫਲਾਂ ਲਈ ਉਡੀਕ ਕਰਨੀ ਪਵੇਗੀ।

ਨੀਰੂ ਅਸੀਮ ਨੇ ਆਪਣੇ ਸੰਗ੍ਰਹਿ ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਉਪਰੋਕਤ ਰੰਗ ਦੂਜੇ ਭਾਗ ਦੀਆਂ ਕਵਿਤਾਵਾਂ ਦੇ ਹਨ ਜਿਸ ਵਿਚ ਉਹ ਬੇਬਾਕ ਇਸਤਰੀ ਬਣ ਕੇ ਬੋਲਦੀ ਹੈ ਤੇ ਸਾਰੀ ਦੀ ਸਾਰੀ ਲੋਕਾਈ ਨੂੰ ਨਾਲ ਲੈ ਕੇ ਤੁਰਨਾ ਲੋਚਦੀ ਹੈ। ਉਹਦੇ ਲਈ ਚੀਰ-ਹਰਨ ਦੇ ਮੁਤਲਾਸ਼ੀ ਤੇ ਮਿਰਤਕ ਪੁੱਤ ਦੀ ਮਾਂ ਨੂੰ ਇਨਸਾਫ ਵੰਡਣ ਵਾਲਿਆਂ ਦਾ ਚਿਹਰਾ ਇਕ ਹੀ ਹੈ। ਕੇਵਲ ਇਸ ਚਿਹਰੇ ਨੂੰ ਨੰਗੇ ਕਰਨ ਦਾ ਢੰਗ ਅਸੀਮ ਦਾ ਆਪਣਾ ਹੈ। ਸੁਬਕ, ਸੱਜਰਾ ਤੇ ਪ੍ਰਭਾਵੀ। ਪੰਜਵੇਂ ਰੰਗ ਵਿਚ ਪਉਣਾਂ ਦਾ ਮੁੱਲ ਤਾਰ ਉਹਨਾਂ ਨੂੰ ਆਪਣੇ ਹੱਕਾਂ ਲਈ ਤੋਰ ਕੇ ਹਨੇਰੀਆਂ ਦਾ ਰੂਪ ਦੇਣਾ ਇਸੇ ਨਿਵੇਕਲੇ ਢੰਗ ਦੀ ਦੇਣ ਹੈ।

ਕਿਸੇ ਵੀ ਸਿਰਜਕ ਮਨ ਵਿਚ ਏਸ ਤਰ੍ਹਾਂ ਦੀ ਪਹੁੰਚ ਅਚਾਨਕ ਨਹੀਂ ਆਇਆ ਕਰਦੀ। ਇਸਦੇ ਬੀਜ ਮਾਂ ਦੀ ਕੁੱਖ ਵਿਚ ਨਹੀਂ ਤਾਂ ਬਚਪਨ ਦੇ ਪਾਲਣ-ਪੋਸ਼ਣ ਵਿਚ ਜ਼ਰੂਰ ਪੁੰਗਰੇ ਹੁੰਦੇ ਹਨ। ਨੀਰੂ ਦੀ ਇਹ ਪਹੁੰਚ ਉਹਨਾਂ ਪਿਆਰ ਕਵਿਤਾਵਾਂ ਵਿਚ ਵੀ ਸਪਸ਼ਟ ਹੈ ਜਿਹੜੀਆਂ ਉਸਨੇ ਆਪਣੇ ਸੰਗ੍ਰਹਿ ਦੇ ਪਹਿਲੇ ਭਾਗ ਵਿਚ ਦਿੱਤੀਆਂ ਹਨ। ਪੇਸ਼ ਹਨ ਇਹਨਾਂ ਬੀਜਾਂ ਦੇ ਕੁਝ ਰੰਗ:

ਇਕ

ਉਸ ਨਾਲ ਮੁਹੱਬਤ/ ਮੈਨੂੰ ਝਉਲਾ ਜਿਹਾ ਦਿਸੀ ਸੀ
ਤੇਰੀ ਚੁੱਪ 'ਚ ਵਸੀ/ਚੁੱਪ ਮੇਰੇ ਕੰਨਾਂ ਨੇ ਸੁਣੀ
ਦਰਵਾਜ਼ੇ ਜ਼ੁਬਾਨ ਵੱਲ ਖੁੱਲ੍ਹੇ
ਤੇ ਥਥਲਾਈ ਜ਼ੁਬਾਨ/ਚੁੱਪ ਹੀ ਰਹੀ...

ਸਾਡੀ ਸਾਂਝੀ ਚੁੱਪ 'ਚ/ਤਿਤਲੀ ਮੰਡਰਾਂਦੀ ਰਹੀ ਸੀ
ਉਹ ਸ਼ਾਇਦ ਮੁਹੱਬਤ ਹੀ ਤਾਂ ਸੀ
ਮੈਂ ਚੁੱਪ ਜ਼ੁਬਾਨ ਨਾਲ ਪੁੱਛਿਆ ਸੀ/ਚੱਲ ਦੱਸ...
ਮੈਂ ਸਾਰੀ ਦੀ ਸਾਰੀ ਹੋ ਕੇ/ਜੇਕਰ ਆ ਜਾਵਾਂ
ਕੀ ਤੇਰੀ ਮੁਹੱਬਤ/ਕੰਨ ਹੋ ਕੇ ਸੁਣੇਗੀ ਦਸਤਕ
ਹੱਥ ਹੋ ਕੇ ਖੋਲ੍ਹ ਦੇਵੇਗੀ ਦਰ
ਸਿੱਪ ਹੋ ਕੇ/ਸਮੋ ਲਵੇਗੀ ਬੂੰਦ

ਦੋ

ਚੁੱਪ ਕਦੇ ਤੁਰ ਜਾਂਦੀ ਹੈ/ਮੜ੍ਹੀਆਂ 'ਤੇ ਵਾਪਰ ਆਉਂਦੀ ਹੈ
ਚੁੱਪ ਕਦੇ ਮੁੜ ਆਉਂਦੀ ਹੈ/ ਘਰ 'ਚ ਪਸਰ ਜਾਂਦੀ ਹੈ
ਉਸ ਘਰ 'ਚ ਜਿਹੜਾ ਤੂੰ/ ਮੇਰੇ ਲਈ ਬਣਾਵੇਂਗਾ
ਘਰ ਦਾ ਸਿਰਨਾਵਾਂ ਮੁਹੱਬਤ ਰੱਖ ਕੇ / ਮੈਨੂੰ ਵਸਣੇ ਨੂੰ ਲੈ ਜਾਵੇਂਗਾ

ਘਰਾਂ 'ਚ ਤਾਂ ਖੇਡ ਮੇਲੇ ਚਲਦੇ ਰਹਿਣਗੇ
ਸਾਰੇ ਪਿਆਲੇ ਜੂਠੇ ਹੋ ਹੋ/ਧੁਪਦੇ ਰਹਿਣਗੇ...

ਪੂਜਣ ਲਈ ਦੇਵਤੇ/ਪੂਜਾ-ਘਰ 'ਚ ਰਹਿਣਗੇ
ਜਿਸ ਕਿਸ ਤਰ੍ਹਾਂ ਵੀ/ ਆਖ਼ਿਰ ਤਾਂ ਘਰ ਵਸਦੇ ਰਹਿਣਗੇ...

ਤਿੰਨ

ਤੂੰ ਨਾ ਕਹਾਣੀ ਦਾ ਵਿਸ਼ਾ/ਨਾ ਕਵਿਤਾ ਦਾ
ਚਾਹੁੰਦਾ ਹੈਂ/ਤੇਰੇ 'ਤੇ ਲਿਖਾਂ...

ਕਿਵੇਂ... ? ਕੋਈ ਅਹਿਸਾਸ ਦਾ ਦੇਹ
ਨਿੱਘ ਤੇ ਛੋਹ ਜਿਸ ਦੀ/ਅੰਦਰ ਤਕ ਲਹੇ
ਤੂੰ ਕਾਵਾਂਰੌਲੀ ਜਿਹੀ ਪਾ ਕੇ/ਔਹ ਜਾਨੈਂ ਔਹ ਜਾਨੈਂ
ਤੇ ਚਾਹੁੰਦੈਂ/ਤੇਰੇ 'ਤੇ ਲਿਖਾਂ

ਪੋਲੀ ਧਰਤ 'ਚ ਬੀਜ ਨਹੀਂ ਬੀਜਦਾ
ਥਾਏਂ ਕੁਥਾਏਂ ਸੱਟ ਵਾਂਗ ਵੱਜਦੈਂ
ਮੈਂ ਦਰਦ ਨਾਲ ਦੂਹਰੀ ਹੁੰਦੀ/ ਤੇਰਾ ਗੀਤ ਕਿਵੇਂ ਜੰਮਾਂ... ?

ਚਾਰ

ਸੱਚੇ ਸੌਦਿਆਂ ਦੀ ਰੁੱਤੇ/ ਗੁੱਡੀਆਂ ਪਟੋਲੇ ਖੇਡਾਂਗੇ... ?
ਹਕੀਕੀ ਇਸ਼ਕ ਦੀ ਫੱਥਤ ਲਈ/ਮਿਜ਼ਾਜੀ ਜਿਸਮ ਫਰੋਲਾਂਗੇ... ?
ਫੁੱਲਾਂ ਦੀ ਬਗੀਚੀ 'ਚੋਂ ਉੱਠ/ਸ਼ਮਸ਼ਾਨੀਆਂ ਦੇ ਘਰ ਵਸਾਵਾਂਗੇ... ?

ਪੰਜ

ਸੀਤਾ ਬਣਨ ਦੀ ਹੋੜ ਵਿਚ
ਮੈਂ ਕਈ ਵਰ੍ਹੇ/ਦਿਸਹੱਦੇ ਨੇੜੇ ਖੜੀ ਰਹੀ/ਉਡੀਕਦੀ...
ਧਰਤੀ ਫਟੇਗੀ
ਕਤਲ ਹੋਏ ਵਿਸ਼ਵਾਸ ਦੀ ਲਾਸ਼/ ਆਪਣੀ ਗੋਦ 'ਚ ਸਮੋਵੇਗੀ...
ਹੇ ਧਰਤੀ ਮਾਂ

ਤੇਰਾ ਵੀ ਨਿੱਘ/ ਕਾਠ ਮਾਰ ਗਿਆ ?
ਖ਼ੈਰ! ਸੀਤਾ ਬਣਨ ਦੀ ਹੁਣ ਕੋਈ ਖ਼ਾਹਿਸ਼ ਨਹੀਂ
ਅੰਦਰ ਦੀ ਦੁਰਗਾ ਦਾ ਜਾਗ੍ਰਣ ਵੇਖ ਰਹੀ ਹਾਂ
ਰਾਵਣ ਨਾਲ ਹੁਣ ਮੈਂ ਆਪ ਲੜਾਂਗੀ

ਰਾਮ ਨੂੰ ਕਹੋ
ਵਿਸ਼ਵਾਸ ਨੂੰ/ ਅਵਿਸ਼ਵਾਸ ਦੇ ਪਿਆਲੇ ਵਿਚ ਘੋਲ ਕੇ
ਹਨੂੰਮਾਨ ਦੀ ਪੂਛ ਨੂੰ/ ਅੱਗ ਨਾ ਲੁਆਵੇ

ਅਸੀਮ ਤੇ ਅਥਾਹ ਨੀਰੂ ਅਸੀਮ ਉਹੀਓ ਹੈ ਜੋ ਕਦੀ ਸੀ ਜਾਂ ਹੋਵੇਗੀ। ਰੱਸੇ ਤੁੜਵਾਉਣ ਦੀ ਚਾਹਨਾ ਦੇ ਬਾਵਜੂਦ ਰੱਸਿਆਂ ਵਿਚ ਬੱਝੀ ਹੋਈ। ਰਾਮ, ਕ੍ਰਿਸ਼ਨ, ਦਰਯੋਧਨ ਤੇ ਰਾਵਣ ਦੇ ਮੋਢਿਆਂ 'ਤੇ ਬੰਦੂਕ ਰੱਖ ਕੇ ਫਾਇਰ ਕਰਨ ਦਾ ਵਿਵਹਾਰ ਏਸ ਹੀ ਖਾਤੇ ਵਿਚ ਪੈਂਦਾ ਹੈ। ਮੈਨੂੰ ਨੀਰੂ ਤੋਂ ਬੜੀਆਂ ਆਸਾਂ ਹਨ। ਉਸਦੀ ਪਉਣਾਂ ਨੂੰ ਖਰੀਦ ਕੇ ਹਨੇਰੀਆਂ ਵਿਚ ਵਟਾਉਣ ਵਾਲੀ ਸ਼ੈਲੀ ਤੇ ਸ਼ਬਦਾਵਲੀ ਵਿਚ ਬੜੀ ਜਾਨ ਹੈ। ਉਸਦੀ ਕਵਿਤਾ ਵਿਚ ਪਿਆਰ ਦੀ ਨਿੱਜਤਾ ਤੇ ਭਾਈਚਾਰੇ ਦੀ ਪੀੜਾ ਨੂੰ ਧਰਤੀ ਜਿੱਡਾ ਆਕਾਰ ਤੇ ਜੇਰਾ ਦੇਣ ਦੀ ਸਮਰੱਥਾ ਹੈ। ਭੂਰੀਆਂ ਕੀੜੀਆਂ ਦੇ ਰੰਗ ਤੇ ਡੰਗ ਦਾ ਸਵਾਗਤ ਕਰਨਾ ਬਣਦਾ ਹੈ। ❑❑

[ਗੁਲਜ਼ਾਰ ਸਿੰਘ ਸੰਧੂ]

ਸੁਖਬੀਰ : ਅੰਤਰ ਝਾਤ [ਡਾ. ਚੰਦਰ ਮੋਹਨ]

ਚੰਦਰ ਮੋਹਨ ਰਚਿਤ ਪੁਸਤਕ 'ਸੁਖਬੀਰ : ਅੰਤਰ ਝਾਤ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ : 175, ਮੁੱਲ : 170 ਰੁਪਏ) ਸੁਖਬੀਰ ਜਾਂ ਉਸ ਦੇ ਸਾਹਿਤ ਬਾਰੇ ਹੀ ਨਹੀਂ, ਉਸ ਬਹਾਨੇ ਸਾਹਿਤ ਬਾਰੇ ਹੀ ਇਕ ਸੰਜੀਦਾ ਸੰਵਾਦ ਹੈ। ਮੂਲ ਰੂਪ ਵਿਚ ਇਹ ਸੁਖਬੀਰ ਦੇ ਸਿਰਜਣਾਤਮਕ ਸਾਹਿਤ ਤੇ ਵਿਚਾਰਧਾਰਾਈ ਚਿੰਤਨ ਨੂੰ ਸਮਝਣ ਦਾ ਯਤਨ ਹੈ ਜੋ ਇਕ ਸੰਤੁਲਤ ਗੰਭੀਰ ਤੇ ਚਿੰਤਨਸ਼ੀਲ ਦ੍ਰਿਸ਼ਟੀ ਵਾਲੇ ਵਿਦਵਾਨ ਨੇ ਕੀਤਾ ਹੈ। ਗ਼ਾਲਿਬ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਸੁਖਬੀਰ ਜਹੇ ਲੇਖਕ ਨੂੰ ਸਮਝਣ ਸਮਝਾਣ ਲਈ ਚੰਦਰ ਮੋਹਨ ਜਿਹੇ ਪਾਰਖੂ ਦੀ ਹੀ ਲੋੜ ਸੀ। *ਇਨ ਮਾਹ ਤਲਅਤੋਂ ਕੇ ਵਾਸਤੇ ਚਾਹਨੇ ਵਾਲਾ ਭੀ ਅੱਛਾ ਚਾਹੀਏ।*

ਪੰਜਾਬੋਂ ਦੂਰ ਮੁੰਬਈ ਵਰਗੇ ਮਹਾਂਨਗਰ ਵਿਚ ਰਹਿੰਦੇ ਹੋਏ ਸੁਖਬੀਰ ਨੇ ਕੁਲ ਵਕਤੀ ਲੇਖਕ ਦੇ ਰੂਪ ਵਿਚ ਸਾਹਿਤ ਨੂੰ ਰੋਜ਼ੀ ਰੋਟੀ ਦਾ ਆਧਾਰ ਬਣਾਇਆ ਹੈ। ਉਸ ਨੂੰ ਇਸ ਦੇ ਹੋਰ ਬਦਲ ਪ੍ਰਾਪਤ ਸਨ ਜੋ ਉਸ ਨੇ ਸਵੀਕਾਰੇ ਨਹੀਂ। ਉਸ ਨੇ ਪਦਾਰਥਕ ਲਾਭਾਂ ਹਿਤ ਕਲਮ ਨੂੰ ਖ਼ਪਤ ਕਲਚਰ ਦਾ ਹੱਥ-ਠੋਕਾ ਵੀ ਨਹੀਂ ਬਣਨ ਦਿੱਤਾ। ਉਸ ਨੇ ਆਪਣੀ ਨਿਵੇਕਲੀ ਸ਼ੈਲੀ ਵਿਚ ਕਲਾ ਨਾਲ ਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਆਪਣੀ ਪ੍ਰਤੀਬੱਧਤਾ ਬਣਾਈ ਰੱਖੀ ਹੈ। ਇਸ ਪ੍ਰਤੀਬੱਧਤਾ ਦੇ ਬਾਵਜੂਦ ਕਿਸੇ ਵੀ ਪਾਰਟੀ, ਸਾਹਿਤਕ ਗੁਟਬੰਦੀ ਜਾਂ ਸਮਾਜਕ ਸੰਸਥਾ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦਿੱਤਾ। ਉਹ ਮਾਰਕਸ ਦੇ ਚਿੰਤਨ ਤੋਂ ਪ੍ਰਭਾਵਤ ਤਾਂ ਹੈ, ਪਰ ਇਹ ਚਿੰਤਨ ਉਸ ਦੇ ਪੈਰਾਂ ਦੀ ਬੇੜੀ ਨਹੀਂ ਬਣਿਆ। ਉਸ ਦੀ ਦ੍ਰਿਸ਼ਟੀ ਇਕ ਪਾਸੇ ਕਲਾਤਮਕ ਪ੍ਰਵੀਨਤਾ ਦੀਆਂ ਨਵੀਆਂ ਸਿਖਰਾਂ ਛੂੰਹਦੇ ਹੋਏ ਪਾਠਕ ਦੀ ਸੁਹਜ ਤ੍ਰਿਪਤੀ ਕਰਨ ਉੱਤੇ ਰਹਿੰਦੀ ਹੈ ਤੇ ਦੂਜੇ ਪਾਸੇ ਸਮਾਜਕ ਸਰੋਕਾਰਾਂ ਬਾਰੇ ਵੀ ਉਸਾਰੂ ਨਜ਼ਰੀਆ ਪੇਸ਼ ਕਰਨ ਉੱਤੇ। ਇਉਂ ਕਹੋ ਕਿ ਸਾਹਿਤ ਦੀ ਸਾਹਿਤਕਤਾ ਤੇ ਇਸ ਦੀ ਸਮਾਜਕ ਪ੍ਰਸੰਗਕਤਾ ਦੋਵੇਂ ਉਸ ਲਈ ਬਰਾਬਰ ਦਾ ਮਹੱਤਵ ਰਖਦੇ ਹਨ।

ਸੁਖਬੀਰ ਮਹਾਂਨਗਰ ਵਿਚ ਰਹਿ ਕੇ ਮਹਾਂਨਗਰ ਵਿਚ ਵਸ ਰਹੇ ਆਧੁਨਿਕ/ਉੱਤਰ ਆਧੁਨਿਕ ਮਨੁੱਖ ਬਾਰੇ ਲਿਖਦਾ ਹੈ ਪਰ ਫਿਰ ਵੀ ਮਹਾਂਨਗਰ ਦੀ ਖਲਨਾਇਕਤਾ, ਅਯਾਸ਼ੀ, ਹਿੰਸਾ ਜਾਂ ਅਸ਼ਲੀਲਤਾ ਦੇ ਗ਼ੈਰ ਜ਼ਿੰਮੇਦਾਰਾਨਾ ਚਿੱਤਰ ਉਸ ਦੀ ਲਿਖਤ ਵਿਚੋਂ ਗ਼ੈਰਹਾਜ਼ਰ ਹਨ। ਮਹਾਂਨਗਰ ਦੀਆਂ ਇਸ

ਪ੍ਰਕਾਰ ਦੀਆਂ ਵਿਕ੍ਰਿਤੀਆਂ ਤੇ ਘਿਣਾਉਣੇਪਣ ਤੋਂ ਮੁਕਤ ਹੋ ਕੇ ਸਵੱਛ ਤੇ ਸਾਰਥਕ ਜ਼ਿੰਦਗੀ ਜੀਣ ਦੀ ਲੋਚਾ ਤੇ ਸੰਘਰਸ਼ ਉਸ ਦੀ ਗਲਪ ਨੂੰ ਦਿਸ਼ਾ ਦਿੰਦੇ ਹਨ। ਉਹ ਪਾਤਰਾਂ ਨੂੰ ਕਾਲੇ/ਚਿੱਟੇ ਟਾਈਪ ਪਾਤਰ ਨਹੀਂ ਬਣਾਉਂਦਾ। ਉਨ੍ਹਾਂ ਨੂੰ ਆਰਥਿਕ/ਮਨੋਵਿਗਿਆਨਕ ਦੋਹਾਂ ਪੱਖਾਂ ਤੋਂ ਉਸਾਰਦਾ ਹੈ। ਫਰਾਇਡ ਜਾਂ ਉਸ ਦਾ ਚਿੰਤਨ ਮਾਰਕਸਵਾਦ ਦਾ ਵਿਰੋਧੀ ਨਹੀਂ-ਪੂਰਕ ਹੈ। ਇਸ ਪੱਖੋਂ ਉਹ ਮਾਰਕਸਵਾਦ ਬਾਰੇ ਮਕਾਨਕੀ ਜਕੜਬੰਦੀ ਤੋਂ ਮੁਕਤ ਹੈ ਤੇ ਉਸ ਦੀ ਇਸੇ ਦ੍ਰਿਸ਼ਟੀ ਦੇ ਸਮਾਨਾਂਤਰ ਹੀ ਚੰਦਰ ਮੋਹਨ ਆਪਣੇ ਵਿਵੇਕ ਨੂੰ ਪੇਸ਼ ਕਰਦਾ ਹੈ।

ਚੰਦਰ ਮੋਹਨ ਨੇ ਸੁਖਬੀਰ ਨੂੰ ਸਮਝਣ ਲਈ ਵਿਆਪਕ ਵਿਧੀ ਤੋਂ ਵਿਪਥਨ ਕੀਤਾ ਹੈ। ਉਸ ਨੇ ਉਸ ਦੀ ਗਲਪ ਦੇ ਸਿੱਧੇ ਵਿਸ਼ਲੇਸ਼ਣ ਦੀ ਥਾਂ ਉਸ ਦੇ ਕਾਵਿ ਅਤੇ ਚਿੱਤਰਕਾਰੀ ਵਿਚ ਲੁਪਤ ਅੰਤਰ-ਦ੍ਰਿਸ਼ਟੀਆਂ ਨੂੰ ਪਛਾਣ ਕੇ ਉਨ੍ਹਾਂ ਦਾ ਤਾਲਮੇਲ ਉਸ ਦੇ ਗਲਪ ਜਗਤ ਵਿਚ ਬਿਠਾਉਣ ਦਾ ਪ੍ਰਯਾਸ ਕੀਤਾ ਹੈ। ਸੁਖਬੀਰ ਦੇ ਆਪਣੇ ਕਹਿਣ ਅਨੁਸਾਰ ਉਸ ਨੇ ਚੁਫੇਰੇ ਦੀ ਜ਼ਿੰਦਗੀ ਨੂੰ ਕਈ ਵਾਰ ਨਿਰੋਲ ਚਿੱਤਰਕਾਰ ਦੀ ਨਜ਼ਰ ਨਾਲ ਵੇਖਿਆ ਹੈ ਪਰ ਰੰਗਾਂ ਰੇਖਾਵਾਂ ਦੀ ਥਾਂ ਲਫ਼ਜ਼ਾਂ ਰਾਹੀਂ ਰੂਪਮਾਨ ਕੀਤਾ ਹੈ। ਚਿੱਤਰਕਾਰ ਦੀ ਇਹ ਨਜ਼ਰ ਉਸ ਦੀਆਂ ਸਮੁੱਚੀਆਂ ਰਚਨਾਵਾਂ ਵਿਚ ਪ੍ਰਾਪਤ ਹੈ। ਚੰਦਰ ਮੋਹਨ ਦਾ ਨਿਸ਼ਕਰਸ਼ ਹੈ ਕਿ ਸੁਖਬੀਰ ਦੇ ਕਾਵਿ-ਸੰਗ੍ਰਹਿ ਉਸਦੇ ਸਮੁੱਚੇ ਨਾਵਲਾਂ ਦੇ ਵਸਤੂ ਜਗਤ ਅਤੇ ਇਸ ਪ੍ਰਤੀ ਉਸ ਦੀ ਦ੍ਰਿਸ਼ਟੀ ਨੂੰ ਕਾਵਿ-ਬਧ ਕਰਦੇ ਹਨ। ਉਸਨੇ 'ਨੈਣ ਨਕਸ਼' ਅਤੇ 'ਲਫਜ਼ ਤੇ ਲੀਕਾਂ' ਦੋ ਕਾਵਿ ਸੰਗ੍ਰਹਿ ਲੈ ਕੇ ਉਨ੍ਹਾਂ ਦੇ ਚਿਹਨਕਾਂ ਤੇ ਰੂਪਕਾਂ ਦੇ ਸੁਖਬੀਰ ਦੇ ਨਾਵਲ-ਜਗਤ ਵਿਚ ਹੋਏ ਗਲਪੀ-ਰੂਪਾਂਤਰਣ ਬਾਰੇ ਵੇਰਵੇ ਨਾਲ ਚਰਚਾ ਕੀਤੀ ਹੈ। ਚੰਦਰ ਮੋਹਨ ਦਾ ਇਹ ਉਪਰਾਲਾ ਅਸਲੋਂ ਨਵਾਂ ਹੈ ਜੋ ਉਸ ਅੰਦਰਲੇ ਆਲੋਚਕ ਦੇ ਨਵੇਂ ਰਾਹਾਂ ਉੱਤੇ ਤੁਰਨ ਦੀ ਇੱਛਾ ਦਾ ਪ੍ਰਮਾਣ ਹੈ। ਉਸ ਦੀ ਦੂਜੀ ਮਹੱਤਵਪੂਰਨ ਸਥਾਪਨਾ ਇਹ ਹੈ ਕਿ ਸੁਖਬੀਰ ਨੇ ਆਪਣੇ ਨਾਵਲਾਂ ਵਿਚ ਨਗਰੀ/ਮਹਾਂਨਗਰੀ ਜੀਵਨ ਨੂੰ ਪੇਸ਼ ਕੀਤਾ ਹੈ ਤੇ ਇੰਝ ਕਰਦੇ ਹੋਏ ਪ੍ਰੇਮ ਨੂੰ ਇਕ ਜੁਗਤ ਵਜੋਂ ਵਰਤ ਕੇ ਸਮਾਜਕ, ਸਭਿਆਚਾਰਕ ਤੇ ਆਰਥਿਕ ਢਾਂਚੇ ਦੀਆਂ ਪ੍ਰਾਪਤੀਆਂ ਅਪ੍ਰਾਪਤੀਆਂ ਦਾ ਵਰਣਨ ਕੀਤਾ ਹੈ। ਇਸੇ ਲਈ ਉਸ ਨੇ ਸੁਖਬੀਰ ਦੀ ਪ੍ਰੇਮ ਪ੍ਰਤੀ ਦ੍ਰਿਸ਼ਟੀ ਨੂੰ ਸਮਝਣ ਦਾ ਵਿਸ਼ੇਸ਼ ਯਤਨ ਕੀਤਾ ਹੈ। ਉਸ ਦੀ ਧਾਰਨਾ ਹੈ ਕਿ ਸੁਖਬੀਰ ਦੇ ਪਾਤਰ ਪਿਆਰ ਦੀ ਘੁੰਮਣਘੇਰੀ ਵਿਚ ਫਸੇ ਹੋਏ ਦਿਲ ਤੇ ਦਿਮਾਗ਼ ਦੋਹਾਂ ਤੋਂ ਕੰਮ ਲੈਂਦੇ ਹਨ ਅਤੇ ਕੋਈ ਅਜਿਹਾ ਸਮਝੌਤਾ ਨਹੀਂ ਕਰਦੇ ਜੋ ਮਨੁੱਖੀ ਕਦਰਾਂ-ਕੀਮਤਾਂ ਦੇ ਉਲਟ ਹੋਵੇ।

ਆਪਣੀਆਂ ਧਾਰਨਾਵਾਂ ਨੂੰ ਪ੍ਰਮਾਣਿਕ ਰੂਪ ਦੇਣ ਲਈ ਚੰਦਰ ਮੋਹਨ ਨੇ ਸੁਖਬੀਰ ਦੇ ਸਭ ਨਾਵਲਾਂ ਦਾ ਵਿਵਹਾਰਕ ਅਧਿਐਨ ਇਸ ਪੁਸਤਕ ਵਿਚ ਕੀਤਾ ਹੈ। ਇਹ ਅਧਿਐਨ ਨਾਵਲਾਂ ਦੀ ਬਿਰਤਾਂਤਕ ਸੰਰਚਨਾ, ਵਿਸ਼ਾ ਵਸਤੂ ਦੇ ਗਲਪੀ ਬਿੰਬ, ਸੰਦੇਸ਼, ਸ਼ਿਲਪ ਵਿਧਾਨ ਤੇ ਵਿਚਾਰਧਾਰਕ ਦਰਸ਼ਨ ਸਾਰੇ ਪੱਖਾਂ ਨੂੰ ਛੋਹਣ ਕਾਰਨ ਮਹੱਤਵਪੂਰਨ ਹੈ।

ਸੁਖਬੀਰ ਦੇ ਅੰਦਰ ਪੂਰੀ ਝਾਤ ਪਵਾਣ ਲਈ ਚੰਦਰ ਮੋਹਨ ਨੇ ਸੁਖਬੀਰ ਦੇ ਛੇ ਮਹੱਤਵਪੂਰਨ ਲੇਖ ਇਸ ਪੁਸਤਕ ਵਿਚ ਸੰਕਲਤ ਕੀਤੇ ਹਨ। ਇਨ੍ਹਾਂ ਦੇ ਜ਼ਰੀਏ ਸਾਹਿਤ, ਕਲਾ, ਸਮਾਜ, ਵਿਚਾਰਧਾਰਾ ਬਾਰੇ ਸੁਖਬੀਰ ਦੀ ਮੌਲਿਕ ਪਹੁੰਚ ਸਪਸ਼ਟ ਹੋਈ ਹੈ। ਇਨ੍ਹਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਸੁਖਬੀਰ ਅੰਦਰਲਾ ਚਿੰਤਕ ਚਿੰਤਨ ਦੇ ਖੇਤਰ ਵਿਚ ਵਿਸ਼ਵ ਵਿਚ ਵਾਪਰ ਰਹੇ ਹਰ ਨਵੇਂ ਵਰਤਾਰੇ ਤੇ ਸੰਵਾਦ ਤੋਂ ਚੇਤੰਨ ਹੈ। ਉਹ ਮੌਲਿਕ ਹੈ ਤੇ ਆਪਣੀ ਗੱਲ ਨਿਮਰਤਾ, ਤਰਕ, ਦਲੇਰੀ ਤੇ ਦਿਆਨਤਦਾਰੀ ਨਾਲ ਕਰਦਾ ਹੈ। ਉਸ ਦੇ ਜੀਵਨ, ਚਿੰਤਨ ਤੇ ਗਲਪ ਵਿਚ ਪਾੜ ਨਹੀਂ, ਸੁਮੇਲ ਹੈ। ਉਸ ਦੀਆਂ ਗੱਲਾਂ ਤੇ ਉਨ੍ਹਾਂ ਨੂੰ ਕਹਿਣ ਦਾ ਅੰਦਾਜ਼ ਇੰਨਾ ਮਹੱਤਵਪੂਰਨ ਹੈ ਕਿ ਉਸ ਦੇ ਵਾਕ ਪ੍ਰਮਾਣਿਕ ਟੂਕਾਂ ਤੇ ਵਿਆਪਕ ਸੱਚਾਈਆਂ ਦੇ ਰੂਪ ਵਿਚ ਉਦ੍ਰਿਤ ਕੀਤੇ ਜਾ ਸਕਦੇ ਹਨ। ਕੁਝ ਟੂਕਾਂ ਪ੍ਰਮਾਣ ਵਜੋਂ ਵੇਖੋ:

- ਜ਼ਰੂਰੀ ਨਹੀਂ ਕਿ ਗ਼ਰੀਬਾਂ ਬਾਰੇ ਲਿਖਿਆ ਸਾਹਿਤ ਵਧੀਆ ਹੋਵੇ। ਇਹ ਵੀ ਨਹੀਂ ਕਿ ਗ਼ਰੀਬ ਲੇਖਕਾਂ ਦਾ ਲਿਖਿਆ ਹੋਇਆ ਸਾਹਿਤ ਵਧੀਆ ਹੋਵੇ।

- ਇਕ ਖ਼ਾਸ ਵਿਚਾਰਧਾਰਾ ਨੂੰ ਕੱਟੜਤਾ ਦੀ ਹੱਦ ਤਕ ਮੰਨਣ ਤੇ ਪ੍ਰਚਾਰਨ ਵਾਲਾ ਲੇਖਕ ਕਿੰਨਾ ਕੁ ਈਮਾਨਦਾਰ ਹੋ ਸਕਦਾ ਹੈ ?
- ਹਰ ਵਾਰ ਹੀ ਇਨਕਲਾਬ ਨੇ ਜ਼ਿੰਦਾਬਾਦ ਦਾ ਨਾਅਰਾ ਲਾਇਆ ਤੇ ਲੋਕਾਂ ਲਈ ਸੁਨਹਿਰੀ ਭਵਿੱਖ ਲਿਆਂਦਾ। ਹਰ ਇਨਕਲਾਬ ਹੀ ਹਕੂਮਤ ਦੀ ਤੋਰ ਤੁਰਦਾ ਰਫ਼ਲ ਫੜ ਕੇ ਰਾਜ ਕਰਨ ਲੱਗਾ। ਇਨਕਲਾਬ ਤੋਂ ਬਾਅਦ ਹਰ ਵਾਰ ਹੀ ਆਜ਼ਾਦੀ ਦੇ ਖੰਭ ਟੁੱਕੇ ਦਿਸਦੇ ਹਨ।
- ਮੇਰੀ ਪ੍ਰਤੀਬੱਧਤਾ ਕਲਾਤਮਕ ਉਤਮਤਾ ਨਾਲ ਹੀ ਨਹੀਂ, ਆਮ ਲੋਕਾਂ ਨਾਲ ਵੀ ਹੈ।
- ਲੋਕਾਂ ਲਈ ਅਤੇ ਲੋਕਾਂ ਬਾਰੇ ਲਿਖਣ ਵਿਚ ਵੱਡਾ ਫ਼ਰਕ ਹੈ।
- ਸਿਰਫ਼ ਲੋਕਾਂ ਬਾਰੇ ਲਿਖਣਾ ਕਾਫੀ ਨਹੀਂ ਹੈ, ਸਹੀ ਤੇ ਉੱਚੀਆਂ ਕਦਰਾਂ-ਕੀਮਤਾਂ ਬਾਰੇ ਵੀ ਲਿਖਣ ਦੀ ਲੋੜ ਹੈ।
- ਚੰਗੇ ਸਾਹਿਤ ਦੀ ਕਸਵੱਟੀ ਮਨੁੱਖੀ ਕਦਰਾਂ-ਕੀਮਤਾਂ ਹਨ। ਸਾਹਿਤਕ, ਆਰਥਿਕ, ਮਨੋਵਿਗਿਆਨਕ ਆਦਿ ਕਈ ਪੱਖਾਂ ਤੋਂ ਲੋਕਾਂ ਦੀ ਜ਼ਿੰਦਗੀ ਦਾ ਭਰਵਾਂ ਚਿਤਰਨ ਹੈ, ਅਤੇ ਕਲਾਤਮਕ ਉਤਮਤਾ ਹੈ।
- ਰੋਟੀ ਦੀ ਭੁੱਖ ਨਾਲੋਂ ਸਾਹਿਤ ਤੇ ਸੰਸਕ੍ਰਿਤੀ ਦੀ ਭੁੱਖ ਦੀ ਤ੍ਰਿਪਤੀ ਕਿਤੇ ਜ਼ਿਆਦਾ ਅਹਿਮ ਹੁੰਦੀ ਹੈ ਤੇ ਇਹ ਭੁੱਖ ਰੋਟੀ ਦੀ ਭੁੱਖ ਨਾਲੋਂ ਕਿਤੇ ਜ਼ਿਆਦਾ ਖਤਰਨਾਕ ਵੀ ਸਾਬਤ ਹੋ ਸਕਦੀ ਹੈ।
- ਵਿਚਾਰਾਂ ਦੇ ਇਕ ਸੀਮਤ ਘੇਰੇ ਵਿਚ ਜੀਣਾ ਕਿਤੇ ਵੱਧ ਸੌਖਾ ਤੇ ਸੁਰੱਖਿਅਤ ਹੁੰਦਾ ਹੈ।
- ਕਿਸੇ ਵੀ ਵਿਚਾਰਧਾਰਾ ਵਿਚ ਅੰਨ੍ਹਾ ਯਕੀਨ ਆਦਮੀ ਦੇ ਅਚੇਤ ਮਨ ਵਿਚ ਸਮਾਈ ਅਸੁਰੱਖਿਆ ਦੀ ਭਾਵਨਾ ਵਿਚੋਂ ਜਨਮ ਲੈਂਦਾ ਹੈ।
- ਮਨੁੱਖੀ ਆਜ਼ਾਦੀ ਤੋਂ ਬਿਨਾਂ ਰੋਟੀ ਕੱਪੜੇ ਦੀ ਕਿੰਨੀ ਕੁ ਅਹਿਮੀਅਤ ਹੈ ? ਆਦਮੀ ਆਪਣੇ ਮਨ ਦੀ ਗੱਲ ਕਹਿਣੀ ਚਾਹੁੰਦਾ ਹੈ। ਉਹ ਕੁੱਤਾ ਨਹੀਂ ਕਿ ਰੋਟੀ ਖਾ ਕੇ ਭੌਂਕਣੋਂ ਹਟ ਜਾਏ।
- ਵੱਡਾ ਸਾਹਿਤ ਸਮਾਜ ਦੇ ਵਿਰੋਧ 'ਚੋਂ ਪੈਦਾ ਹੁੰਦਾ ਹੈ। ਹਕੂਮਤ ਦੇ ਵਿਰੋਧ 'ਚੋਂ ਪੈਦਾ ਹੁੰਦਾ ਹੈ।

ਅਜਿਹੀਆਂ ਸ਼ਕਤੀਸ਼ਾਲੀ ਟਿੱਪਣੀਆਂ ਕਰਨ ਵਾਲੇ ਨੂੰ ਇਕ ਨਿੱਕੀ ਜਿਹੀ ਪੁਸਤਕ ਵਿਚ ਪੇਸ਼ ਕਰਨ ਦਾ ਚੰਦਰ ਮੋਹਨ ਦਾ ਉਪਰਾਲਾ ਸੱਚਮੁੱਚ ਮੁੱਲਵਾਨ ਹੈ। ਅਜਿਹੇ ਚਿੰਤਨ ਦੇ ਮਾਲਕ ਸੁਖਬੀਰ ਦੇ ਕਾਵਿ, ਗਲਪ ਤੇ ਚਿੰਤਨ ਨਾਲ ਪ੍ਰਮਾਣੀਕ ਤੇ ਨਵੀਂ ਪਛਾਣ ਕਰਵਾਉਣ ਲਈ ਚੰਦਰ ਮੋਹਨ ਦਾ ਉੱਦਮ ਪ੍ਰਸ਼ੰਸਾਯੋਗ ਤਾਂ ਹੈ ਹੀ, ਹਰ ਉਸ ਬੰਦੇ ਲਈ ਪੜ੍ਹਣਯੋਗ ਵੀ ਹੈ ਜੋ ਸਾਹਿਤ ਤੇ ਕਲਾ ਬਾਰੇ ਸੰਜੀਦਾ ਸੰਵਾਦ ਵਿਚ ਰੁਚੀ ਰਖਦਾ ਹੈ। ❑ ❑

[ਕੁਲਦੀਪ ਸਿੰਘ ਧੀਰ]

ਟਾਵਰਜ਼ [ਜਰਨੈਲ ਸਿੰਘ]

1999 ਵਿਚ ਛਪੇ ਆਪਣੇ ਕਹਾਣੀ ਸੰਗ੍ਰਹਿ 'ਦੋ ਟਾਪੂ' ਨਾਲ ਜਰਨੈਲ ਸਿੰਘ ਉਹਨਾਂ ਲੇਖਕਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ ਸੀ ਜਿਨ੍ਹਾਂ ਨੇ ਮੂਲ ਦੇਸ਼ ਤੇ ਪਰਵਾਸੀ ਜੀਵਨ ਦੇ ਪ੍ਰਸੰਗ ਵਿਚ ਦੋ ਸਭਿਆਚਾਰਾਂ ਦੇ ਆਪਸੀ ਟਕਰਾਉ ਵਿਚੋਂ ਇਕ ਤੀਸਰਾ ਸੰਵਾਦ ਰਚਾਉਣ ਦਾ ਸਫ਼ਲ ਪ੍ਰਯਾਸ ਕੀਤਾ ਹੈ। ਇਸ ਟਕਰਾਉ ਜਾਂ ਉਖੜਾਉ ਨੂੰ ਜਰਨੈਲ ਸਿੰਘ ਨੇ ਆਪਣੀ ਨਵੀਂ ਕਥਾ ਪੁਸਤਕ 'ਟਾਵਰਜ਼' (ਚੇਤਨਾ ਪ੍ਰਕਾਸ਼ਨ, ਪੰਜਾਬੀ, ਭਵਨ, ਲੁਧਿਆਣਾ) ਵਿਚ ਆਪਣੀ ਮੂਲ ਧਰਤੀ ਪ੍ਰਤੀ ਲਗਾਉ ਅਤੇ ਅਪਣਾਏ ਹੋਏ ਮੁਲਕ ਦੀ ਸਥਿਤੀ ਦੇ ਆਪਸੀ ਗਹਿ ਗੱਚ ਸੰਵਾਦ ਨੂੰ ਜਿਸ ਢੰਗ ਨਾਲ ਪ੍ਰਤੀਕਾਤਮਕ ਰੂਪ ਵਿਚ ਪੇਸ਼ ਕੀਤਾ ਹੈ ਉਸ ਨਾਲ ਉਹ ਮਹਿਜ਼ ਪਰਵਾਸੀ ਮਸਲਿਆਂ ਦਾ ਲੇਖਕ ਹੋਣ ਤਕ ਸੀਮਤ ਨਹੀਂ ਰਿਹਾ, ਸਗੋਂ ਪੱਛਮੀ ਸੰਸਕ੍ਰਿਤੀ ਨੂੰ ਸਮਝਣ-ਅਪਨਾਉਣ ਅਤੇ ਉਥੋਂ ਦੇ ਆਰਥਿਕ ਤੇ ਰਾਜਸੀ ਤਾਣੇ-ਬਾਣੇ ਨੂੰ ਬ੍ਰਹਮੰਡੀ ਚੇਤਨਾ ਅਨੁਸਾਰ ਪੇਸ਼ ਕਰਨ ਵਾਲੇ ਲੇਖਕ ਦੇ ਤੌਰ 'ਤੇ ਵੀ ਉਭਰਿਆ ਹੈ।

'ਟਾਵਰਜ਼' ਕਹਾਣੀ ਸੰਗ੍ਰਹਿ ਵਿਚ ਜਰਨੈਲ ਸਿੰਘ ਦੀਆਂ ਲੰਮੇਰੇ ਆਕਾਰ ਵਾਲੀਆਂ ਪੰਜ

ਕਹਾਣੀਆਂ ਸ਼ਾਮਲ ਹਨ। ਇਸ ਕਹਾਣੀ ਸੰਗ੍ਰਹਿ ਵਿਚ ਜਰਨੈਲ ਸਿੰਘ ਨੇ ਬਦੇਸ਼ੀ ਸਥੱਲ ਨੂੰ ਲੈ ਕੇ ਰਚਨਾ-ਵਸਤੂ ਵਜੋਂ ਅਲੱਗ ਸੰਵੇਦਨਾ ਦਾ ਹੀ ਪ੍ਰਮਾਣ ਨਹੀਂ ਦਿੱਤਾ ਸਗੋਂ ਟਾਵਰਜ਼, ਸੜਕਾਂ, ਪਾਣੀ, ਬਰਫ ਅਤੇ ਕਈ ਹੋਰ ਪ੍ਰਕਿਰਤਕ ਅਤੇ ਗੈਰ ਪ੍ਰਕਿਰਤਕ ਨਜ਼ਾਰਿਆਂ ਦੇ ਪ੍ਰਤੀਕਾਂ ਰਾਹੀਂ ਆਪਣੀ ਮਾਤ-ਭੂਮੀ ਅਤੇ ਮੂਲ ਸੰਸਕ੍ਰਿਤੀ ਪ੍ਰਤੀ ਅਥਾਹ ਲਗਾਓ ਨੂੰ ਵੀ ਪੇਸ਼ ਕੀਤਾ ਹੈ। ਉਪਰੰਤ ਸੰਸਕ੍ਰਿਤੀਆਂ ਦੇ ਆਪਸੀ ਭਿੜਵੇਂ ਤੇ ਖਹਿਵੇਂ ਪ੍ਰਭਾਵਾਂ ਨੂੰ ਪੇਸ਼ ਕਰਨ ਲਈ ਇਹਨਾਂ ਪ੍ਰਤੀਕਾਂ ਨੂੰ ਇਕ ਤੋਂ ਵਧੇਰੇ ਅਰਥਾਂ ਵਿਚ ਵਰਤਿਆ ਹੈ। ਪਰਵਾਸੀ ਜੀਵਨ ਵਿਚ ਪਿਤਰੀ ਮੋਹ, ਆਪਣੀ ਮੂਲ ਸੰਸਕ੍ਰਿਤੀ, ਯਾਦਾਂ ਅਤੇ ਸੁਪਨਿਆਂ ਦੇ ਸੰਸਾਰ ਵਿਚ 'ਗੁਆਚੇ ਲੋਕ' ਜੋ ਕਹਾਣੀਆਂ ਵਿਚ ਪਾਤਰਾਂ ਵਜੋਂ ਸਾਹਮਣੇ ਆਉਂਦੇ ਹਨ, ਆਪਣੇ ਹੋਮਲੈਂਡ ਪਰਤਣ ਲਈ ਹੀ ਨਹੀਂ ਤਾਂਘਦੇ ਸਗੋਂ ਉਹ ਅਪਣਾਏ ਹੋਏ ਮੁਲਕ ਦੀਆਂ ਸੜਕਾਂ 'ਤੇ ਦੌੜਦੇ, ਆਪਣੇ ਵੱਡੇ ਵੱਡੇ ਘਰਾਂ ਦੇ ਪਿਛਵਾੜਿਆਂ ਵਿਚ ਸਵਿਮਿੰਗ ਪੂਲਾਂ ਦੀ ਤਾਮੀਰ ਕਰਦੇ ਵਰਲਡ ਟਰੇਡ ਸੈਂਟਰ ਉੱਤੇ ਹੋਏ ਆਤੰਕਵਾਦੀ ਹਮਲੇ ਦੇ ਦੂਖਾਂਤਕ ਪ੍ਰਭਾਵਾਂ ਨੂੰ ਰਾਜਸੀ ਦ੍ਰਿਸ਼ਟੀਕੋਣ ਤੋਂ ਵੇਖਣ ਵਿਚ ਵੀ ਰੁਚਿਤ ਹਨ। ਉਹ ਪਰਵਾਸ ਵਾਲੇ ਦੇਸ਼ ਦੇ ਜੀਵਨ ਵਿਚ ਸਭ ਤਰ੍ਹਾਂ ਦੀ ਹਿੱਸੇਦਾਰੀ ਲਈ ਸੰਘਰਸ਼ ਕਰਦੇ ਹੋਏ ਉਸ ਨਾਲ ਆਪਣੇ ਸੰਬੰਧਾਂ ਨੂੰ ਪੱਕਾ ਪੀਡਾ ਕਰਨ ਲਈ ਵੀ ਯਤਨਸ਼ੀਲ ਹਨ।

'ਗੁਆਚੇ ਲੋਕ', 'ਪਾਣੀ' ਅਤੇ 'ਸੜਕਾਂ' ਦੇ ਮੁੱਖ ਪਾਤਰ ਸ਼ਮਸ਼ੇਰ ਸਿੰਘ ਉਰਫ ਸੈਮ, ਸੁਖਜੀਤ ਕੌਰ, ਅਤੇ ਅਜੀਤ ਸਿੰਘ ਆਪਣੇ ਅਰਧ-ਸਾਮੰਤੀ ਅਤੇ ਪੂੰਜੀਵਾਦੀ ਚਰਿੱਤਰ ਨੂੰ ਪਿਤਰੀ ਮੋਹ ਅਤੇ ਮੂਲ ਸੰਸਕ੍ਰਿਤੀ ਦੇ ਮੋਹ ਦੇ ਪ੍ਰਸੰਗ ਵਿਚ ਪੇਸ਼ ਕਰਦੇ ਹਨ। ਇਸ ਦੇ ਸਮਾਨਾਂਤਰ ਉਹ ਅਪਣਾਏ ਹੋਏ ਮੁਲਕ ਦੀਆਂ ਸਥਿਤੀਆਂ ਨਾਲ ਇਕਸੁਰ ਹੋਣ ਦਾ ਯਤਨ ਵੀ ਕਰਦੇ ਹਨ। ਸੁਖਜੀਤ ਕੌਰ ਦੇ ਚਾਚੇ ਦੇ ਪੁੱਤਰ ਭੂਪੀ ਦੇ ਚਰਿੱਤਰ ਰਾਹੀਂ ਪੰਜਾਬ ਦੇ ਅੰਦਰ ਧਰਤੀ ਹੇਠਲੇ ਪਾਣੀ ਦੇ ਮੁੱਕ ਜਾਣ ਦੀ ਗੱਲ ਕਰਕੇ ਲੇਖਕ ਨੇ ਖੁਰ ਰਹੇ ਰਿਸ਼ਤਿਆਂ ਦੇ ਮੋਹ ਦੀ ਗੱਲ ਵੀ ਕੀਤੀ ਹੈ ਅਤੇ ਪੰਜਾਬੀ ਸਭਿਆਚਾਰ ਤੇ ਅਰਥਚਾਰੇ ਨੂੰ ਵੀ ਪੂੰਜੀਵਾਦੀ ਆਰਥਿਕ ਪ੍ਰਕਿਰਿਆ ਵਿਚ ਢਲਦਾ ਵਿਖਾਇਆ ਹੈ। ਸਾਡੀ ਸੰਸਕ੍ਰਿਤੀ ਦੇ ਪੱਛਮੀ ਜੀਵਨ ਦੇ ਉਪਭੋਗੀ ਕਲਚਰ ਦਾ ਇਕ ਹਿੱਸਾ ਬਣਨ ਤੋਂ ਪੈਦਾ ਹੋਏ ਦੁਖਾਂਤ ਦਾ ਚਿਤਰਨ ਸੁਖਜੀਤ ਦੀ ਮਨੋਸਥਿਤੀ ਰਾਹੀਂ ਹੋਇਆ ਹੈ। 'ਪਾਣੀ' ਕਹਾਣੀ ਵਿਚ ਸੁਖਜੀਤ ਦੀ ਨੂੰਹ ਸ਼ੈਰਨ ਜਦੋਂ ਸਵਿਮਿੰਗ ਪੂਲ 'ਤੇ ਹੀ ਖਰਚ ਕਰਨ ਨੂੰ ਤਰਜੀਹ ਦਿੰਦੀ ਹੈ ਤਾਂ ਸੁਖਜੀਤ ਕੌਰ ਨੂੰ ਆਪਣੀ ਨੂੰਹ ਇਕ ਰਿਸ਼ਤਾ ਨਾ ਹੋ ਕੇ ਇਕ ਦੰਭ ਜਾਪਦੀ ਹੈ।

'ਗੁਆਚੇ ਲੋਕ' ਵਿਚ ਇਹੀ ਸੰਤਾਪ ਸ਼ਮਸ਼ੇਰ ਸਿੰਘ ਵੀ ਭੋਗਦਾ ਹੈ। ਆਪਣੇ ਪੁੱਤਰਾਂ ਨੂੰਹਾਂ ਅਤੇ ਪਤਨੀ ਤੋਂ ਵੱਖ ਹੋਇਆ ਇਕਲਾਪੇ ਦੇ ਸੰਕਟ ਨੂੰ ਭੋਗਦਾ ਉਹ ਸਭ ਕੁਝ ਖੁਰ ਜਾਣ 'ਤੇ ਪਛਤਾਵੇ ਦੀ ਅੱਗ ਨਾਲ ਸੜਦਾ ਹੈ। ਉਸ ਦਾ ਸੰਕਟ ਏਨਾ ਆਪਣੀ ਮਾਤ ਭੂਮੀ ਤੇ ਮੂਲ ਸੰਸਕ੍ਰਿਤੀ ਨਾਲੋਂ ਟੁੱਟਣ ਦਾ ਨਹੀਂ, ਜਿੰਨਾ ਅਪਣਾਏ ਮੁਲਕ ਵਿਚ ਉਸ ਦੇ ਪਰਿਵਾਰ ਦੇ ਨਵੀਆਂ ਕਦਰਾਂ-ਕੀਮਤਾਂ ਨਾਲ ਪਰਨਾਏ ਜਾਣ ਦਾ ਹੈ। ਲੇਖਕ ਨੇ ਸ਼ਮਸ਼ੇਰ ਸਿੰਘ ਦੀਆਂ ਯਾਦਾਂ, ਸੁਪਨਿਆਂ ਆਦਿ ਰਾਹੀਂ ਉਸ ਦੇ ਬੀਤੇ ਨੂੰ ਕੁਰੇਦ ਕੇ ਕਹਾਣੀ ਨੂੰ ਬਹੁ-ਪਰਤੀ ਅਯਾਮ ਦੇਣ ਦਾ ਯਤਨ ਕੀਤਾ ਹੈ। ਕਹਾਣੀ ਪਿੱਛਲਮੁਖੀ ਝਾਤ ਦੇ ਰੂਪ ਵਿਚ ਸ਼ਮਸ਼ੇਰ ਸਿੰਘ ਦੇ ਸਵੈ ਨੂੰ ਉਹਨਾਂ ਸਥਿਤੀਆਂ ਨਾਲ ਜੋੜਦੀ ਹੈ ਜਿਨ੍ਹਾਂ ਦਾ ਸਿੱਧਾ ਸੰਬੰਧ ਪੱਛਮੀ ਜੀਵਨ ਦੀਆਂ ਕਦਰਾਂ-ਕੀਮਤਾਂ ਅਨੁਸਾਰ ਜਿਉਣ ਤੇ ਉਹਨਾਂ ਨੂੰ ਅਪਨਾਉਣ ਨਾਲ ਹੈ। ਵਿਡੰਬਨਾ ਇਹ ਹੈ ਕਿ ਜਿਸ ਸੰਸਕ੍ਰਿਤੀ ਨੂੰ ਸ਼ਮਸ਼ੇਰ ਸਿੰਘ ਹਮਲਾਵਰ ਦੇ ਰੂਪ ਵਿਚ ਵੇਖਦਾ ਹੈ, ਉਸ ਸੰਸਕ੍ਰਿਤੀ ਵਿਚ ਹੀ ਜੇਮਜ਼ ਵਰਗੇ ਲੋਕ ਵੀ ਹਨ ਜਿਸ ਨੇ ਮਰਨ ਉਪਰੰਤ ਟ੍ਰਾਂਸਪਲਾਂਟ ਸੈਂਟਰ ਨੂੰ ਆਪਣਾ ਲਿਵਰ ਦਾਨ ਕਰਕੇ ਸ਼ਮਸ਼ੇਰ ਸਿੰਘ ਨੂੰ ਜੀਵਨ ਪ੍ਰਦਾਨ ਕੀਤਾ ਹੈ।

ਸ਼ਮਸ਼ੇਰ ਸਿੰਘ, ਸੁਖਜੀਤ ਕੌਰ, ਬਲਦੇਵ ਸਿੰਘ ਅਤੇ ਉਸਦੇ ਭਰਾ ਮੁਖਤਿਆਰ ਸਿੰਘ ਆਦਿ ਲਈ ਪਰਵਾਸ ਕਦੇ ਵੀ ਨਾ ਮੁੱਕਣ ਵਾਲਾ ਵਿਰਲਾਪ/ਸੰਤਾਪ ਹੈ ਕਿਉਂਕਿ ਇਹਨਾਂ ਦਾ ਰਿਸ਼ਤਾ

ਮਾਤਭੂਮੀ, ਸੰਸਕ੍ਰਿਤੀ ਅਤੇ ਇਤਿਹਾਸ ਨਾਲ ਅਤਿਅੰਤ ਲਗਾਉ ਵਾਲਾ ਹੈ। ਇਸ ਦੇ ਉਲਟ ਸ਼ਮਸ਼ੇਰ ਸਿੰਘ ਦੇ ਪੁੱਤਰਾਂ ਤੇ ਸੁਖਜੀਤ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਦਾ ਅਪਣਾਏ ਮੁਲਕ ਨਾਲ ਰਿਸ਼ਤਾ ਤਬਦੀਲੀ ਵਾਲਾ ਹੈ, ਭਾਵ ਆਪਣੀ ਪਛਾਣ ਨੂੰ ਉਥੋਂ ਦੇ ਜੀਵਨ-ਯਥਾਰਥ ਵਿਚ ਸਥਾਪਤ ਕਰਨ ਦਾ ਹੈ। ਇਸ ਤਬਦੀਲੀ ਨੂੰ ਜਰਨੈਲ ਸਿੰਘ ਨੇ ਬਹੁਤ ਬਾਰੀਕਬੀਨੀ ਨਾਲ ਇਝ ਚਿਤਰਿਆ ਹੈ ਕਿ ਪੀੜ੍ਹੀ-ਪਾੜੇ ਰਾਹੀਂ ਆ ਰਹੀ ਤਬਦੀਲੀ ਵੀ ਸਪਸ਼ਟ ਨਜ਼ਰ ਆਉਣ ਲੱਗ ਪੈਂਦੀ ਹੈ।

'ਸੜਕ' ਇਕ ਹੋਰ ਸਸ਼ਕਤ ਪ੍ਰਤੀਕਾਤਮਕ ਕਹਾਣੀ ਹੈ ਜਿਹੜੀ ਅਜੀਤ ਸਿੰਘ ਦੇ ਚਰਿੱਤਰ ਰਾਹੀਂ ਦੋ ਸਭਿਅਤਾਵਾਂ ਦੇ ਦਰਮਿਆਨ ਸੰਵਾਦ ਦੀ ਇਕ ਤੀਸਰੀ ਧਿਰ ਨੂੰ ਪ੍ਰਵਾਨ ਹੁੰਦੇ ਵਿਖਾਉਂਦੀ ਹੈ। ਅਜੀਤ ਸਿੰਘ ਦੇ ਆਪਣੇ ਭਰਾ ਵੱਲੋਂ ਬੇਮੁੱਖ ਹੋਣ ਤੇ ਕੈਨੇਡਾ ਪਰਵਾਸ ਕਰਨ ਤਕ ਇਕ ਅਜਿਹੀ ਤਬਦੀਲੀ ਹੈ ਜਿਸ ਦਾ ਵਿਆਪਕ ਆਧਾਰ ਇਕ ਡਰਾਇਵਰ ਤੋਂ ਟਰੱਕਿੰਗ ਕੰਪਨੀ ਦਾ ਮਾਲਕ ਬਣਨ ਦੇ ਰੂਪ ਵਿਚ ਮੌਜੂਦ ਹੈ। ਦੋਵਾਂ ਸੰਸਕ੍ਰਿਤੀਆਂ ਦੇ ਮੇਲ ਨੂੰ ਸੜਕਾਂ ਦੇ ਪ੍ਰਤੀਕ ਰਾਹੀਂ ਸਿਰਜਦੀ ਇਹ ਕਹਾਣੀ ਜਰਨੈਲ ਸਿੰਘ ਦੀ ਸੁਚੇਤ ਕਥਾਕਾਰੀ ਦਾ ਪ੍ਰਮਾਣ ਦਿੰਦੀ ਹੈ।

'ਬਰਫ ਤੇ ਦਰਿਆ' ਇਸ ਸੰਗ੍ਰਹਿ ਦੀ ਅਜਿਹੀ ਕਹਾਣੀ ਹੈ ਜਿਸ ਵਿਚ ਭੂ-ਸਥੱਲ ਵੀ ਬਦੇਸ਼ੀ ਹੈ ਤੇ ਪਾਤਰ ਵੀ। ਬੇਸ਼ੱਕ ਕਹਾਣੀ ਦਾ ਵਾਪਰਨ ਖੇਤਰ ਕਨੇਡੀਅਨ ਸਭਿਆਚਾਰ ਵਿਚ ਬਰਫ ਅਤੇ ਪਾਣੀ ਦੀਆਂ ਖੇਡਾਂ ਲਈ ਬਣ ਰਹੀ ਉਹ ਥਾਂ ਹੈ ਜਿਸ ਨੂੰ ਕਿਸੇ ਇੰਪੀਰੀਅਲ ਇੰਟਰਪ੍ਰਾਈਜ਼ ਰਾਹੀਂ ਵਪਾਰਕ ਨੁਕਤੇ ਤੋਂ ਵਰਤੇ ਜਾਣ ਕਰਕੇ ਪਰਿਆਵਰਣ ਨੂੰ ਖਤਰਾ ਪੈਦਾ ਹੁੰਦਾ ਹੈ। ਪਰੰਤੂ ਕਥਾਕਾਰ ਪਰਿਆਵਰਣ ਦੀ ਸਮੱਸਿਆ ਦੇ ਅੰਤਰਗਤ ਪੱਛਮੀ ਮੁਲਕਾਂ ਵਿਚ ਔਰਤ-ਮਰਦ ਦੇ ਸਰੀਰਕ ਸੰਬੰਧਾਂ ਨੂੰ ਵੀ ਪੇਸ਼ ਕਰਨ ਵੱਲ ਰੁਚਿਤ ਹੈ। ਮੁੱਢਲੇ ਰੂਪ ਵਿਚ ਸੋਫ਼ੀਆ ਅਤੇ ਸ਼ੌਨ ਡਗਲਸ ਦੇ ਸੰਬੰਧ ਇਸ ਲਈ ਟੁੱਟ ਜਾਂਦੇ ਹਨ ਕਿਉਂਕਿ ਸ਼ੌਨ ਕੋਈ ਜ਼ਿਆਦਾ ਅਮੀਰ ਨਹੀਂ ਸੀ। ਸੋਫੀਆ ਨੇ ਡੀਨ ਨਾਲ ਮਿਲਣਾ ਤੇ ਉਸ ਬਾਰੇ ਸੋਚਣਾ ਆਰੰਭ ਕਰ ਦਿੱਤਾ। ਐਪਰ ਜਿਉਂ ਹੀ ਡੀਨ ਉਸ ਨੂੰ ਛੱਡ ਕੇ ਚਲਾ ਜਾਂਦਾ ਹੈ ਤੇ ਸੋਫ਼ੀਆ ਦੇ ਮਿਲਣ 'ਤੇ ਵੀ ਉਹ ਉਸ ਨਾਲ 'ਵਿਆਹ ਵਰਗੇ ਸੰਬੰਧਾਂ' ਵਿਚ ਬੱਝਣ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਸੋਫ਼ੀਆ ਨੂੰ ਉਸ ਵਿਚਲੇ ਉਪਭੋਗੀ ਤੇ ਕਾਰੋਬਾਰੀ ਬੰਦੇ ਦੀ ਸਮਝ ਪੈ ਜਾਂਦੀ ਹੈ। ਪਰਿਆਵਰਣ ਬਚਾਓ ਕਮੇਟੀ ਦੀ ਮੈਂਬਰ ਦੇ ਤੌਰ 'ਤੇ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ 'ਇੰਪੀਰੀਅਲ ਇੰਟਰਪ੍ਰਾਈਜ਼' ਕੰਪਨੀ ਦਾ ਅਸਲ ਮਕਸਦ ਬਰਫ਼ ਤੇ ਪਾਣੀ ਦੀਆਂ ਖੇਡਾਂ ਦੀ ਓਟ ਵਿਚ ਅਮੀਰ ਲੋਕਾਂ ਲਈ ਅਯਾਸ਼ੀ ਦਾ ਅੱਡਾ ਬਣਾ ਕੇ ਡਾਲਰ ਕਮਾਉਣਾ ਹੈ ਤਾਂ ਉਹ ਉਸ ਕੰਪਨੀ ਦੇ ਖਿਲਾਫ਼ ਐਕਸ਼ਨ ਕਰਨ ਲਈ ਤਿਆਰ ਹੋ ਜਾਂਦੀ ਹੈ। ਕੰਪਨੀ ਦੇ ਮਾਲਕਾਂ ਵਿਚ ਡੀਨ ਦੇ ਸ਼ਾਮਲ ਹੋਣ ਬਾਰੇ ਜਾਣਕੇ ਤਾਂ ਉਹ ਬਦਲਾ ਲੈਣ ਲਈ ਪਾਗ਼ਲ ਹੋ ਉਠਦੀ ਹੈ।

'ਟਾਵਰਜ਼' ਇਕ ਅਜਿਹੀ ਕਹਾਣੀ ਹੈ ਜਿਹੜੀ 'ਬਰਫ਼ ਅਤੇ ਦਰਿਆ' ਤੋਂ ਬਾਅਦ ਟਾਵਰਜ਼ ਦੇ ਪ੍ਰਤੀਕ ਰਾਹੀਂ ਵਿਸ਼ਵ ਦੀ ਸਭ ਤੋਂ ਵੱਡੀ ਸ਼ਕਤੀ ਦੇ ਚਰਿੱਤਰ ਨੂੰ ਦਰਸਾਉਂਦੀ ਮਨੁੱਖੀ ਦੁਖਾਂਤ ਨੂੰ ਅੰਤਰ-ਰਾਸ਼ਟਰੀ ਸੰਦਰਭ ਵਿਚ ਉਭਾਰਦੀ ਹੈ। ਇਸ ਕਹਾਣੀ ਦੀ ਸ਼ੁਰੂਆਤ ਵੀ ਮੁੱਖ ਪਾਤਰ ਦੇ ਅਤੀਤ ਵਿਚ ਵਾਪਰੀਆਂ ਘਟਨਾਵਾਂ ਨੂੰ ਉਸ ਦੇ ਜ਼ਿਹਨ ਦੇ ਚਿਤਰਪਟ 'ਤੇ ਉਭਾਰਨ ਦੁਆਰਾ ਹੋਈ ਹੈ। ਡੈਨਿਸ ਤੇ ਸਟੇਸੀ ਦੀ ਮੌਤ ਦੇ ਪ੍ਰਭਾਵਾਂ ਨੂੰ ਲੇਖਕ ਨੇ ਜਿਵੇਂ ਕਲਾਤਮਕ ਸੰਜਮ ਨਾਲ ਪੇਸ਼ ਕੀਤਾ ਹੈ ਅਤੇ ਐਂਜਲਾ ਤੇ ਵਿਲੀਅਮ ਦੀ ਮਾਨਸਿਕ ਸਥਿਤੀ ਦੇ ਵਿਸ਼ਮਕਾਰੀ ਪਲਾਂ ਨੂੰ ਮਨੁੱਖੀ ਦੁਖਾਂਤ ਦੇ ਰੂਪ ਵਿਚ ਫੈਲਦੇ ਹੋਏ ਵਿਖਾਇਆ ਹੈ, ਉਸ ਨਾਲ ਕਹਾਣੀ ਦਾ ਰੂਪ ਹੀ ਨਾਵਲੀ ਕਹਾਣੀ ਦੇ ਨੇੜੇ ਨਹੀਂ ਪਹੁੰਚਿਆ ਸਗੋਂ ਮੁੱਖ ਪਾਠ ਵਿਚ ਅਨੇਕਾਂ ਹੋਰ ਉਪਪਾਠਾਂ ਦੀ ਹਾਜ਼ਰੀ ਨੇ ਕਹਾਣੀ ਨੂੰ ਬਹੁ-ਪਰਤੀ ਅਤੇ ਸੰਘਣੀ ਬੁਣਤਰ ਵਾਲੀ ਕਹਾਣੀ ਵਿਚ ਬਦਲ ਦਿੱਤਾ ਹੈ।

ਧੀ ਸਟੇਸੀ ਤੇ ਪੁੱਤਰ ਡੇਨਿਸ ਦੇ ਜੰਗ 'ਚ ਗੁਆਚ ਜਾਣ 'ਚੋਂ ਉਪਜਿਆ ਦੁਖਾਂਤ ਅਮਰੀਕਨ ਪਰਿਵਾਰ ਤਕ ਹੀ ਸੀਮਤ ਨਹੀਂ ਸਗੋਂ ਇਸ ਦੇ ਘੇਰੇ ਵਿਚ ਇਸਰਾਈਲ ਅਬਾਸ ਨਾਂ ਦਾ ਬਾਰਾਂ ਸਾਲ ਦਾ

ਅਭੋਲ ਉਹ ਇਰਾਕੀ ਮੁੰਡਾ ਵੀ ਹੈ ਜਿਹੜਾ ਅਮਰੀਕਾ ਦੇ ਅਰਥ ਵੀ ਨਹੀਂ ਜਾਣਦਾ। ਇਸ ਤਰ੍ਹਾਂ ਸਾਮਰਾਜੀ ਕਾਰਵਾਈਆਂ ਦੇ ਅਮਰੀਕਾ ਦੀ ਅੰਦਰੂਨੀ ਅਤੇ ਅਫਗਾਨਿਸਤਾਨ ਤੇ ਇਰਾਕ ਦੀ ਬਾਹਰੀ ਜ਼ਿੰਦਗੀ ਉੱਤੇ ਪਏ ਪ੍ਰਭਾਵਾਂ ਦੀ ਪੇਸ਼ਕਾਰੀ ਰਾਹੀਂ ਜਰਨੈਲ ਸਿੰਘ ਰਾਜਸੀ ਸੂਝ ਦਾ ਪ੍ਰਗਟਾਵਾ ਕਰਦਾ ਹੋਇਆ ਮਨੁੱਖੀ ਦੁਖਾਂਤ ਦੇ ਸਮਾਜਕ ਪੱਖ ਤਕ ਹੀ ਸੀਮਤ ਨਹੀਂ ਰਹਿੰਦਾ, ਸਗੋਂ ਤੀਸਰੀ ਦੁਨੀਆਂ ਦੇ ਪ੍ਰਤੀਕਰਮ ਵਜੋਂ ਬੋਲਦਾ ਹੈ। ਸਮੁੱਚੀ ਕਹਾਣੀ ਵਿਚ ਐਟਲਾਂਟਿਕ ਮਹਾਂਨਗਰ ਦਾ ਬਿੰਬ ਇਸ ਕਦਰ ਫੈਲਿਆ ਹੋਇਆ ਹੈ ਕਿ ਉਹ ਵਿਲੀਅਮ ਤੇ ਐਂਜਲਾ ਦੀ ਉਦਾਸੀ, ਦੁੱਖ ਅਤੇ ਖ਼ੌਫ਼ ਭਰੀ ਜ਼ਿੰਦਗੀ ਦੇ ਵਿਭਿੰਨ ਪਲਾਂ ਨੂੰ ਆਪਣੇ ਅੰਦਰ ਸਮੋਂਦਾ, ਫੈਲਾਉਂਦਾ ਤੇ ਸੁੰਗੇੜਦਾ ਹੋਇਆ ਆਪਣੀ ਵਿਆਪਕ ਹੋਂਦ ਦਾ ਪਰਿਚੈ ਦਿੰਦਾ ਹੈ। ਅਮਰੀਕਾ ਦੀ ਸੁਪਰਮੇਸੀ ਤੇ ਆਤੰਕ ਤੋਂ ਪ੍ਰਭਾਵਤ ਐਟਲਾਂਟਿਕ ਮਹਾਂਸਾਗਰ ਦੇ ਬਿੰਬ ਨੂੰ ਵੀ ਕਥਾਕਾਰ ਨੇ ਦੁੱਖ ਵਿਚ ਗ੍ਰਸਤ ਹੁੰਦੇ ਵਿਖਾਇਆ ਹੈ।

ਪਰਵਾਸੀ ਸਾਹਿਤ ਦੇ ਸੰਦਰਭ ਵਿਚ ਉਠਾਇਆ ਜਾਣ ਵਾਲਾ ਅਹਿਮ ਮਸਲਾ ਹੈ ਪਰਵਾਸੀਆਂ ਦੀ ਨੈਤਿਕਤਾ, ਧਰਮ, ਰਾਸ਼ਟਰ ਆਦਿ ਬਾਰੇ ਉਹਨਾਂ ਦੀ ਪਹੁੰਚ। ਇਸ ਪ੍ਰਸੰਗ ਵਿਚ ਜਰਨੈਲ ਸਿੰਘ ਦੀ ਇਸ ਪੁਸਤਕ ਵਿਚ ਕਈ ਸਵਾਲ ਉਭਰਦੇ ਹਨ। 'ਸੜਕਾਂ' ਵਿਚ ਅਜੀਤ ਸਿੰਘ ਮਿਸਟਰ ਜੌਕ ਨਾਲ ਮਿਲ ਕੇ ਕਨੇਡੀਅਨ ਅਰਥ ਵਿਵਸਥਾ ਵਿਚ ਅਮੀਰ ਹੋਣ ਦੀ ਲਾਲਸਾ ਕਰ ਰਿਹਾ ਹੈ। ਉਸ ਦੇ ਪੁੱਤਰ "ਕਰਨ" ਨੇ ਦੁਰਘਟਨਾਗ੍ਰਸਤ ਟਰੱਕ ਦੇ ਡਰਾਈਵਰ ਨੂੰ ਵੀ ਆਪਣੀ ਜਾਨ ਦੇ ਕੇ ਅੰਤਰ-ਰਾਸ਼ਟਰੀ ਪਾੜਿਆਂ ਤੋਂ ਉੱਪਰ ਉੱਠਣ ਦੀ ਵਿਹਾਰਕ ਸਥਿਤੀ ਨੂੰ ਉਭਾਰ ਦਿੱਤਾ ਹੈ। ਪਰੰਤੂ 'ਟਾਵਰਜ਼' ਵਿਚ ਇਰਾਕੀ ਮੂਲ ਦਾ ਅਲਦੁਲ ਹਮੇਦੀ 'ਕੋਰੇ ਕਰਾਰੇ ਬੋਲ ਬੋਲਦਾ ਉਨ੍ਹਾਂ ਇਮੀਗ੍ਰਾਂਟਾਂ ਵਰਗਾ ਲਗਦਾ ਹੈ, ਜਿਹੜੇ ਕਹਾਉਂਦੇ ਤਾਂ ਆਪਣੇ ਆਪ ਨੂੰ ਅਮਰੀਕਨ ਹਨ, ਅਮਰੀਕੀ ਪਛਾਣ-ਪੱਤਰਾਂ ਦਾ ਬੜੇ ਗ਼ਰੂਰ ਨਾਲ ਦਿਖਾਵਾ ਵੀ ਕਰਦੇ ਹਨ ਪਰ ਅਸਲ 'ਚ ਹੁੰਦੇ ਨੇ ਉਹ ਆਪਣੇ ਪਿਛਲੇ ਮੁਲਕਾਂ ਦੇ ਬੰਦੇ ਹੀ।'

ਇਸ ਤਰ੍ਹਾਂ 'ਸੜਕਾਂ' ਅਤੇ 'ਟਾਵਰਜ਼' ਰਾਹੀਂ ਲੇਖਕ ਦਰਸਾਉਂਦਾ ਹੈ ਕਿ ਆਰਥਿਕ ਪੱਖ ਤੋਂ ਪਰਵਾਸੀ ਉਹਨਾਂ ਮੁਲਕਾਂ ਦੇ ਹਨ ਜਿੱਥੇ ਉਹ ਧੜਾ ਧੜ ਡਾਲਰ ਕਮਾ ਰਹੇ ਹਨ। ਪਰੰਤੂ ਸੰਸਕ੍ਰਿਤੀ ਦੇ ਵਿਭਿੰਨ ਪੱਖਾਂ ਤੋਂ ਉਹ ਪਿਛਲੇ ਮੁਲਕ ਦੇ ਹੀ ਹਨ।

ਇਸ ਪੁਸਤਕ ਰਾਹੀਂ ਜਰਨੈਲ ਸਿੰਘ ਨੇ ਗੋਰੇ ਪਾਤਰਾਂ ਵਿਲੀਅਮ-ਐਂਜਲਾ, ਜੌਕ-ਕੈਥੀ, ਸੋਫ਼ੀਆ-ਸ਼ੌਨ ਨੂੰ ਪੇਸ਼ ਕਰਨ ਦੇ ਨਾਲ ਨਾਲ ਪਰਵਾਸੀਆਂ, ਅਜੀਤ ਸਿੰਘ, ਕਰਨ, ਅਬਦੁਲ ਹਮੇਦੀ ਤੇ ਜਮੀਲਾ ਵਿਚ ਆਈ ਚਰਿੱਤਰਗਤ ਤਬਦੀਲੀ ਨੂੰ ਵੀ ਬਾਖੂਬੀ ਰਜਿਸਟਰ ਕੀਤਾ ਹੈ। ਇਹ ਪਰਵਾਸੀ ਕਈ ਸਥਿਤੀਆਂ ਵਿਚ ਬੇਸ਼ੱਕ ਡਾਵਾਂਡੋਲ ਹੁੰਦੇ ਹਨ ਪਰੰਤੂ ਮਨੁੱਖਤਾ ਪ੍ਰਤੀ ਲਗਾਓ ਅਤੇ ਫਰਜ਼ ਨੂੰ ਉਹ ਕਦਾਚਿਤ ਲਾਂਭੇ ਨਹੀਂ ਹੋਣ ਦਿੰਦੇ। ਵਿਸ਼ੇਸ਼ ਤੌਰ 'ਤੇ ਪਰਵਾਸੀ ਪੰਜਾਬੀ ਜਿਸ ਢੰਗ ਨਾਲ ਵਿਕਸਿਤ ਸਮਾਜਾਂ ਵਿਚ ਆਪਣੀ ਪਛਾਣ ਕਾਇਮ ਕਰਨ ਵਿਚ ਲੱਗੇ ਹੋਏ ਹਨ, ਜਿਵੇਂ ਉਹ ਉਥੋਂ ਦੀ ਸੰਸਕ੍ਰਿਤੀ/ਆਰਥਿਕਤਾ ਤੇ ਹੋਰ ਕਈ ਪੱਖਾਂ ਵਿਚ ਸ਼ਾਮਲ ਹੋਣ ਲਈ ਸੰਘਰਸ਼ਸ਼ੀਲ ਹਨ, ਉਸ ਦੀ ਇਕ ਭਰਵੀਂ ਨਿਸ਼ਾਨਦੇਹੀ ਜਰਨੈਲ ਸਿੰਘ ਦੇ ਇਸ ਕਥਾ ਸੰਗ੍ਰਹਿ 'ਚੋਂ ਹੁੰਦੀ ਹੈ। ਨਾਲ ਹੀ ਅਣਸੁਲਝੇ ਰੂਪ 'ਚ ਇਸ ਕਥਾ ਸੰਗ੍ਰਹਿ ਨੇ 'ਟਾਵਰਜ਼' ਕਹਾਣੀ ਦੇ ਮਾਧਿਅਮ ਰਾਹੀਂ ਕੁਝ ਅਜਿਹੇ ਸਵਾਲ ਉਭਾਰ ਦਿੱਤੇ ਹਨ ਕਿ ਫੈਸਲਾਕੁਨ ਸਮਿਆਂ ਵਿਚ ਪਰਵਾਸੀਆਂ ਦੀ ਸਥਿਤੀ ਕੀ ਹੋਏਗੀ, ਜਦੋਂ ਕਦੇ ਉਹਨਾਂ ਨੂੰ ਇਰਾਕੀ ਮੂਲ ਦੇ ਅਬਦੁਲ ਹਮੀਦੀ ਵਾਂਗ ਇਰਾਕ ਦੀ ਤਬਾਹੀ ਤੇ ਅਮਰੀਕਨ ਸਰਕਾਰ ਦੀਆਂ ਨੀਤੀਆਂ ਬਾਰੇ ਆਪਣਾ ਪੱਖ ਰੱਖਣ ਦਾ ਮੌਕਾ ਮਲੇਗਾ। ਸਵਾਲ ਇਹ ਰਹੇਗਾ ਕਿ ਵਿਕਸਤ ਪੂੰਜੀਵਾਦੀ ਮੁਲਕਾਂ ਦੀ ਨਾਗਰਿਕਤਾ ਹਾਸਲ ਕਰ ਲੈਣ ਉਪਰੰਤ ਉਹਨਾਂ ਦੀ ਉਥੋਂ ਦੇ ਰਾਜਨੀਤਕ ਮੁਆਮਲਿਆਂ, ਸਮਾਜਕ ਤੇ ਸਭਿਆਚਾਰਕ ਸਥਿਤੀ, ਧਰਮ ਅਤੇ ਰਾਸ਼ਟਰ ਦੇ ਸੰਬੰਧ ਵਿਚ ਭੂਮਿਕਾ ਕਿਹੋ ਜਿਹੀ ਹੋਵੇਗੀ। ਪਰਵਾਸੀ ਪੰਜਾਬੀ ਸਾਹਿਤ ਵਿਚ ਅਜਿਹੇ ਅਣਸੁਲਝੇ ਸਵਾਲਾਂ ਦੀ ਗਲਪੀ ਪੇਸ਼ਕਾਰੀ ਦੀ ਇਹ ਪੁਸਤਕ ਸ਼ੁਰੂਆਤ ਹੈ। ❑ ❑ [ਗੁਰਮੀਤ ਕੱਲਰ ਮਾਜਰੀ]

ਬਚਪਨ ਘਰ ਤੇ ਮੈਂ [ਪ੍ਰਮਿੰਦਰਜੀਤ]

ਪ੍ਰਮਿੰਦਰਜੀਤ ਨੇ ਸੁਰਜੀਤ ਪਾਤਰ ਤੇ ਜੋਗਿੰਦਰ ਸਿੰਘ ਕੈਰੋਂ ਨਾਲ ਰਲ ਕੇ 'ਕੋਲਾਜ ਕਿਤਾਬ' ਨਾਂ ਦੀ ਸਾਂਝੀ ਕਾਵਿ ਪੁਸਤਕ 1973 ਵਿਚ ਛਪਵਾਈ ਜਿਸਤੋਂ ਪੰਜਾਬੀ ਕਵਿਤਾ ਦੇ ਸਿਰਜਣਾਤਮਕ ਇਤਿਹਾਸ ਵਿਚ ਉਸਦਾ ਪ੍ਰਵੇਸ਼ ਮੰਨਿਆ ਜਾ ਸਕਦਾ ਹੈ। 1981 ਵਿਚ ਉਸਨੇ 'ਲਿਖਤੁਮ ਪ੍ਰਮਿੰਦਰਜੀਤ' ਅਤੇ ਫਿਰ ਲਗਪਗ 19 ਸਾਲ ਬਾਅਦ 'ਮੇਰੀ ਮਾਰਫ਼ਤ' (2000) ਨਾਂ ਦੀਆਂ ਦੋ ਕਾਵਿ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ। ਤੀਸਰੀ ਯਾਨੀ ਹੱਥਲੀ ਪੁਸਤਕ 'ਬਚਪਨ ਘਰ ਤੇ ਮੈਂ' (ਪੰਨੇ 120, ਮੁੱਲ 120 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਉਸਦੀ ਦੂਸਰੀ ਪੁਸਤਕ ਤੋਂ ਲਗਪਗ ਪੰਜ ਸਾਲ ਬਾਅਦ ਯਾਨੀ 2005 ਵਿਚ ਛਪੀ। ਇੰਝ, ਪ੍ਰਮਿੰਦਰਜੀਤ ਦਾ ਸਿਰਜਣਾਤਮਕ ਸਫ਼ਰ ਲਗਪਗ ਤਿੰਨ ਦਹਾਕਿਆਂ ਤਕ ਪਸਰਿਆ ਪਿਆ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਪਿਛਲੇ ਤਿੰਨ ਦਹਾਕੇ ਨਿੱਜਮੂਲਕ ਕਵਿਤਾ ਦੀ ਸਿਰਜਣਾ ਦਾ ਸਮਾਂ ਹਨ। ਪ੍ਰਮਿੰਦਰਜੀਤ ਨੂੰ ਅਜਿਹੀ ਕਵਿਤਾ ਦਾ ਪ੍ਰਮੁੱਖ ਹਸਤਾਖ਼ਰ ਮੰਨਿਆ ਜਾ ਸਕਦਾ ਹੈ। ਉਸ ਦੀਆਂ ਤਿੰਨਾਂ ਕਿਤਾਬਾਂ ਦੇ ਸਿਰਲੇਖ ਪ੍ਰਤੱਖ ਹੀ ਉਸਦੀ ਨਿੱਜਮੂਲਕ ਕਾਵਿ ਸਿਰਜਣਾ ਵੱਲ ਸੰਕੇਤ ਕਰਦੇ ਹਨ। ਉਸਦੇ ਕਾਵਿ ਵਸਤੂ ਦੀ ਡੂੰਘੀ ਘੋਖ ਕੀਤਿਆਂ ਇਹ ਗੱਲ ਹੋਰ ਵੀ ਪ੍ਰੱਕ ਹੁੰਦੀ ਜਾਪਦੀ ਹੈ। ਐਪਰ ਪ੍ਰਮਿੰਦਰਜੀਤ ਦਾ ਕਾਵਿ ਸਰੋਕਾਰ ਮੈਂ ਮੂਲਕ ਕਾਵਿ ਜੁਗਤ ਦੀ ਸਿਰਜਣਾ ਰਾਹੀਂ ਮਨੁੱਖੀ ਹੋਂਦ ਦੀ ਤਲਾਸ਼ ਕਰਨ ਦੇ ਨਾਲ ਨਾਲ ਸਮਾਜਕ ਤੇ ਮਨੁੱਖੀ ਰਿਸ਼ਤਿਆਂ ਦੀ ਪਛਾਣ ਕਰਨਾ ਵੀ ਬਣਦਾ ਹੈ। ਇਹੀ ਤਲਾਸ਼ ਤੇ ਪਛਾਣ ਪ੍ਰਮਿੰਦਰਜੀਤ ਦੀ ਕਵਿਤਾ ਦਾ ਵਿਚਾਰਧਾਰਕ ਆਧਾਰ ਹੈ। 'ਬਚਪਨ ਘਰ ਤੇ ਮੈਂ' ਵੀ ਉਸ ਦੀਆਂ ਦੂਸਰੀਆਂ ਦੋਵੇਂ ਕਾਵਿ ਪੁਸਤਕਾਂ ਵਾਂਗ ਇਸੇ ਵਿਚਾਰਧਾਰਕ ਆਧਾਰ ਦਾ ਕਾਵਿਕ ਪਾਸਾਰ ਹੈ।

ਹੱਥਲੀ ਕਾਵਿ ਪੁਸਤਕ ਵਿਚ ਬਚਪਨ ਇਕ ਕਾਵਿ-ਵਿਧੀ ਵਜੋਂ ਕਾਰਜ ਕਰਦਾ ਹੈ ਜੋ ਕਿ ਬਚਪਨ ਨੂੰ ਜੀਵਨ ਦੇ ਪਹਿਲੇ ਪੜਾਅ ਦੇ ਰੂਪ ਵਿਚ ਉਘਾੜਦਾ ਹੈ। ਬਚਪਨ ਉਦੋਂ ਕਾਵਿ-ਵਸਤੂ ਬਣ ਜਾਂਦਾ ਹੈ ਜਦੋਂ ਇਸਦੇ ਵਿਭਿੰਨ ਰੰਗ ਕਵਿਤਾ ਵਿਚੋਂ ਸਾਕਾਰ ਹੋਣ ਲੱਗ ਪੈਂਦੇ ਹਨ। ਬਚਪਨ ਉਦੋਂ ਦ੍ਰਿਸ਼ਟੀਕੋਣ ਦਾ ਰੂਪ ਧਾਰ ਜਾਂਦਾ ਹੈ ਜਦੋਂ ਕਵੀ ਪ੍ਰਮਿੰਦਰਜੀਤ ਆਪਣੇ 'ਚੋਂ ਆਪਣੇ ਬਚਪਨ ਦੇ ਮਨਫ਼ੀ ਨਾ ਹੋਣ ਦਾ ਕਾਵਿ-ਉਦੇਸ਼ ਸਿਰਜਦਾ ਹੈ। ਅਜਿਹੇ ਉਦੇਸ਼ ਦੀ ਸਿਰਜਣਾ ਅੱਜੋਕੇ ਵਿਸ਼ਵ ਵਰਤਾਰੇ 'ਚ ਪਸਰੀ ਅਮਾਨਵੀ ਕਾਲਖ ਨੂੰ ਦਰਸਾਉਣ ਤੇ ਮਾਨਵੀ ਮਨਾਂ ਉਤੋਂ ਉਸਨੂੰ ਧੋਣ ਲਈ ਕੀਤੀ ਗਈ ਹੈ। ਕਾਲਖ: ਰਿਸ਼ਤਿਆਂ ਨੂੰ ਲੱਗੀ ਸਿਉਂਕ ਦਾ ਨਾਂ ਹੈ ਜਿਸ ਤੋਂ ਕੋਈ ਘਰ ਮਹਿਫ਼ੂਜ਼ ਨਹੀਂ ਰਹਿ ਸਕਦਾ। ਘਰ: ਵਿਅਕਤੀ ਦੇ ਤਨੋਂ ਮਨੋਂ ਤੇ ਸੱਚੇ ਸੁੱਚੇ ਰਿਸ਼ਤਿਆਂ ਸੰਗ ਉਸਰਿਆ ਘਰ। ਘਰ, ਜੋ ਪ੍ਰਿੰਸੀਪਲ ਤੇਜਾ ਸਿੰਘ ਦੇ ਕਹਿਣ ਵਾਂਗ ਇੱਟਾਂ ਵੱਟਿਆਂ ਤੋਂ ਬਣਿਆ ਕੋਠਾ ਨਹੀਂ ਸਗੋਂ ਘਰ ਤੋਂ ਉਸਦਾ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦਾ ਪਿਆਰ ਤੇ ਸੱਧਰਾਂ ਪਲਦੀਆਂ ਹਨ, ਮਨੁੱਖ ਦੇ ਆਚਰਨ ਦੀ ਅਸਲ ਉਸਾਰੀ ਹੁੰਦੀ ਹੈ, ਜਿਹੜੀ ਉਸਦੇ ਸਮੁੱਚੇ ਜੀਵਨ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਘਰ ਦਾ ਮਾਨਵਵਾਦੀ ਸੁਹਜ-ਸ਼ਾਸਤਰ ਉਘਾੜਨ ਵਾਲੀ ਗੱਲ ਪ੍ਰਮਿੰਦਰਜੀਤ ਦੀ ਕਵਿਤਾ ਇੰਝ ਕਰਦੀ ਹੈ:

ਘਰ ਕੰਧਾਂ ਨਹੀਂ ਹੁੰਦੇ, ਕੰਧਾਂ 'ਚ ਨਹੀਂ ਵਸਦੇ
ਘਰ ਖ਼ੁਦ ਲਿਖਦੇ ਆਪਣੀ ਇਬਾਦਤ
ਰੰਗ ਬਣਦੇ, ਰੰਗ ਬਣ ਕੇ ਵਰਸਦੇ
ਘਰ ਹੁੰਦੇ ਤਿਉਹਾਰਾਂ ਜਿਹੇ, ਉਦਾਸੀਆਂ ਨੂੰ ਸੁਰਮਈ ਬਣਾਉਂਦੇ
ਘਰਾਂ 'ਚ ਬੰਦਾ ਮੌਲਦਾ, ਵਿਗਸਦਾ,ਹਰਿਆਵਲ ਜੀਊਂਦਾ, ਮਾਣਦਾ
ਘਰ 'ਚ ਹੁੰਦਾ ਸਿਦਕ, ਜੇਰਾ, ਲੰਮੇ ਸਫ਼ਰ ਦੀ ਲਾਲਸਾ
ਬਾਹਾਂ 'ਚ ਹੁੰਦੇ ਬਾਦਬਾਨ

ਘਰ ਲਿਖਦੇ ਮਹਾਯਾਤਰਾ ਦੇ ਸਿਰਨਾਵੇਂ
ਪੂਰਾ ਜਿਸਮ ਹੁੰਦਾ ਲਹਿਰਾਂ ਦੇ ਸਨਮੁੱਖ
ਘਰ ਦੀ ਦਹਿਲੀਜ਼-ਦੂਰ ਤਕ, ਨਜ਼ਰਾਂ 'ਚ ਹੱਸਦੀ
ਘਰ ਦੀ ਜੁਸਤਜੂ, ਜੀਣਾ ਸਿਖਾਵੇ
ਜਿਸਮ ਦੇ ਬਿਰਖ 'ਚੋਂ, ਹਰਿਆਵਲ ਮੁਸਕਰਾਵੇ

ਪ੍ਰਮਿੰਦਰਜੀਤ ਦੀ ਕਵਿਤਾ ਤਾਂ ਮਾਨਵੀ ਚਿੰਤਾ 'ਚੋਂ ਉਪਜਦੀ ਹੈ। ਘਰੇਲੂ ਚਿੰਤਾ ਦੀ ਗਹਿਰ ਗੰਭੀਰ ਮੁਦਰਾ ਉਸਦੀ ਕਵਿਤਾ ਦੇ ਆਸਣ ਉੱਤੇ ਬਿਰਾਜਮਾਨ ਵੇਖੀ ਜਾ ਸਕਦੀ ਹੈ। 'ਘਰਾਂ 'ਚ/ਘਰਾਂ ਵਾਂਗ ਜੀਣ ਦੀ ਤਕਨੀਕ/ਕੌਣ ਸਿਖਾਵੇ' ਦਾ ਕਾਵਿ ਪ੍ਰਵਚਨ ਉਸਾਰਦੀ ਹੋਈ ਉਸਦੀ ਕਵਿਤਾ ਘਰ ਦੀ ਤਾਸੀਰ ਨੂੰ ਜ਼ਿੰਦਗੀ ਦੀ ਪਾਠਸ਼ਾਲਾ 'ਚ ਪਕਾਏ ਰੂਪ ਵਿਚ ਸਾਕਾਰ ਕਰਦੀ ਹੈ। ਇਸ ਵਿਚ ਜਿਵੇਂ ਬਚਪਨ ਇਕ ਵਿਧੀ ਵਜੋਂ ਕਾਰਜ ਕਰਦਾ ਹੈ ਉਵੇਂ ਹੀ ਘਰ ਦਾ ਸੰਕਲਪ ਵੀ ਇਕ ਵਿਧੀ ਵਜੋਂ ਕਾਰਜ ਕਰਦਾ ਵੇਖਿਆ ਜਾ ਸਕਦਾ ਹੈ :

ਘਰ ਬਣਾਉਂਦਾ ਬੰਦਾ/ ਨਿੱਘ ਦੀ ਕਾਮਨਾ ਕਰਦਾ
ਘਰ ਦੀ ਤਲਾਸ਼ ਵਿਚ ਰਹੇ ਸਦਾ/ਆਦਿ ਸ਼ਰਨਾਰਥੀ

ਇਸ ਆਦਿ ਸ਼ਰਨਾਰਥੀ ਦੇ ਅੱਜੋਕੇ ਸ਼ਰਨਾਰਥੀਪਣ ਨੂੰ ਪ੍ਰਮਿੰਦਰਜੀਤ ਦੀ ਕਾਵਿ ਨਜ਼ਰ ਸੰਵਾਦੀ ਲਹਿਜੇ 'ਚ ਗ੍ਰਹਿਣ ਕਰਕੇ ਇਸ ਦੀ ਇਬਾਰਤ ਨੂੰ ਆਪਣੀ ਕਵਿਤਾ ਉੱਤੇ ਇੰਝ ਖੁਣਦੀ ਹੈ:

ਘਰਾਂ 'ਚ ਬੰਦਾ, ਜੀਊਂਦਾ ਨਹੀਂ ਜੀਵਿਆ ਜਾਂਦਾ
ਆਪਣੀ ਨਹੀਂ, ਦੂਜਿਆਂ ਦੀ ਜੂਨ ਭੋਗਦਾ
ਘਰਾਂ 'ਚ ਰਿਸ਼ਤੇ ਨਹੀਂ
ਰਿਸ਼ਤਿਆਂ ਦੇ ਮੈਲੇ ਲਿਬਾਸ ਰਹਿੰਦੇ
ਤਨ ਦੀ ਮਿੱਟੀ ਨੂੰ ਭੋਗਦੇ
ਮੁੱਕ ਜਾਵੇ ਬੰਦਾ, ਪਰ ਕਾਇਮ ਰਹਿੰਦੇ, ਇਹ ਲਿਬਾਸ
ਵੇਲੇ ਕੁਵੇਲੇ ਦੀ ਵਰਤੋਂ ਲਈ

ਤਨ ਦੀ ਮਿੱਟੀ ਨੂੰ ਭੋਗਣ ਵਾਲੇ ਰਿਸ਼ਤਿਆਂ ਦੇ ਮੈਲੇ ਲਿਬਾਸ, ਸਮਿਆਂ ਦੀ ਤਲਖ਼ੀ, ਲੂਸੀਆਂ ਸੋਚਾਂ 'ਚੋਂ ਪੈਦਾ ਹੋਈ ਨਫ਼ਰਤ ਤੇ ਬੇਪਰਦਗੀ, ਤੁਹਮਤਾਂ ਦੀ ਅੱਗ, ਰਿਸ਼ਤਿਆਂ ਦੀ ਜ਼ਿਲਤ, ਚਿਪਚਿਪੇ ਸਾਥ, ਘਰਾਂ ਦੀ ਘੁਟਣ, ਪੂਰਤੀਆਂ ਤੇ ਅਪੂਰਤੀਆਂ ਦਾ ਹੁੰਮਸ, ਜ਼ਿੰਦਗੀ ਸੰਗ ਖਹਿੰਦੇ ਖੁਰਦਰੇ ਅਹਿਸਾਸ, ਨਿੱਕੀਆਂ ਵੱਡੀਆਂ ਲੋੜਾਂ ਥੁੜਾਂ, ਦੇਹਾਂ ਦਾ ਅਣਇੱਛਤ ਸੰਵਾਦ, ਗ਼ਰਜ਼ਮੰਦ ਮੁਸਕਣੀਆਂ, ਅਣਕੀਤੇ ਸਫ਼ਰ ਦੀ ਅਭਿਲਾਸ਼ਾ, ਮਮਤਾ ਦੀ ਉਡੀਕ ਕਰਦਾ ਬਚਪਨ, ਹਿੱਕਾਂ 'ਤੇ ਲਹੂ ਦੀ ਇਬਾਰਤ ਲਿਖਦੇ ਖੰਜਰ, ਕੰਡਿਆਲੀਆਂ ਹੱਥ ਘੁੱਟਣੀਆਂ, ਸੋਚਾਂ ਦਾ ਕੋਹਜ ਡੋਲ੍ਹਦੇ ਹੰਕਾਰੀ ਚਿਹਰੇ, ਸੋਕੋਂ ਸੱਖਣੇ ਜਜ਼ਬੇ ਇਤਿਆਦਿ ਸ਼ਬਦ, ਵਾਕੰਸ਼ ਤੇ ਉਪਵਾਕ ਅੱਜੋਕੇ ਵਿਅਕਤੀ ਦੇ ਆਲੇ ਦੁਆਲੇ ਪਸਰੇ ਵਰਤਾਰਿਆਂ ਦੀ ਜ਼ੁਬਾਨ ਹਨ। ਇਨ੍ਹਾਂ ਵਰਤਾਰਿਆਂ ਨੂੰ ਮਾਨਵੀ ਸੰਵੇਦਨਾਵਾਂ 'ਚ ਲੀਨ ਕਰਦੀ ਹੈ-ਪ੍ਰਮਿੰਦਰਜੀਤ ਦੀ ਸੁਜਾਖੀ ਕਵਿਤਾ। ਸੁਜਾਖੀ ਇਸ ਲਈ ਕਿ ਇਹ ਮਨੁੱਖ ਵਿਚਲੀ ਮਨੁੱਖਤਾ ਨੂੰ ਸਾਕਾਰਦੀ ਹੈ। ਪ੍ਰਮਿੰਦਰਜੀਤ ਦੀ ਕਵਿਤਾ ਉਸਾਰੂ ਜ਼ਿੰਦਗੀ ਨੂੰ ਕਾਵਿਕ ਜੁਗਤ ਵਜੋਂ ਵਰਤਦੀ ਹੈ ਜਿਸਦੀ ਪਛਾਣ ਹੇਠ ਲਿਖੇ ਕਾਵਿ-ਬੋਲਾਂ 'ਚੋਂ ਸਹਿਜੇ ਹੀ ਹੋ ਜਾਂਦੀ ਹੈ:

ਕਵਿਤਾ ਵਿਹੰਦੀ ਏ ਹਰ ਪਲ
ਕਈ ਕੁਝ ਤਿੜਕਦਾ, ਢਹਿ ਢੇਰੀ ਹੁੰਦਾ
ਕਵਿਤਾ ਹਰ ਕੁਝ ਦੇ ਕੋਲ ਬੈਠੀ

ਵਿਲਕਦੀ ਸਹਿਕਦੀ, ਕਵੀ ਨੂੰ ਮੁਖਾਤਿਬ ਰਹੇ
ਕਵਿਤਾ ਕਵੀ ਦੀਆਂ ਉਦਾਸੀਆਂ ਦੀ ਗਵਾਹ
ਕਵਿਤਾ ਕਵੀ ਤੋਂ ਨਾ ਬੇਮੁਖ ਹੋਵੇ ਕਦੇ

ਮਾਨਵੀ ਜ਼ਿੰਦਗੀ ਤੇ ਸਮਾਜ ਵਿਚਲੇ ਵਹਿਸ਼ੀ ਸ਼ੋਰ ਦੇ ਰੂਬਰੂ ਹੁੰਦੀ ਪ੍ਰਮਿੰਦਰਜੀਤ ਦੀ ਕਵਿਤਾ 'ਬੇਵਸ ਤੇ ਲਾਚਾਰ ਖੜ੍ਹੇ ਏਕਲਵਯ' ਦੇ ਨਕਸ਼ ਵੀ ਨਿਹਾਰਦੀ ਹੈ। ਉਸ ਦੀ ਕਵਿਤਾ ਵਿਚਲਾ 'ਏਕਲਵਯ' ਮਹਾਂਭਾਰਤ ਦਾ 'ਏਕਲਵਯ' ਨਹੀਂ ਸਗੋਂ ਅੱਜੋਕੇ ਸਮੇਂ ਦਾ 'ਏਕਲਵਯ' ਹੈ ਜਿਸ ਦੇ ਅੰਗੂਠਿਆਂ ਨੂੰ ਖੂੰਖਾਰ ਪੂੰਜੀਵਾਦੀ ਨਿਜ਼ਾਮ ਲਗਾਤਾਰ ਕੱਟੀ ਜਾ ਰਿਹਾ ਹੈ। ਪਰ ਜਿਹੜਾ ਆਪਣੀਆਂ ਲੋੜਾਂ ਤੇ ਥੁੜਾਂ ਦਾ ਰੋਜ਼ਨਾਮਚਾ ਲਿਖਦਾ ਹੈ; ਜੀਣ ਜੋਗੇ ਪਲਾਂ ਨੂੰ ਜੀਣ ਲਈ, ਆਪਣੇ ਗੀਤਾਂ ਦੀ ਸਰਗਮ ਨੂੰ ਬਚਾਉਣ ਲਈ। ਇਸ ਪਰਥਾਏ ਕਵਿਤਾ ਦੇ ਬੋਲ ਹਨ:

ਮੈਂ ਜਿਨ੍ਹਾਂ ਲਈ, ਆਪਣੇ ਆਪ 'ਚੋਂ ਹੀ ਮਨਫ਼ੀ ਹੁੰਦਾ ਰਿਹਾ
ਉਨ੍ਹਾਂ ਸਾਰੇ ਧੁਆਂਖੇ ਅਕਾਰਾਂ ਨੂੰ
ਆਪਣੀ ਮਿੱਟੀ 'ਤੇ ਇਲਜ਼ਾਮ ਧਰਦੇ ਤੱਕਾਂਗਾ-ਨਹੀਂ ਸੀ ਸੋਚਿਆ
ਮੈਂ ਉਨ੍ਹਾਂ ਦੇ ਮੇਚ ਆਉਣ ਲਈ
ਆਪਣੇ ਆਪ ਨੂੰ ਹੀ ਕਤਰਦਾ ਵਿਉਂਤਦਾ ਰਿਹਾ
ਉਹ ਮੈਨੂੰ ਪਹਿਨ ਕੇ ਵੀ, ਬੇਮੇਚ ਕਹਿੰਦੇ ਰਹੇ

ਇੰਝ ਪ੍ਰਮਿੰਦਰਜੀਤ ਦੀ ਕਵਿਤਾ ਅਜਿਹੇ ਨਾਇਕ ਦੀ ਸਿਰਜਣਾ ਕਰਦੀ ਹੈ ਜਿਸਨੂੰ ਆਪਣੇ ਨਾਇਕ ਹੋਣ ਦੀ ਖਬਰ ਤਕ ਨਹੀਂ। ਇਹ ਨਾਇਕ ਅੱਜ ਦੇ ਸਮੇਂ ਦੀਆਂ ਅਸਤਿਤਵੀ ਅਤੇ ਸਮਾਜਕ ਵੰਗਾਰਾਂ, ਦੁਸ਼ਵਾਰੀਆਂ ਤੇ ਝਮੇਲਿਆਂ ਦੀ ਰਗੜ ਵਿਚੋਂ ਪੈਦਾ ਹੋਇਆ ਹੈ। ਉਸ ਵਿਚੋਂ ਸਮਾਜ ਦੀ ਉਦਾਸੀਨ ਸਥਿਤੀ ਦਾ ਮਹਾਂਬਿੰਬ ਸਾਕਾਰ ਹੁੰਦਾ ਹੈ:

ਕੇਹਾ ਨਾਇਕ ਹਾਂ ਮੈਂ
ਕਿਸ ਦੇ ਖ਼ਿਲਾਫ਼ ਹੈ ਮੇਰੀ ਲੜਾਈ, ਮੈਨੂੰ ਨਹੀਂ ਪਤਾ
ਹਾਰ ਬੇਸ਼ੱਕ ਮੇਰੀ ਹੀ ਹੋਵੇ
ਮੈਂ ਆਪਣੀ ਜਿੱਤ ਨੂੰ ਵੀ, ਆਪਣੀ ਨਹੀਂ ਕਹਿ ਸਕਦਾ

ਅਜਿਹਾ ਦੁਖਾਂਤਕ ਨਾਇਕ ਉਸ ਕੌਮਾਂਤਰੀ ਪੂੰਜੀਵਾਦੀ ਨਿਜ਼ਾਮ ਦੀ ਦੇਣ ਹੈ ਜਿਸਨੂੰ ਤਜਾਰਤੀ ਵਿਸ਼ਵੀਕਰਨ ਵੀ ਕਿਹਾ ਜਾਂਦਾ ਹੈ। ਪ੍ਰਮਿੰਦਰਜੀਤ ਦੀ ਕਾਵਿ-ਮੈਂ ਪੂੰਜੀਵਾਦ ਦੇ ਅਜਿਹੇ ਵਰਤਾਰੇ ਨੂੰ ਸਮਝ ਕੇ ਇਸ ਵਿਚ ਪਿਸਦੇ ਤੀਸਰੀ ਦੁਨੀਆਂ ਦੇ ਲੋਕਾਂ ਅਥਵਾ ਦੇਸ਼ਾਂ ਦੀ ਮਾੜੀ ਹਾਲਤ ਨੂੰ ਕਾਵਿ-ਬੱਧ ਕਰਦੀ ਪ੍ਰਤੀਤ ਹੁੰਦੀ ਹੈ:

ਉਹ ਕਰਦੇ ਨੇ ਤੁਹਾਡੇ ਸੁਪਨਿਆਂ ਦੀ ਤਿਜਾਰਤ
ਤੇ ਤੁਹਾਨੂੰ ਮਿੱਟੀ ਤੇ ਪਸੀਨੇ ਦਾ ਮੁੱਲ ਵੀ ਨਹੀਂ ਮੋੜਦੇ
ਉਨ੍ਹਾਂ ਦੇ ਵਹੀ ਖਾਤਿਆਂ 'ਚ ਤੁਸੀਂ
ਮੂਲ ਦੀ ਰਕਮ ਵਾਂਗ ਨਹੀਂ, ਵਿਆਜ ਦੀ ਦਰ ਵਾਂਗ ਅੰਕਿਤ ਹੋ
ਉਨ੍ਹਾਂ ਦੀ ਮੰਡੀ 'ਚ, ਸਸਤੇ ਦਰਾਂ 'ਚ ਖਰੀਦੀ
ਵੱਡੀ ਮੰਡੀ 'ਚ ਮਹਿੰਗੇ ਭਾਅ ਵਿਕ ਰਹੀ, ਜਿਣਸ ਹੋ ਤੁਸੀਂ
ਵਿਕਣ ਦੇ ਹੱਕ ਵੀ ਰਾਖਵੇਂ ਨਹੀਂ ਤੁਹਾਡੇ ਕੋਲ
ਤੁਹਾਡੀਆਂ ਸੋਚਾਂ 'ਤੇ ਵੀ ਹੱਕ ਉਨ੍ਹਾਂ ਦੇ ਰਾਖਵੇਂ
ਉਹ ਤੁਹਾਨੂੰ ਇਕ ਹੀ ਰੰਗ ਵਿਖਾ ਕੇ

ਖੋਹ ਰਹੇ ਨੇ ਤੁਹਾਡੇ ਸਾਰੇ ਹੀ ਰੰਗ
ਤੁਹਾਡੇ ਘਰਾਂ 'ਚੋਂ ਚੁਰਾਈਆਂ ਸਤਰੰਗੀਆਂ ਨੂੰ
ਉਹ ਨਿੱਤ ਨਿਲਾਮ ਕਰਦੇ ਨੇ
ਤੁਹਾਡੇ ਖ਼ਾਬ ਧੁਖਦੀਆਂ ਨੀਂਦਾਂ 'ਚ, ਅਣਿਆਈ ਮੌਤ ਮਰਦੇ ਨੇ...

ਪ੍ਰਮਿੰਦਰਜੀਤ ਦਾ ਕਾਵਿ ਨਾਇਕ ਅੱਜ ਦੇ ਵਿਅਕਤੀ ਦੇ ਤਨ ਤੇ ਮਨ ਦੀ ਦੂਰੀ ਨੂੰ ਦਰਸਾਉਂਦਾ ਹੈ ਅਤੇ ਇਹ ਵੀ ਵਿਖਾਉਂਦਾ ਹੈ ਕਿ ਦੂਰੀ ਦਾ ਪਾਠ ਲੋਕਤੰਤਰੀ ਪ੍ਰਬੰਧ ਅੰਦਰ ਵਿਕਸਤ ਹੋ ਚੁੱਕਾ ਧਰਮਤੰਤਰੀ ਪ੍ਰਬੰਧ ਪੜ੍ਹਾਉਂਦਾ ਹੈ। ਪ੍ਰਮਿੰਦਰਜੀਤ ਦੀ ਸੋਚਣੀ ਉਨ੍ਹਾਂ ਤੰਤਰਾਂ ਦੀ ਤਤਕਾਲਕ ਕਾਰਜਸ਼ੀਲਤਾ ਦੀ ਮਾਰੂ ਬਿਰਤੀ ਨੂੰ ਪਕੜਦੀ ਹੈ। 'ਕਿਹੜੇ ਇਸ਼ਟ ਨੂੰ ਆਵਾਜ਼ ਦੇਵਾਂ ?', 'ਸੁੰਞੇ ਮੰਦਰ ਮਸਜਿਦ' ਅਤੇ 'ਕਠਿਨ ਹੁੰਦਾ ਏ' ਨਜ਼ਮਾਂ ਅਜਿਹੀ ਮਾਰੂ ਬਿਰਤੀ ਨੂੰ ਕਾਵਿਕ ਪਾਸਾਰ ਦੇ ਕੇ ਵਿਉਂਤੀਆਂ ਗਈਆਂ ਹਨ। ਸ਼ਾਇਦ ਇਸੇ ਲਈ ਚੁੱਪ, ਉਦਾਸੀ ਤੇ ਇਕੱਲਤਾ ਦੀ ਅਥੋਲ ਬੁਝਾਰਤ ਦੇ ਰੂਬਰੂ ਹੁੰਦੀ ਹੋਈ ਪ੍ਰਮਿੰਦਰਜੀਤ ਦੀ ਸ਼ਾਇਰੀ ਜ਼ਿੰਦਗੀ ਸੰਗ ਸੰਵਾਦ ਰਚਾਉਂਦੀ ਹੈ ਅਤੇ ਸਿੱਟਾ ਹੇਠ ਲਿਖੀਆਂ ਕਾਵਿ ਸਤਰਾਂ 'ਚ ਕੱਢਦੀ ਹੈ:

ਆਪਣੇ ਅੰਗ ਸੰਗ ਰਿਹਾ
ਅਭਿੱਜ ਨਿਰਲੇਪ ਜੂਨ ਭੋਗੀ
ਨਹੀਂ ਮਾਣਿਆ ਮੈਂ ਆਪਣਾ ਆਪ...
'ਕੱਲਾ ਕਾਰਾ ਹੀ ਤਾਂ ਹੁੰਦਾ ਏ ਬੰਦਾ
ਸਾਬਤ ਸਬੂਤਾ, ਵਜੂਦ ਵਿਚ ਵਜੂਦ ਵਿਹੂਣਾ...
'ਕੱਲਾ ਕਾਰਾ ਬੰਦਾ
ਇੰਝ ਹੀ ਵਿਗਸਦਾ, ਬਿਣਸਦਾ, ਬੀਤਦਾ ਏ...

ਪ੍ਰਮਿੰਦਰਜੀਤ ਦੀ ਕਵਿਤਾ ਵਿਚ ਜਿੱਥੇ ਉਦਾਸੀ ਅਤੇ ਇਕੱਲਤਾ ਦੇ ਸ਼ੂਕਦੇ ਵਹਿਣ ਵਹਿੰਦੇ ਨੇ, ਉਥੇ ਉਨ੍ਹਾਂ ਨੂੰ ਰੋਕਣ ਤੇ ਸੁਕਾਉਣ ਲਈ ਪਰੰਪਰਾ ਦੇ ਸੂਰਜਾਂ ਦੀ ਤਪਸ਼ ਵੀ ਦਰਕਾਰ ਹੈ। ਸੂਰਜ: ਪਿੰਡ, ਭੀੜੀਆਂ ਗਲੀਆਂ, ਕੱਚੇ ਘਰ, ਢਾਬਾਂ, ਮਸੀਤਾਂ, ਤਕੀਏ, ਚੁਬਾਰੇ, ਢਾਰੇ, ਟਿੰਡਾਂ ਵਾਲੇ ਖੂਹ, ਹਲਟੀਆਂ, ਧੂਣੀਆਂ, ਭੱਠੀਆਂ, ਗਹੀਰੇ, ਚੌਤਰੇ, ਤ੍ਰਿੰਞਣ, ਔਸੀਆਂ, ਤੀਆਂ, ਛਿੰਜਾਂ, ਜਠੇਰੇ, ਪਹੇ, ਫਿਰਨੀਆਂ, ਸੱਥਾਂ ਇਤਿਆਦਿ ਦੇ ਸਭਿਆਚਾਰਕ ਪ੍ਰਬੰਧਾਂ ਦੀ ਕਾਰਜਸ਼ੀਲਤਾ ਵਿਚੋਂ ਉਦੈ ਹੁੰਦੇ ਜਜ਼ਬਾਤ ਹਨ।

ਅੰਤਲੀ ਗੱਲ : ਪ੍ਰਮਿੰਦਰਜੀਤ ਵਿਅਕਤੀ ਅੰਦਰਲੇ ਕ੍ਰਾਂਤੀਕਾਰੀ ਅਤੇ ਸਮਾਜ ਅੰਦਰਲੇ ਸਭਿਆਚਾਰਕ ਭਾਵਾਂ ਨੂੰ ਉਘਾੜਨ ਵਾਲਾ ਕਵੀ ਹੈ, ਜਿਸਦੀ ਪਛਾਣ 'ਬਚਪਨ ਘਰ ਤੇ ਮੈਂ' ਵਿਚ ਬੱਚੇ ਦਾ 'ਬਚਪਨ', 'ਘਰ' ਦੀ ਤਾਸੀਰ ਅਤੇ 'ਮੈਂ' ਦੀ ਪਛਾਣ ਨਾਲ ਸਿਰਜੇ ਕਾਵਿ ਸਰੋਕਾਰਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ। ਅੱਧੇ ਅਧੂਰੇ ਬਚਪਨ, ਟੁੱਟੇ ਘਰ ਦੀ ਤਿੜਕਣ, ਘਰਾਂ 'ਚ ਪਸਰੀ ਸੁੰਞ, ਥੁੜਾਂ ਔਕੜਾਂ ਮਾਰੇ ਤੇ ਅਸਤਿਤਵੀ ਇਕਲਾਪੇ ਨੂੰ ਸਹਿੰਦੇ ਮਨੁੱਖ ਦੇ ਸਮਾਨਾਂਤਰ ਬਚਪਨ ਦੀਆਂ ਉਮੰਗਾਂ, ਮੋਹ ਮੁਹੱਬਤ ਦੇ ਰਿਸ਼ਤੇ ਸੰਗ ਤੁਰਦੀਆਂ ਦੋਸਤੀਆਂ, ਜਰਵਾਣੀ ਸੋਚ ਨੂੰ ਪਰਖਦੀਆਂ ਸੁਜਾਖੀਆਂ ਅੱਖਾਂ, ਅਪਣੱਤ ਦੀਆਂ ਅਨੰਤ ਸੁਰਾਂ ਜਗਾਉਂਦੇ ਜਜ਼ਬਾਤ ਉਸ ਦੀ ਕਵਿਤਾ ਦਾ ਪਿੰਡਾ ਨਿਖਾਰਦੇ ਹਨ। ਅੱਜ ਦੀ ਰਚੀ ਜਾ ਰਹੀ ਪੰਜਾਬੀ ਕਵਿਤਾ ਵਿਚ ਇਹ ਸਭ ਉਸ ਦੇ ਵੱਖਰੇ ਕਾਵਿ ਮੁਹਾਵਰੇ ਦੀ ਗਵਾਹੀ ਵੀ ਦਿੰਦੇ ਹਨ। ਠੀਕ ਹੀ, ਪ੍ਰੀਤਮ ਸਿੰਘ ਆਈ. ਏ. ਐੱਸ. ਨੇ ਪ੍ਰਮਿੰਦਰਜੀਤ ਦੀ ਕਵਿਤਾ ਨੂੰ 'ਖਾਲਸ ਕਵਿਤਾ' ਕਿਹਾ ਹੈ। ਕਵਿਤਾ ਦੇ ਇਸ ਖਾਲਸ ਰੂਪ ਨੂੰ ਮਾਨਣਾ ਤੇ ਪਛਾਣਨਾ ਹਰਿੱਕ ਸਜੱਗ ਕਾਵਿ ਪਾਠਕ ਦਾ ਹੱਕੀ ਕਰਮ ਬਣਦਾ ਹੈ। ❑❑

[ਚੰਦਰ ਮੋਹਨ]

ਦਾਦੇ ਮਗ੍ਹਾਉਣਾ [ਕੁਲਵੰਤ ਗਿੱਲ]

ਸਮਕਾਲੀ ਪੰਜਾਬੀ ਕਹਾਣੀ ਦੇ ਸਿਰਜਣਾਤਮਕ ਖੇਤਰ ਵਿਚ ਕੁਲਵੰਤ ਗਿੱਲ ਨਵਾਂ ਨਾਉਂ ਹੈ। 'ਦਾਦੇ ਮਗ੍ਹਾਉਣਾ' (ਪੰਨੇ 117, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਕਥਾ-ਪੁਸਤਕ ਰਾਹੀਂ ਉਸਨੇ ਇਕ ਚੰਗੇ ਗਲਪਕਾਰ ਵਾਲੇ ਸਾਰੇ ਗੁਣਾਂ ਦਾ ਪ੍ਰਮਾਣ ਦਿੱਤਾ ਹੈ। ਇਸ ਪੁਸਤਕ ਵਿਚ ਵਰਤੀ ਵਿਧੀ ਮੁਤਾਬਕ 'ਪ੍ਰਥਮ-ਪੁਰਖੀ ਬਿਰਤਾਂਤਕਾਰ' ਵਜੋਂ ਆਪਣੀ ਪਛਾਣ ਕਾਇਮ ਕਰਦਿਆਂ ਉਸਨੇ ਵੇਲੇ ਦੀਆਂ ਸਮੱਸਿਆਵਾਂ ਨੂੰ ਆਪਣੀ ਕਹਾਣੀ ਦੇ ਮੂਲ ਸਰੋਕਾਰ ਬਣਾਇਆ ਹੈ। ਕਹਾਣੀ ਦੀ ਵਿਧਾ ਵਜੋਂ ਉਸਨੇ ਇਨ੍ਹਾਂ ਸਮੱਸਿਆਵਾਂ ਨੂੰ ਪੇਸ਼ ਕਰਨ ਲਈ ਚਲਦੇ ਬਿਰਤਾਂਤ ਉੱਤੇ ਸਿੱਧੀ ਤੇ ਭਰਵੀਂ ਸੱਟ ਮਾਰਨ ਵਾਲੀ ਜੁਗਤ ਦੀ ਵਰਤੋਂ ਕੀਤੀ ਹੈ। ਮਿਸਾਲ ਲਈ ਵੇਖੋ 'ਇਬਾਦਤ ਦੇ ਫੁੱਲ' ਕਹਾਣੀ ਦੀਆਂ ਇਹ ਸਤਰਾਂ; *'ਨਵਾਂ ਅਫ਼ਸਰ ਨਿਯੁਕਤ ਹੁੰਦਾ ਹੈ,ਪਹਿਲਾਂ ਵਾਲਾ ਅਮਲ ਦੁਹਰਾਉਂਦਾ ਹੈ ਤੇ ਅਗਾਂਹ ਹੁੰਦਾ ਏ... । ਨਵੀਂ ਸੜਕ ਉੱਤੇ ਲਗ ਰਹੇ ਮੈਟੀਰੀਅਲ ਨੂੰ ਦੇਖ ਕੇ ਲੋਕ ਸਭ ਸਮਝਦੇ ਹਨ...ਪਰ ਕਰਦੇ ਕੁਝ ਨਹੀਂ।...ਪੁਲਸੀਆ ਆਇਆ ਸੀ। ਮੇਰੇ 'ਪਾਸਪੋਰਟ' ਦੀ ਇਨਕੁਆਰੀ ਰਿਪੋਰਟ ਲਈ। ਪੰਜ ਸੌ ਰੁਪਏ ਦਾ ਨੋਟ ਸ਼ਹੀਦ ਹੋ ਗਿਆ ਸੀ।...'ਦੂਰ ਸੰਚਾਰ ਵਿਭਾਗ' ਵਾਲੇ ਕੱਲ੍ਹ ਬਣੀ ਸੜਕ ਨੂੰ ਅੱਜ ਤੋੜ ਰਹੇ ਨੇ। ਵੱਡੀ 'ਐਕਸਚੇਂਜ' ਜੋ ਬਣ ਰਹੀ ਹੈ। ਅੰਡਰ ਗਰਾਊਂਡ ਤਾਰਾਂ ਪਾਉਣੀਆਂ ਹਨ। ਪਰ ਇਹ ਕੱਲ੍ਹ ਕਿੱਥੇ ਸਨ ?'* ਕੁਲਵੰਤ ਗਿੱਲ ਨੇ ਜਿੱਥੇ ਅਜਿਹੀਆਂ ਸਮੱਸਿਆਵਾਂ ਵੱਲ ਇਸ਼ਾਰਾ ਕੀਤਾ ਹੈ ਉਥੇ ਉਸਨੇ ਪੰਜਾਬੀ ਸਾਹਿਤ ਅੰਦਰ ਆਪਣੇ ਆਪ ਨੂੰ ਨਾਮਵਰ ਲੇਖਕ ਸਮਝਣ ਦਾ ਭਰਮ ਪਾਲੀ ਬੈਠੀ ਲੇਖਕ ਸ਼੍ਰੇਣੀ ਦੇ ਅਸਲ ਕਿਰਦਾਰ ਨੂੰ ਨੰਗਿਆਂ ਕਰਨ ਦੀ ਜੁਰਅਤ ਵੀ ਕੀਤੀ ਹੈ। ਉਸਨੇ ਪੰਜਾਬੀ ਆਲੋਚਕਾਂ ਦੇ ਚਰਿੱਤਰ ਦੀ ਫ਼ਰੋਲਾ ਫ਼ਰਾਲੀ ਵੀ ਕੀਤੀ ਹੈ। ਇੰਝ, 'ਇਬਾਦਤ ਦੇ ਫੁੱਲ', ਸਾਹਿਤ ਦੀ ਸਿਆਸਤ ਤੇ ਉਸਦਾ ਤਬਸਰਾ ਗਲਪੀ ਅੰਦਾਜ਼ ਵਿਚ ਪੇਸ਼ ਕਰਦੀ ਹੋਈ ਇਸ ਸਿੱਟੇ ਉੱਤੇ ਪੁੱਜਦੀ ਏ ਕਿ *'ਸਾਹਿਤ ਦੇ ਆੜ੍ਹਤੀਆਂ (ਆਲੋਚਕਾਂ) ਦੀਆਂ ਹੱਟੀਆਂ 'ਤੇ ਹਾਜ਼ਰੀ ਲਗਵਾ ਕੇ...ਦਮੜੇ ਖਰਚ ਕੇ...ਜ਼ਮੀਰ ਨੂੰ ਗਹਿਣੇ ਰੱਖ ਕੇ...ਤੇ ਇਨ੍ਹਾਂ ਦੇ ਜਮੂਰੇ ਬਣ ਇਨ੍ਹਾਂ ਦੀ ਡੁਗਡੁਗੀ ਦੀ ਤਾਲ 'ਤੇ ਨੱਚ ਕੇ...ਵੱਡਾ (ਅਖੌਤੀ) ਸਾਹਿਤਕਾਰ ਬਣਿਆ ਜਾ ਸਕਦਾ ਹੈ।'* ਪੰਜਾਬੀ ਸਾਹਿਤ ਸਭਿਆਚਾਰ ਉੱਤੇ ਵਿਅੰਗ ਕਰਦੀਆ ਇਨ੍ਹਾਂ ਸਤਰਾਂ ਤੋਂ ਇਲਾਵਾ ਪੁਸਤਕ ਵਿਚ ਕਈ ਹੋਰ ਸਤਰਾਂ ਵੀ ਗੌਲਣਯੋਗ ਹਨ, ਜਿਹੜੀਆਂ 'ਦਾਦੇ ਮਗ੍ਹਾਉਣਾ' ਕਹਾਣੀ ਦੀ ਉਸਾਰੀ ਦਾ ਪਤਾ ਦਿੰਦੀਆਂ ਹਨ। ਸਤਰਾਂ ਹਨ: *'ਜਦੋਂ ਇਬਾਦਤਯੋਗ ਬੁੱਤ ਟੁੱਟਦੇ ਨੇ ਤਾਂ ਬਿਖ਼ਰੇ ਟੁਕੜਿਆਂ ਨੂੰ ਆਪਣੇ ਹੱਥੀਂ ਇਕੱਠਾ ਕਰ ਸਮੇਟ ਪਾਉਣਾ ਔਖਾ ਹੁੰਦਾ ਹੈ... ਬਹੁਤ ਔਖਾ। ਜੇ ਬਿਖ਼ਰੇ ਟੁਕੜੇ ਸਮੇਟ ਕੇ ਦੁਬਾਰਾ ਬੁੱਤ ਸਿਰਜਿਆ ਜਾਵੇ ਤਾਂ...ਉਦੋਂ ਤਕ 'ਇਬਾਦਤ ਦੇ ਫੁੱਲ' ਮੁਰਝਾ ਜਾਂਦੇ ਨੇ...'।*

'ਦਾਦੇ ਮਗ੍ਹਾਉਣਾ' ਕਹਾਣੀ ਦੀ ਮੁੱਖ ਇਸਤਰੀ ਪਾਤਰ, ਗੁਰਪ੍ਰੀਤ, ਅਜਿਹਾ ਹੀ 'ਇਬਾਦਤਯੋਗ ਫੁੱਲ' ਸੀ ਜਿਸਨੂੰ ਕੁਲਵੰਤ ਗਿੱਲ ਨੇ ਵੇਲੇ ਦੀਆਂ ਹਾਲਤਾਂ ਕਰਕੇ 'ਬੁੱਤ ਸ਼ਿਕਨ' ਦੇ ਰੂਪ ਵਜੋਂ ਉਭਾਰਿਆ ਹੈ। ਜਿਵੇਂ 'ਇਬਾਦਤ ਦੇ ਫੁੱਲ' ਕਹਾਣੀ ਦੇ ਕੇਂਦਰ ਵਿਚ 'ਖਿਝ' ਸ਼ਬਦ ਇਕ ਗਲਪੀ ਜੁਗਤ ਵਜੋਂ ਕਾਰਜਸ਼ੀਲ ਹੈ, ਉਵੇਂ ਹੀ 'ਦਾਦੇ ਮਗ੍ਹਾਉਣਾ' ਕਹਾਣੀ ਦੇ ਕੇਂਦਰ ਵਿਚ 'ਓਪਰਾ' ਸ਼ਬਦ ਇਕ ਗਲਪ ਵਿਧੀ ਵਜੋਂ ਕਾਰਜਸ਼ੀਲ ਹੈ। ਜਿਸ ਰਾਹੀਂ ਕਹਾਣੀਕਾਰ ਨੇ ਪਰਵਾਸ ਧਾਰਨ ਕਰਦੇ ਪੰਜਾਬੀ ਲੋਕਾਂ ਦੀ ਸਥਿਤੀ ਨੂੰ ਰੂਪਮਾਨ ਕੀਤਾ ਹੈ। ਇਸ ਸ਼ਬਦ ਰਾਹੀਂ ਵਿਆਹ ਕਰਵਾਉਣ ਲਈ 'ਬਾਹਰਲੇ ਮੁੰਡੇ' ਲੱਭਦੀ ਪੰਜਾਬੀ ਲੋਕ ਮਾਨਸਿਕਤਾ ਪੇਸ਼ ਹੋਈ ਹੈ। ਇਹ ਮਾਨਸਿਕਤਾ ਆਪਣੇ ਸਾਰੇ ਚਾਅ ਇਸੇ ਇਕ ਬਿੰਦੂ ਵਿਚੋਂ ਪੂਰਾ ਕਰਨਾ ਚਾਹੁੰਦੀ ਹੈ। ਇਹ ਐਸਾ ਬਿੰਦੂ ਹੈ ਜਿਹੜਾ ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਦਾ ਪ੍ਰਥਮ ਸਾਧਨ ਬਣਦਾ ਹੈ। ਕਹਾਣੀ ਦੱਸ ਪਾ ਰਹੀ ਹੈ ਕਿ 'ਕਨੇਡਾ ਵਾਲੇ ਢਿੱਲੋਆਂ ਦੀ ਨੂੰਹ' ਅੰਦਰ ਕੋਈ 'ਓਪਰਾ' ਵਿਅਕਤੀ ਵੜ ਬੈਠਾ ਹੈ। 'ਓਪਰਾ', ਕਹਾਣੀ ਦੀ ਨਾਇਕਾ ਗੁਰਮੀਤ ਦੇ ਸਮਝਣ ਮੁਤਾਬਕ, ਕਿਤੇ ਕੋਈ 'ਓਪਰੀ' ਸ਼ੈਅ', 'ਪਾਗਲਪਨ' ਜਾਂ 'ਮਾਨਸਿਕ ਬਿਮਾਰੀ'

ਨਹੀਂ। ਫਿਰ ਵੀ ਉਹ ਕਨੇਡਾ ਗਏ ਆਪਣੇ ਤੋਂ ਵੱਡੀ ਉਮਰ ਦੇ ਪਤੀ 'ਜੱਸੀ' ਦੀ ਫ਼ੋਟੋ ਨੂੰ ਘੂਰਦੀ ਏ, ਉਸਦੀ ਫ਼ੋਟੋ ਰਾਹੀਂ ਉਸਦੇ ਚਿਹਰੇ ਨੂੰ ਨੋਚਣਾ ਚਾਹੁੰਦੀ ਏ, ਉਸਦੇ ਗਲ ਟੁੱਟੇ ਛਿੱਤਰਾਂ ਦਾ ਹਾਰ ਪਰੋਣਾ ਚਾਹੁੰਦੀ ਏ, ਉਸਨੂੰ 'ਕਮੀਨੇ' ਸ਼ਬਦ ਰਾਹੀਂ ਸੰਬੋਧਤ ਹੁੰਦੀ ਹੈ। ਕਿਉਂ, ਕਿਉਂਕਿ ਉਸ ਕੋਲੋਂ ਆਪਣੇ 'ਪਿੰਡੇ ਦਾ ਸੇਕ ਬਰਦਾਸ਼ਤ' ਨਹੀਂ ਹੁੰਦਾ। ਇਹ ਸੇਕ ਜਦੋਂ ਉਸਦੀ ਸੋਚ ਉੱਤੇ ਭਾਰੂ ਹੋ ਜਾਂਦਾ ਹੈ ਤਾਂ ਉਸਨੂੰ ਅੱਧੇ ਕਿੱਲੇ 'ਚ ਉਸਰੀ ਦੋ-ਮੰਜ਼ਲੀ ਕੋਠੀ ਦੇ ਕਮਰੇ ਵਿਚ ਪਈਆਂ ਚੀਜ਼ਾਂ ਧੁੰਦਲੀਆਂ ਨਜ਼ਰ ਆਉਣ ਲੱਗ ਪੈਂਦੀਆਂ ਨੇ। ਉੱਚੀਆਂ ਉੱਚੀਆਂ ਉਡਾਣਾਂ ਭਰ ਰਹੇ ਚਾਅ ਪਲਾਂ 'ਚ ਹੀ ਖੁਰ ਗਏ ਜਾਪਦੇ ਨੇ। ਉਹ ਆਪਣੇ ਪਤੀ 'ਜੱਸੀ' ਦੀ ਥਾਵੇਂ ਆਪਣੀ ਵੱਡੀ ਨਨਾਣ ਦੇ ਪੁੱਤ 'ਸੁਖਵੰਤ' ਦਾ ਰਾਹ ਵੇਖਦੀ ਹੈ। ਕਿਉਂਜੁ, ਸੁਖਵੰਤ ਉਸਦੀ ਬਿਮਾਰੀ ਦਾ ਇਲਾਜ ਬਣਦਾ ਏ। ਸਮੁੱਚੀ ਕਹਾਣੀ ਦੀ ਬਿਰਤਾਂਤਕ ਤੋਰ ਪਤਾ ਦਿੰਦੀ ਹੈ ਕਿ ਪੇਸ਼ ਹੋਈ ਔਰਤ ਕੇਵਲ ਇਕੋ ਇਕ ਲੋੜ ਦੀ ਪੂਰਤੀ ਕਰਨਾ ਚਾਹੁੰਦੀ ਹੈ, ਤੇ ਉਹ ਲੋੜ ਏ-ਕਾਮੁਕ ਪਿਆਰ ਦੀ।

ਪੇਸ਼ ਹੋਈ ਔਰਤ ਦੀ ਸਥਿਤੀ ਦੇ ਪਿਛੋਕੜ ਲਈ ਉਹਦੇ ਪਰਿਵਾਰ ਦੇ ਆਰਥਿਕ ਸਰੋਕਾਰ ਵੀ ਸਾਹਵੇਂ ਲਿਆਂਦੇ ਗਏ ਹਨ। ਉਸਨੂੰ ਆਰਥਿਕ ਮਜ਼ਬੂਤੀ ਪ੍ਰਦਾਨ ਕਰਨ ਲਈ ਜਾਂ ਆਪਣੀ ਆਰਥਿਕ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਗੁਰਪ੍ਰੀਤ ਦੇ ਪਿਉ ਨੇ 'ਦੋ ਕਿੱਲੇ' ਜ਼ਮੀਨ ਬੈਅ ਕਰਕੇ ਉਸਦਾ ਵਿਆਹ 'ਬਾਹਰਲੇ ਮੁੰਡੇ' ਨਾਲ ਕਰ ਦਿੱਤਾ ਸੀ ਅਤੇ ਇਉਂ ਉਨ੍ਹਾਂ ਦਾ 'ਸ਼ਰੀਕਾ ਕਬੀਲਾ' ਉਹਨਾਂ ਦੇ ਨੇੜੇ ਹੋ ਹੋ ਬਹਿਣ ਵੀ ਲੱਗਾ ਸੀ। ਐਪਰ ਇਸ ਵੇਰਵੇ ਦੇ ਬਾਵਜੂਦ ਅਸਲ ਵਿਚ ਕਹਾਣੀ ਵਿਚਲੀ ਪੇਸ਼ਕਾਰੀ ਸਮਾਜਕ ਰਿਸ਼ਤਿਆਂ ਵਿਚ ਦੱਬੀ ਹੋਈ ਔਰਤ ਦੀ ਬੇਬਸੀ ਨੂੰ ਹੀ ਰੂਪਮਾਨ ਦਰਦੀ ਹੈ। ਕਹਾਣੀ ਵਿਚ 'ਭੂਆ' ਦਾ ਵਤੀਰਾ ਇਸਦੀ ਮਿਸਾਲ ਹੈ, ਜਿਹੜਾ ਸਮਾਜ ਵਿਚ 'ਦਾਦੇ ਮਗ੍ਹਾਉਣੇ' ਸੰਬੋਧਨੀ ਸ਼ਬਦ ਪੈਦਾ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਕਹਾਣੀਕਾਰ ਨੇ ਜਿੱਥੇ ਔਰਤ ਦੇ ਅੰਦਰੂਨੀ ਯਥਾਰਥ ਨੂੰ ਕੁਰੇਦਿਆ ਹੈ ਉਥੇ ਇਸੇ ਕੁਰੇਦੇ ਰੂਪ ਨੂੰ ਸਮਾਜਕ ਰਿਸ਼ਤਿਆਂ ਦੇ ਪ੍ਰਸੰਗ ਵਿਚ ਉਭਾਰ ਕੇ ਬਾਹਰੀ ਯਥਾਰਥ ਦੀ ਪਛਾਣ ਕਰਵਾਈ ਹੈ।

ਕਹਾਣੀਕਾਰ ਨੇ ਬਾਹਰੀ ਯਥਾਰਥ ਨੂੰ ਵਰਗਗਤ ਦ੍ਰਿਸ਼ਟੀ ਤੋਂ 'ਚੁੱਪ ਹਾਦਸੇ ਦੇ ਬੋਲ' ਕਹਾਣੀ ਵਿਚ ਵੀ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਦੋ ਸ਼ਬਦਾਂ 'ਕਮੀਨਾ' ਅਤੇ 'ਵਿਚਾਰਾ' ਨੂੰ ਮਰਦ ਪਾਤਰ ਇੰਦਰ ਉੱਤੇ ਲਾਗੂ ਕਰਕੇ ਕਹਾਣੀਕਾਰ ਜਿੱਥੇ ਉੱਚ ਵਰਗ ਦੀ ਅਸਲੀਅਤ ਨੂੰ ਸਾਹਵੇਂ ਲਿਆਉਂਦਾ ਹੈ ਉਥੇ ਇਨ੍ਹਾਂ ਸ਼ਬਦਾਂ ਨੂੰ ਵਰਤਣ ਵਾਲੀ ਉਸਦੀ ਪਤਨੀ 'ਹੈਪੀ' ਦੇ ਕਿਰਦਾਰ ਰਾਹੀਂ ਮੱਧਵਰਗੀ ਮਾਨਸਿਕਤਾ ਨੂੰ ਵੀ ਉਭਾਰਦਾ ਹੈ। ਕਿਸੇ ਵੀ ਕੀਮਤ ਉੱਤੇ ਆਪਣੇ ਤੋਂ ਵੱਡਿਆਂ ਨਾਲ ਰਿਸ਼ਤਾ ਜੋੜਨ ਦਾ ਮੌਕਾ ਨਾ ਗੰਵਾਉਣ ਵਾਲੇ ਮੱਧ-ਵਰਗੀ ਪਰਿਵਾਰ ਦੀ ਕਹਾਣੀ ਹੈ ਇਹ। ਇਸ ਵਿਚਲੀ ਇਸਤਰੀ ਪਾਤਰ ਆਪਣੇ ਤਿੰਨ ਗੁਨਾਹ ਮੰਨਣ ਲਈ ਤਿਆਰ ਹੈ-ਪਹਿਲਾ, ਔਰਤ ਹੋਣ ਦਾ; ਦੂਸਰਾ, ਖੂਬਸੂਰਤ ਹੋਣ ਦਾ; ਤੀਸਰਾ, ਨਜ਼ਮ ਲਿਖਣ ਦਾ। ਔਰਤ ਹੋਣ ਦੇ ਦਰਦ ਨੂੰ ਉਹ ਆਪਣੀਆਂ ਨਜ਼ਮਾਂ ਵਿਚ ਲਿਖ ਕੇ ਇਸ ਤੋਂ ਛੁਟਕਾਰਾ ਪਾਉਣਾ ਤਾਂ ਚਾਹੁੰਦੀ ਏ ਪਰ ਮਰਦ-ਪ੍ਰਧਾਨ ਸਮਾਜ ਦਰਦ ਤੋਂ ਛੁਟਕਾਰਾ ਪਾਉਣ ਦੇ ਉਸਦੇ ਇਸ ਸਾਧਨ ਤੋਂ ਨਾਖੁਸ਼ ਹੈ। ਇਸੇ ਲਈ ਉਸਨੂੰ ਬੇਬਾਕ ਹੋ ਕੇ ਆਪਣੇ ਅਮੀਰ ਪਤੀ ਲਈ 'ਵਿਚਾਰਾ' ਤੇ 'ਕਮੀਨਾ' ਸ਼ਬਦ ਉਸਦੀ ਅਸਲੀਅਤ ਨੂੰ ਦਰਸਾਉਣ ਲਈ ਵਾਰ ਵਾਰ ਵਰਤਣੇ ਪੈਂਦੇ ਹਨ। ਅਤੇ ਆਪਣੇ ਆਪ ਨੂੰ ਪਿੰਜਰੇ ਵਿਚ ਕੈਦ ਤੋਤੇ ਜਾਂ ਲੋਕ ਕਹਾਣੀ ਦੀ ਉਸ ਰਾਜਕੁਮਾਰੀ, ਜਿਸਨੂੰ ਦੈਂਤ ਨੇ ਉਸਦੇ ਖੂਬਸੂਰਤ ਹੋਣ ਕਰਕੇ 'ਹਨੇਰੀ ਗੁਫ਼ਾ' ਵਿਚ ਕੈਦ ਕੀਤਾ ਹੋਇਆ ਸੀ; ਨਾਲ ਤੁਲਨਾਉਣਾ ਪੈਂਦਾ ਹੈ। ਇਹ ਕਹਾਣੀ ਪੂੰਜੀਵਾਦੀ ਵਿਵਸਥਾ ਵਾਲੇ ਸਮਾਜ ਵੱਲ ਇਸ਼ਾਰਾ ਕਰਦੀ ਹੈ ਜਿੱਥੇ ਹਰ ਚੀਜ਼ ਵਿਕਣਯੋਗ ਹੈ। ਇਥੋਂ ਤਕ ਕਿ ਬੀਵੀ ਦੀ ਮੁਸਕਾਨ ਵੀ।

ਇਸੇ ਤਰ੍ਹਾਂ ਮੱਧਵਰਗ ਦੇ ਲੋਕਾਂ ਦੀਆਂ ਬੇਲਗਾਮ ਲਾਲਸਾਵਾਂ, ਸੁਪਨਿਆਂ ਆਦਿ ਨੂੰ ਦਰਸਾਉਣਾ 'ਮੈਂ, ਕਹਾਣੀ ਤੇ ਉਹ' ਕਹਾਣੀ ਦਾ ਧਰਮ ਰਿਹਾ ਹੈ। ਇਹ ਕਹਾਣੀ ਪੂੰਜੀਵਾਦੀ ਵਿਵਸਥਾ

ਵਾਲੇ ਸਮਾਜ ਵਿਚ ਪੈਸਾ ਕਮਾਉਣ ਦੇ ਸਿੱਧੇ ਰਸਤਿਆਂ ਬਾਰੇ ਦੱਸਦੀ ਏ। ਇਹ ਰਸਤੇ ਇਸ ਵਿਵਸਥਾ ਦੇ ਸ਼ਾਤਰ ਦਿਮਾਗ਼ ਦੀ ਕਾਢ ਹਨ। ਇੰਝ ਹੀ ਉਸਨੇ 'ਖ਼ਾਮੋਸ਼ੀ ਦੀ ਸਰਗਮ' ਵਿਚ ਨਿਮਨ ਵਰਗ ਦੀ ਚੇਤਨਾਮਈ ਅਵਸਥਾ ਨੂੰ ਪਕੜਿਆ ਹੈ ਜਿਸਨੂੰ ਉਸਨੇ 'ਸਰਗਮ' ਦਾ ਨਾਂ ਦਿੱਤਾ ਲਗਦਾ ਹੈ। ਇਹ ਸਰਗਮ ਨਿਮਨ-ਵਰਗੀ ਵਿਅਕਤੀ ਦੀ ਮੁੱਠ 'ਚੋਂ ਕਿਰਦੀ ਰੇਤ ਵਾਂਗ ਉਸਦੀ ਜ਼ਿੰਦਗੀ ਜਿਉਣ ਦੇ ਚਾਅ ਨੂੰ ਉਸਦੇ ਮਨ 'ਚੋਂ ਕਿਰਨੋਂ ਰੋਕਦੀ ਹੈ। ਬਸ਼ਰਤੇ ਕਿ ਉਸਨੂੰ ਉਸ 'ਕਬਰਸਤਾਨ' ਦਾ ਪਤਾ ਲੱਗ ਜਾਵੇ ਜਿੱਥੇ ਉਸਦੇ ਸੁਪਨਿਆਂ ਨੂੰ ਦਫ਼ਨ ਕੀਤਾ ਗਿਆ ਹੈ, ਤੇ ਦਫ਼ਨ ਕਰਨ ਵਾਲੇ ਦੀ ਪਛਾਣ ਹੋ ਜਾਵੇ। ਅਜਿਹੀ ਪਛਾਣ 'ਆਖਰੀ ਸੜਕ' ਕਹਾਣੀ ਦਿੰਦੀ ਹੈ। ਅਜਿਹੀ ਪਛਾਣ ਕੁਲਵੰਤ ਗਿੱਲ ਦੀ ਕਹਾਣੀ ਦੀ ਪਛਾਣ ਹੈ। ❑❑

[ਚੰਦਰ ਮੋਹਨ]

ਵਿਆਹ ਦੇ ਲੋਕਗੀਤ : ਵਿਭਿੰਨ ਪਰਿਪੇਖ [ਰਾਜਵੰਤ ਕੌਰ ਪੰਜਾਬੀ]

ਪਿਛਲੇ ਕੁਝ ਸਮੇਂ ਤੋਂ ਪੰਜਾਬੀ ਵਿਚ ਲੋਕਧਾਰਾ ਅਧਿਐਨ ਦੇ ਖੇਤਰ ਵਿਚ ਨਵੀਂ ਰੌਸ਼ਨੀ ਦੀ ਝਲਕ ਮਿਲਣੀ ਸ਼ੁਰੂ ਹੋਈ ਹੈ। ਹੁਣ ਇਹ ਖੇਤਰ ਵਿਸ਼ੇਸ਼ੀਕ੍ਰਿਤ ਅਧਿਐਨ ਦਾ ਖੇਤਰ ਬਣ ਗਿਆ ਹੈ। ਪਹਿਲਾਂ ਕੇਵਲ ਲੋਕਧਾਰਾ ਅਧਿਐਨ ਹੀ ਵਿਸ਼ੇਸ਼ੀਕ੍ਰਿਤ ਸੀ ਪਰ ਹੁਣ ਲੋਕਧਾਰਾ ਅਧਿਐਨ ਦੀਆਂ ਅੰਦਰਲੀਆਂ ਵਿਸ਼ੇਸ਼ੀਕ੍ਰਿਤ ਸ਼ਾਖਾਵਾਂ ਫੈਲਣੀਆਂ ਸ਼ੁਰੂ ਹੋ ਗਈਆਂ ਹਨ। ਵਿਸ਼ੇਸ਼ ਤੌਰ 'ਤੇ ਲੋਕਧਾਰਾ ਦੇ ਅਹਿਮ ਹਿੱਸੇ ਲੋਕ ਸਾਹਿਤ ਦੇ ਅਧਿਐਨ ਨੇ ਨਵੇਂ ਪਾਸਾਰ ਖੋਲ੍ਹੇ ਹਨ। ਪਹਿਲਾਂ ਲੋਕ ਸਾਹਿਤ ਦੇ ਅੰਤਰਗਤ ਲੋਕ ਕਾਵਿ ਨੂੰ ਲੋਕਗੀਤਾਂ ਦੇ ਰੂਪ ਵਿਚ ਹੀ ਲਿਆ ਜਾਂਦਾ ਸੀ ਪਰੰਤੂ ਹੁਣ ਲੋਕ ਕਾਵਿ ਦੀਆਂ ਅਲੱਗ ਅਲੱਗ ਵੰਨਗੀਆਂ ਮਹੱਤਵ ਗ੍ਰਹਿਣ ਕਰ ਰਹੀਆਂ ਹਨ। ਇਸੇ ਪ੍ਰਕਾਰ ਪਹਿਲਾਂ ਸਮੁੱਚੇ ਪੰਜਾਬ ਦੇ ਲੋਕ ਸਾਹਿਤ ਨੂੰ ਇਕ ਹੀ ਨਾਮਕਣ ਦੇ ਲਿਆ ਜਾਂਦਾ ਸੀ ਜਿਵੇਂ ਪੰਜਾਬ ਦੇ ਲੋਕ ਗੀਤ ਜਾਂ ਪੰਜਾਬ ਦੀਆਂ ਲੋਕ ਕਹਾਣੀਆਂ ਆਦਿ। ਪਰੰਤੂ ਹੁਣ ਇਹ ਚੇਤਨਾ ਬਣਨੀ ਸ਼ੁਰੂ ਹੋਈ ਹੈ ਕਿ ਪੰਜਾਬ ਦੇ ਅੰਦਰ ਵੀ ਵੱਖਰਤਾਵਾਂ ਹਨ ਜਿਹਨਾਂ ਦੇ ਪ੍ਰਸੰਗ ਵੇਖਣੇ ਬਣਦੇ ਹਨ। ਲਿਹਾਜ਼ਾ ਹੁਣ ਮਾਲਵੇ ਦਾ ਲੋਕ ਸਾਹਿਤ, ਮਾਝੇ ਦਾ ਲੋਕ ਸਾਹਿਤ, ਦੁਆਬੇ ਦਾ ਲੋਕ ਸਾਹਿਤ ਆਦਿ ਪੱਖਾਂ ਤੋਂ ਅਧਿਐਨ ਹੋਣਾ ਸ਼ੁਰੂ ਹੋਇਆ ਹੈ। ਇਸੇ ਪ੍ਰਕਾਰ ਲੋਕਧਾਰਾ ਦੇ ਅੰਦਰਲੇ ਵੇਰਵਿਆਂ ਨਾਲ ਜੁੜੇ ਲੋਕ ਸਾਹਿਤ ਦਾ ਨਿਕਟ ਅਧਿਐਨ ਵੀ ਰੌਸ਼ਨੀ ਵਿਚ ਆਉਣ ਲੱਗਾ ਹੈ ਅਤੇ ਮਨੁੱਖੀ ਜੀਵਨ ਦੇ ਅਲੱਗ ਅਲੱਗ ਵੇਰਵਿਆਂ ਨਾਲ ਸੰਬੰਧਤ ਲੋਕ ਸਾਹਿਤ ਦਾ ਵਿਸ਼ੇਸ਼ੀਕ੍ਰਿਤ ਅਧਿਐਨ ਸਥਾਨ ਗ੍ਰਹਿਣ ਕਰ ਰਿਹਾ ਹੈ।

ਪੰਜਾਬੀ ਲੋਕ ਧਾਰਾ ਦੇ ਅਧਿਐਨ ਦੀ ਇਸ ਖੁਸ਼ਗਵਾਰ ਸਥਿਤੀ ਵਿਚ ਹੀ ਨਵੇਂ ਖੋਜੀਆਂ ਦੀ ਲੜੀ ਵਿਚ ਰਾਜਵੰਤ ਕੌਰ ਪੰਜਾਬੀ ਦਾ ਕਾਰਜ ਪ੍ਰਸ਼ੰਸਾਯੋਗ ਹੈ। ਪੁਸਤਕ 'ਵਿਆਹ ਦੇ ਲੋਕਗੀਤ: ਵਿਭਿੰਨ ਪਰਿਪੇਖ' (ਪੰਨੇ 250, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਉਸਦੀ ਇਸ ਖੇਤਰ ਦੀ ਪਲੇਠੀ ਪੁਸਤਕ ਹੈ, ਜੋ ਉਸਦੇ ਪੀ. ਐੱਚ. ਡੀ. ਖੋਜ-ਕਾਰਜ ਦਾ ਪੁਸਤਕੀ ਰੂਪ ਹੈ। ਰਾਜਵੰਤ ਦਾ ਇਹ ਖੋਜ ਕਾਰਜ ਕਈ ਪੱਖਾਂ ਤੋਂ ਅਹਿਮ ਹੈ: 1. ਪੰਜਾਬੀ ਜਨ-ਜੀਵਨ ਦੇ ਵਿਸ਼ੇਸ਼ ਅਨੁਭਾਗ-ਵਿਆਹ ਨਾਲ ਸੰਬੰਧਤ ਲੋਕ ਗੀਤਾਂ ਦਾ ਅਧਿਐਨ, 2. ਉਹਨਾਂ ਲੋਕਗੀਤਾਂ ਦਾ ਸੰਕਲਨ ਜੋ ਪਹਿਲਾਂ ਪ੍ਰਕਾਸ਼ਤ ਰੂਪ ਵਿਚ ਨਹੀਂ ਆਏ, 3. ਵਿਆਹ ਦੇ ਲੋਕਗੀਤਾਂ ਦੇ ਵਿਭਿੰਨ ਪਰਿਪੇਖ, 4. ਵਿਗਿਆਨਕ ਦ੍ਰਿਸ਼ਟੀ ਤੋਂ ਖੋਜ ਕਾਰਜ ਅਤੇ 5. ਆਲੋਚਨਾ ਦੀਆਂ ਨਵੀਆਂ ਪ੍ਰਣਾਲੀਆਂ ਦਾ ਪ੍ਰਯੋਗ।

ਰਾਜਵੰਤ ਕੌਰ ਨੇ ਆਪਣੇ ਇਸ ਅਧਿਐਨ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ। ਪਹਿਲੇ ਹਿੱਸੇ ਵਿਚ ਸਭਿਆਚਾਰ ਅਤੇ ਲੋਕਧਾਰਾ ਦੀ ਪਛਾਣ ਉਪਰੰਤ ਲੋਕ ਧਾਰਾ ਦੇ ਖੇਤਰਾਂ ਨੂੰ ਨਿਸਚਤ ਕੀਤਾ ਹੈ। ਲੋਕ ਸਾਹਿਤ ਦੀ ਪ੍ਰਕਿਰਤੀ ਤੇ ਸੰਰਚਨਾ ਦੇ ਤੱਤਾਂ ਨੂੰ ਸਮਝਦਿਆਂ ਪੰਜਾਬੀ ਲੋਕ ਸਾਹਿਤ ਦਾ ਵਰਗੀਕਰਣ ਕੀਤਾ ਹੈ। ਉਪਰੰਤ ਲੋਕਗੀਤ ਦੀ ਪਰਿਭਾਸ਼ਾ, ਸਰੂਪ ਤੇ ਇਸਦੇ ਸਭਿਆਚਾਰਕ ਪਰਿਪੇਖ ਨੂੰ ਉਘਾੜਿਆ ਹੈ। ਉਸਨੇ ਸਿੱਟਾ ਕੱਢਿਆ ਹੈ ਕਿ ਸਮਾਜ ਵਿਚ ਵਿਚਰਦਿਆਂ ਮਨੁੱਖ ਨੂੰ ਵਿਭਿੰਨ ਪ੍ਰਕਾਰ ਦੇ ਅਨੁਭਵ ਪ੍ਰਾਪਤ ਹੁੰਦੇ ਹਨ। ਉਸ ਨਾਲ ਕਈ ਸੁਖਾਵੀਆਂ ਅਤੇ ਅਣਸੁਖਾਵੀਆਂ

ਘਟਨਾਵਾਂ ਵਾਪਰਦੀਆਂ ਹਨ। ਦੁੱਖ-ਸੁੱਖ ਵਰਗੀਆਂ ਦੋਵੇਂ ਹਾਲਤਾਂ ਵਿਚ ਆਪਣੇ ਭਾਵਾਂ ਨੂੰ ਬਿਆਨ ਕਰਨ ਲਈ ਉਸ ਨੂੰ ਕਿਸੇ ਸਾਥੀ ਦੀ ਲੋੜ ਰਹਿੰਦੀ ਹੈ। ਇਸ ਤਰ੍ਹਾਂ ਦੁੱਖ ਦੱਸਣ ਨਾਲ ਜਿੱਥੇ ਉਸਦਾ ਦੁੱਖ ਘਟਦਾ ਹੈ ਉਥੇ ਖੁਸ਼ੀ ਵੰਡਣ ਨਾਲ ਉਸ ਨੂੰ ਆਨੰਦ ਮਿਲਦਾ ਹੈ। ਲੋਕਗੀਤ ਇਸੇ ਰੁਚੀ ਦੀ ਉਪਜ ਹੁੰਦੇ ਹਨ। ਸਭਿਆਚਾਰ ਦੇ ਸੁਹਜ ਨੂੰ ਪ੍ਰਕਾਸ਼ਮਾਨ ਕਰਨ ਦਾ ਲੋਕਗੀਤ ਸਫ਼ਲ ਸ੍ਰੋਤ ਹਨ। ਪਰਿਸਥਿਤੀਆਂ ਅਨੁਕੂਲ ਹੋਣ ਜਾਂ ਪ੍ਰਤੀਕੂਲ, ਲੋਕਗੀਤਾਂ ਰਾਹੀਂ ਮਨੁੱਖ ਆਪਣੇ ਭਾਵ ਵਿਦਰੋਹੀ, ਨਿਸੰਗ ਅਤੇ ਸੁਹਜਮਈ ਰੂਪ ਵਿਚ ਅਭਿਵਿਅਕਤ ਕਰਦਾ ਹੈ। ਇਸ ਤਰ੍ਹਾਂ ਲੋਕਗੀਤ ਸਭਿਆਚਾਰਕ ਅਨੁਭਵ ਦਾ ਜੀਵੰਤ ਮਾਨਵੀ ਹੁੰਗਾਰਾ ਹੁੰਦੇ ਹਨ। ਇਨ੍ਹਾਂ ਦੀ ਰਚਨਾ ਮਨੁੱਖ ਦੇ ਹਰ ਕਰਮ ਵਿਚੋਂ ਹੁੰਦੀ ਹੈ। ਸਭਿਆਚਾਰਕ ਸੰਦਰਭ ਵਿਚ ਕਈ ਲੋਕਗੀਤ ਸਾਡਾ ਮਨੋਰੰਜਨ ਕਰਦੇ ਹਨ ਪਰ ਕਈਆਂ ਵਿਚ ਵਿਸ਼ਵਾਸ ਕਾਰਜਸ਼ੀਲ ਹੁੰਦੇ ਹਨ। ਲੋਕ ਵਿਸ਼ਵਾਸ ਗੀਤੀ ਰਿਵਾਜਾਂ ਰਾਹੀਂ ਲੋਕਗੀਤਾਂ ਦਾ ਅੰਗ ਬਣ ਕੇ ਸੰਕਟ ਨਵਿਰਤੀ ਜਾਂ ਇੱਛਾ ਪ੍ਰਾਪਤੀ ਦਾ ਸਭਿਆਚਾਰਕ ਅਨੁਭਵੀ ਵਿਵੇਚਕ ਪੇਸ਼ ਕਰਦੇ ਹਨ।

ਦੂਜੇ ਹਿੱਸੇ ਵਿਚ ਰਾਜਵੰਤ ਕੌਰ ਨੇ ਆਪਣਾ ਅਧਿਐਨ ਲੋਕਗੀਤਾਂ ਤੋਂ ਅੱਗੇ ਲਿਜਾ ਕੇ ਵਿਆਹ ਦੇ ਲੋਕਗੀਤਾਂ 'ਤੇ ਕੇਂਦਰਤ ਕੀਤਾ ਹੈ ਜਿਸ ਵਿਚ ਉਸ ਦੀ ਮੁੱਖ ਕੋਸ਼ਿਸ਼ ਵਿਆਹ ਦੇ ਲੋਕਗੀਤਾਂ ਦੀ ਰੂਪ-ਸੰਰਚਨਾ ਨੂੰ ਸਮਝਣ ਦੀ ਹੈ। ਉਸਨੇ ਵਿਆਹ ਨਾਲ ਸੰਬੰਧਤ ਲੋਕ-ਕਾਵਿ ਦੇ ਵੱਖ-ਵੱਖ ਰੂਪਾਂ—ਸੁਹਾਗ, ਘੋੜੀ, ਸਿਠਣੀ, ਹੇਅਰਾ, ਭੰਦ ਪਹਾਗਾ, ਪੱਤਲ, ਆਦਿ ਨੂੰ ਡੂੰਘਾਈ ਨਾਲ ਵਿਚਾਰਿਆ ਹੈ। ਉਹ ਲੋਕ-ਕਾਵਿ ਦੀ ਰੂਪ ਸੰਰਚਨਾ ਨੂੰ ਸਮਝਦਿਆਂ ਸਿੱਟਾ ਕੱਢਦੀ ਹੈ ਕਿ ਭਾਵ ਅਤੇ ਭਾਸ਼ਾ ਲੋਕਗੀਤਾਂ ਦੇ ਦੋ ਮੁੱਖ ਤੱਤ ਹਨ। ਇਨ੍ਹਾਂ ਦੇ ਆਧਾਰ 'ਤੇ ਲੋਕਗੀਤਾਂ ਦੇ ਦੋ ਪੱਖ ਅੰਤਰਮੁਖੀ ਅਤੇ ਬਾਹਰਮੁਖੀ ਮੰਨੇ ਜਾਂਦੇ ਹਨ। ਅੰਤਰਮੁਖੀ ਨੂੰ ਭਾਵ ਪੱਖ ਜਾਂ ਅਨੁਭੂਤੀ ਪੱਖ ਅਤੇ ਬਾਹਰਮੁਖੀ ਨੂੰ ਕਲਾ ਪੱਖ ਜਾਂ ਰੂਪ ਪੱਖ ਵੀ ਆਖਿਆ ਜਾਂਦਾ ਹੈ। ਅੰਤਰਮੁਖੀ ਪੱਖ ਵਿਚ ਵਿਚਾਰ, ਬੁੱਧੀ, ਕਲਪਨਾ ਅਤੇ ਭਾਵ ਆਉਂਦੇ ਹਨ ਜਦੋਂ ਕਿ ਬਾਹਰਮੁਖੀ ਪੱਖ ਵਿਚ ਸ਼ੈਲੀ, ਲਿਖਣ ਦਾ ਅੰਦਾਜ਼ ਅਤੇ ਬੋਲੀ ਆਉਂਦੇ ਹਨ। ਲੋਕਗੀਤਾਂ ਵਿਚ ਭਾਵ ਬਾਰੇ ਵਿਚਾਰ ਕਰਨ ਹਿਤ ਇਸ ਦੇ ਅੰਤਰਮੁਖੀ ਪੱਖ ਨੂੰ ਦੋ ਪਹਿਲੂਆਂ ਤੋਂ ਪਰਖਿਆ ਜਾ ਸਕਦਾ ਹੈ। ਇਕ ਤਾਂ ਲੋਕਗੀਤਕਾਰ ਵਜੋਂ ਕਿਉਂਕਿ ਇਨ੍ਹਾਂ ਵਿਚ ਲੋਕਗੀਤਕਾਰ ਦੇ ਭਾਵਾਂ ਦਾ ਪ੍ਰਗਟਾ ਹੁੰਦਾ ਹੈ ਅਤੇ ਦੂਜਾ ਸ੍ਰੋਤੇ ਵਜੋਂ ਕਿਉਂਕਿ ਉਹ ਸ੍ਰੋਤੇ ਦੇ ਭਾਵਾਂ ਨੂੰ ਉਤੇਜਤ ਕਰਦੇ ਹਨ। ਸ੍ਰੋਤਾ ਜਦੋਂ ਲੋਕਗੀਤ ਸੁਣਦਾ ਹੈ ਤਾਂ ਉਸ ਅੰਦਰੋਂ ਭਾਵ ਜਾਗਦੇ ਹਨ ਅਤੇ ਉਹ ਸੁਹਜ ਸੁਆਦ ਮਾਣਦਾ ਹੈ। ਲੋਕਗੀਤਕਾਰ ਦੁਆਰਾ ਅਨੁਭਵ ਕੀਤੇ ਭਾਵਾਂ ਦਾ ਹੂ-ਬ-ਹੂ ਰੂਪ ਲੋਕਗੀਤਾਂ ਦਾ ਕਲਾ ਪੱਖ ਹੈ ਜੋ ਉਸਦੇ ਅਤੇ ਸ੍ਰੋਤੇ ਵਿਚਕਾਰ ਕੜੀ ਦਾ ਕੰਮ ਕਰਦਾ ਹੈ। ਇਸੇ ਕਰਕੇ ਲੋਕਗੀਤ ਦੇ ਕਲਾ ਪੱਖ ਦਾ ਭਾਵਾਂ ਨਾਲ ਵੀ ਅਟੁੱਟ ਸੰਬੰਧ ਨਜ਼ਰ ਆਉਂਦਾ ਹੈ।

ਜਿੱਥੇ ਪੁਸਤਕ ਦੇ ਪਹਿਲੇ ਦੋ ਭਾਗਾਂ ਵਿਚ ਰਾਜਵੰਤ ਲੋਕਧਾਰਾ ਦੇ ਸਿਧਾਂਤਕ ਪਰਿਪੇਖ ਅਤੇ ਵਿਆਹ ਦੇ ਲੋਕਗੀਤਾਂ ਦੀ ਰੂਪ-ਸੰਰਚਨਾ ਨੂੰ ਸਮਝਣ ਦਾ ਉਪਰਾਲਾ ਕਰਦੀ ਹੈ ਉਥੇ ਤੀਜੇ ਹਿੱਸੇ ਵਿਚ ਜਾ ਕੇ ਵਿਆਹ ਦੇ ਲੋਕਗੀਤਾਂ ਦੀ ਚਿੰਨ੍ਹ-ਸੰਰਚਨਾ ਨੂੰ ਵਾਚਣ ਦੀ ਚੇਸ਼ਟਾ ਕਰਦੀ ਹੈ। ਸਪਸ਼ਟ ਹੈ ਕਿ ਉਸਦੇ ਖੋਜ ਕਾਰਜ ਦਾ ਇਹ ਹਿੱਸਾ ਚਿੰਨ੍ਹ-ਵਿਗਿਆਨ ਦੇ ਸੰਕਲਪ ਦੀ ਦ੍ਰਿਸ਼ਟੀ ਤੋਂ ਕੀਤਾ ਗਿਆ ਅਧਿਐਨ ਹੈ। ਰਾਜਵੰਤ ਕੌਰ ਦਾ ਇਹ ਅਧਿਐਨ ਚਿੰਨ੍ਹ-ਵਿਗਿਆਨ ਅਧਿਐਨ ਪ੍ਰਣਾਲੀ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਦਾ ਮੁਥਾਜ ਹੈ। ਪਰੰਤੂ ਉਸਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਲੋਕਗੀਤ ਅਤੇ ਚਿੰਨ੍ਹ ਦੇ ਅੰਤਰ-ਸੰਬੰਧਾਂ ਨੂੰ ਪਕੜਨ ਵਿਚ ਕਾਮਯਾਬ ਰਹਿੰਦੀ ਹੈ। ਉਸ ਅਨੁਸਾਰ ਵਿਆਹ ਸੰਬੰਧੀ ਲੋਕਗੀਤਾਂ ਵਿਚ ਪੇਸ਼ ਚਿੰਨ੍ਹ ਵਾਸਤਵ ਵਿਚ ਵਿਸ਼ੇਸ਼ ਮੌਕਿਆਂ ਨਾਲ ਜੁੜੇ ਹੋਣ ਕਾਰਨ ਵਿਸ਼ੇਸ਼ ਅਰਥਾਂ ਤੇ ਭਾਵਾਂ ਦਾ ਸੰਚਾਰ ਕਰਨ ਵਿਚ ਸਹਾਈ ਹੁੰਦੇ ਹਨ। ਇਨ੍ਹਾਂ ਲੋਕਗੀਤਾਂ ਵਿਚ ਭਾਵ ਚਿੰਨ੍ਹ ਰਾਹੀਂ ਪੇਸ਼ ਹੋ ਕੇ ਦੂਸਰੇ ਦੇ ਮਨ ਉੱਤੇ ਉਸੇ ਤਰ੍ਹਾਂ ਪ੍ਰਭਾਵ ਪਾਉਂਦੇ ਹਨ ਜਿਸ ਤਰ੍ਹਾਂ ਦਾ ਸਿਰਜਕ ਦੇ ਮਨ ਉੱਤੇ ਪੈਂਦਾ ਹੈ। ਲੋਕਗੀਤ ਸਮੂਹ ਦੀ ਰਚਨਾ ਬਣ ਕੇ ਉਭਰਦੇ ਹਨ, ਇਸ ਲਈ ਇਨ੍ਹਾਂ ਦਾ ਪ੍ਰਭਾਵ ਵੀ

ਸਮੂਹ ਉੱਤੇ ਇਕਸਾਰ ਦੀ ਪੈਂਦਾ ਹੈ। ਲੋਕਗੀਤਾਂ ਵਿਚਲੇ ਚਿੰਨ੍ਹ ਸਾਰੇ ਸਮਾਜ ਦੀ ਬਿਹਤਰੀ ਲਈ ਪ੍ਰਸਤੁਤ ਹੁੰਦੇ ਹਨ। ਇਹੀ ਇਹਨਾਂ ਚਿੰਨ੍ਹਾਂ ਦੀ ਸਮਾਜਕ ਸਾਰਥਿਕਤਾ ਅਤੇ ਵਿਸ਼ੇਸ਼ਤਾ ਹੈ।

ਰਾਜਵੰਤ ਕੌਰ ਦੇ ਅਧਿਐਨ ਦਾ ਚੌਥਾ ਭਾਗ ਵਿਆਹ ਦੇ ਲੋਕਗੀਤਾਂ ਦੇ ਭਾਵ ਸੰਚਾਰ ਨਾਲ ਜੁੜਿਆ ਹੋਇਆ ਹੈ ਜਿਸ ਵਿਚ ਉਹ ਸੰਚਾਰ ਪ੍ਰਣਾਲੀ ਦੇ ਭਾਸ਼ਾਈ ਮਹੱਤਵ ਅਤੇ ਭਾਵ ਪੇਸ਼ਕਾਰੀ ਉੱਤੇ ਬਲ ਦਿੰਦੀ ਹੈ। ਜਿਵੇਂ ਉਸਨੇ ਦੂਜੇ ਹਿੱਸੇ ਵਿਚ ਵਿਆਹ ਨਾਲ ਸੰਬੰਧਤ ਲੋਕਕਾਵਿ ਦੇ ਅੱਡ ਅੱਡ ਰੂਪਾਂ ਦੀ ਰੂਪ-ਸੰਰਚਨਾ ਨੂੰ ਸਮਝਣ ਦਾ ਯਤਨ ਕੀਤਾ ਹੈ ਉਵੇਂ ਹੀ ਇਸ ਭਾਗ ਵਿਚ ਉਹ ਘੋੜੀ, ਸੁਹਾਗ, ਸਿਠਣੀ, ਛੰਦ ਪਰਾਗੇ, ਹੇਅਰੇ, ਪੱਤਲ ਆਦਿ ਵਿਚਲੀ ਭਾਵ ਪੇਸ਼ਕਾਰੀ ਨੂੰ ਸਮਝਣ ਦਾ ਯਤਨ ਕਰਦੀ ਹੈ।

ਇਸ ਪੁਸਤਕ ਦੇ ਅੰਤ ਵਿਚ ਲੋਕਗੀਤ ਪਾਠ ਸਾਮੱਗਰੀ ਅਨੁਵਾਨ ਅਧੀਨ ਉਸ ਨੇ ਵਿਆਹ ਦੇ ਲੋਕ ਗੀਤਾਂ ਨਾਲ ਜੁੜੇ ਵੱਖ-ਵੱਖ ਕਾਵਿ-ਪਾਠ ਦਰਜ ਕੀਤੇ ਹਨ ਜਿਹੜੇ ਉਸਦੇ ਇਸ ਅਧਿਐਨ ਦੀ ਸਾਰਥਿਕਤਾ ਵਿਚ ਵਾਧਾ ਕਰਦੇ ਹਨ। ਪੁਸਤਕ ਦੇ ਸਮੁੱਚੇ ਪਾਠ ਉਪਰੰਤ ਇਹ ਗੱਲ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਰਾਜਵੰਤ ਕੌਰ ਪੰਜਾਬੀ ਲੋਕਧਾਰਾ ਅਧਿਐਨ ਦੇ ਖੇਤਰ ਵਿਚ ਪ੍ਰਮਾਣਿਕ ਕੰਮ ਕਰਨ ਦੇ ਸਮਰੱਥ ਹੈ। ❑❑

[ਨਸੀਬ ਬਵੇਜਾ]

ਉਰਵਾਰ ਪਾਰ [ਤਾਰਨ ਗੁਜਰਾਲ]

'ਜੁਗਨੂੰਆਂ ਦਾ ਕਬਰਿਸਤਾਨ' ਅਤੇ 'ਇਸ਼ਨੇ ਮਰੀਅਮ' ਤੋਂ ਮਗਰੋਂ ਤਰਨ ਗੁਜਰਾਲ ਦਾ ਤੀਜਾ ਕਹਾਣੀ ਸੰਗ੍ਰਹਿ 'ਉਰਵਾਰ-ਪਾਰ' (ਪੰਨੇ 191, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਹੈ, ਜਿਸ ਵਿਚ ਉਸਦੀਆਂ ਕੁਝ ਪਹਿਲਾਂ ਛਪੀਆਂ ਕਹਾਣੀਆਂ ਵੀ ਸ਼ਾਮਲ ਹਨ। ਖੁਦ ਇਸਤਰੀ ਹੋਣ ਕਰਕੇ ਔਰਤ ਜਾਤੀ ਦੇ ਉਤਪੀੜਨ ਦੀ ਸਮੱਸਿਆ ਨੂੰ ਤਾਰਨ ਵਿਭਿੰਨ ਕੋਣਾਂ ਤੋਂ ਟੋਂਹਦੀ ਹੋਈ ਇਸਨੂੰ ਆਪਣੀ ਕਥਾ-ਸੰਵੇਦਨਾ ਦਾ ਕੇਂਦਰ-ਬਿੰਦੂ ਤਾਂ ਬਣਾਉਂਦੀ ਹੈ, ਔਪਰ ਉਸ ਦੀ ਕਥਾ-ਦ੍ਰਿਸ਼ਟੀ ਵਡੇਰੇ ਪ੍ਰਸੰਗ ਵਿਚ ਸਮਾਜਕ, ਆਰਥਿਕ, ਰਾਜਨੀਤਕ, ਸਭਿਆਚਾਰਕ, ਜਾਤੀ ਜਮਾਤੀ ਵਿਸ਼ੇਸ਼ਤਾਈਆਂ ਨੂੰ ਵੀ ਬਹੁਤ ਗੰਭੀਰਤਾ ਨਾਲ ਚਿਤਰਦੀ ਹੈ।

ਕਹਾਣੀ 'ਜੁਗਨੂੰਆਂ ਦਾ ਕਬਰਿਸਤਾਨ' ਸਮੁੱਚੇ ਸੰਗ੍ਰਹਿ ਦਾ ਹਾਸਲ ਹੈ, ਜਿਸ ਵਿਚ ਇਕ ਮਾਂ ਵੱਲੋਂ ਆਪਣੀ ਧੀ ਬਾਰੇ ਸੀਨੇ 'ਤੇ ਪੱਥਰ ਰੱਖ ਕੇ ਯਥਾਰਥਮਈ ਘਟਨਾਕ੍ਰਮ ਦੀ ਪੇਸ਼ਕਾਰੀ ਕੀਤੀ ਗਈ ਹੈ। ਔਰਤ ਦੇ ਅਪੰਗ ਸਰੀਰ ਕਾਰਨ ਇਸ ਦੇ ਦੁੱਖਾਂ 'ਚੋਂ ਦੁੱਖ ਝਰਨਿਆਂ ਦੀ ਤਰ੍ਹਾਂ ਸਿੰਮਦੇ ਹਨ ਅਤੇ ਇਸ ਵਿਚ ਪਵਨਾ ਵਰਗੀਆਂ ਅਨੇਕਾਂ ਧੀਆਂ ਦੇ ਚਾਅ, ਮਲ੍ਹਾਰ, ਖੁਸ਼ੀਆਂ, ਖੇੜੇ, ਸੁਪਨੇ, ਰੀਝਾਂ ਜਿਉਂਦੇ ਜੀਅ ਡੂੰਘੇ ਕਬਰਿਸਤਾਨ ਅੰਦਰ ਦਫ਼ਨਾਏ ਜਾਂਦੇ ਹਨ।

'ਆਪੋ ਆਪਣੇ ਸੱਪ', 'ਆਰਤੀਂ', 'ਅੰਦਰਲੇ ਜਵਾਲਾਮੁਖੀ' ਅਤੇ 'ਬੋਦਲ ਦਾ ਕੇਸ' ਆਦਿ ਕਹਾਣੀਆਂ ਪਿਛਾਂਹ ਖਿੱਚੂ ਸਮਾਜਕ ਰਵਾਇਤਾਂ ਦਾ ਖੰਡਨ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਰਾਹੀਂ ਲੇਖਿਕਾ ਇਨਸਾਨੀ ਰਿਸ਼ਤਿਆਂ ਨੂੰ ਧਰਮ, ਜਾਤ, ਗੋਤ, ਆਰਥਿਕਤਾ ਤੋਂ ਉੱਪਰ ਚੁੱਕ ਕੇ ਸਮਾਜ ਦੀ ਐਨਕ ਦੇ ਸ਼ੀਸ਼ੇ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਕਰਦੀ ਹੈ। 'ਬੋਦਲ ਦਾ ਕੇਸ' ਸਥਿਤੀ ਚਿਤਰਣ ਪੱਖੋਂ ਲੇਖਿਕਾ ਦੀ ਅਗਾਂਹਵਧੂ ਸੋਚ ਦਾ ਭਰਪੂਰ ਪ੍ਰਗਟਾਵਾ ਕਰਦੀ ਹੈ। ਕਹਾਣੀ ਵਿਚ ਬਲਵੰਤ ਤੇ ਮਿਸ਼ਰੀ ਦਾ ਆਪਸੀ ਗੂੜ੍ਹਾ ਪਿਆਰ ਹੈ ਅਤੇ ਉਹ ਸਮਾਜ ਦੀਆਂ ਨਜ਼ਰਾਂ ਤੋਂ ਡਰਦੇ ਲੁਕ-ਛਿਪ ਕੇ ਮਿਲਦੇ ਹਨ। ਕ੍ਰਾਂਤੀਕਾਰੀਆਂ ਲਈ ਬੇਖ਼ ਬਣਾਉਂਦਿਆਂ ਬਲਵੰਤ ਦੇ ਹੱਥ ਨਕਾਰਾ ਹੋ ਜਾਂਦੇ ਹਨ ਅਤੇ ਸਰੀਰ ਦੀ ਅਪੰਗਤਾ ਪਿਆਰ ਦੇ ਰਿਸ਼ਤੇ ਵਿਚ ਇਕ ਹੋਰ ਅੜਿੱਕਾ ਬਣ ਜਾਂਦੀ ਹੈ।

ਤਾਰਨ ਗੁਜਰਾਲ ਜੇ ਇਕ ਥੰਨੇ ਸੱਚੇ ਸੁੱਚੇ ਪਿਆਰ ਦੇ ਹੱਕ ਵਿਚ ਭੁਗਤਦੀ ਹੈ ਤਾਂ ਦੂਜੇ ਥੰਨੇ ਔਰਤ-ਮਰਦ ਵਿਚਲੇ ਸਵਾਰਥੀ ਪਿਆਰ ਦੇ ਥੋਥੇ ਅਤੇ ਬਨਾਵਟੀ ਰਿਸ਼ਤਿਆਂ ਤੋਂ ਵੀ ਪਾਠਕ ਨੂੰ ਚੁੰਕਨਿਆਂ ਕਰਦੀ ਹੈ। ਬਾਹਰੀ ਦਿਖਾਵੇ ਦੇ ਇਹ ਰਿਸ਼ਤੇ ਆਪਣੇ ਸਾਥੀਆਂ ਨਾਲ ਦਗਾ, ਫਰੇਬ

ਕਮਾਉਂਦੇ ਹਨ। ਜਿਵੇਂ 'ਟਿਬਨੇ-ਮਰੀਅਮ' ਕਹਾਣੀ ਵਿਚ ਸ਼ਰਧਾ, ਚੋਪੇ ਦੀਆਂ ਗੱਲਾਂ ਵਿਚ ਆ ਕੇ ਆਪਣੇ ਸਗੇਰ ਦੀ ਸਾਂਭੀ ਸੁਚੱਤਾ ਖੋ ਬੈਠਦੀ ਹੈ। ਉਹ ਚੋਪੇ ਦੇ ਬੱਚੇ ਦੀ ਮਾਂ ਬਣਨ ਤੋਂ ਬਾਅਦ ਉਸ ਦੀ ਛਤਰ-ਛਾਇਆ ਦੀ ਉਮੰਗ ਰਖਦੀ ਹੈ। ਔਪਰ ਚੋਪੇ ਦਾ ਅੰਦਰਲਾ ਕਰੂਪ ਚਿਹਰਾ ਨੰਗਾ ਹੁੰਦਾ ਹੈ ਜਦੋਂ ਉਹ ਸ਼ਰਧਾ ਲਈ ਮਦਦਗਾਰ ਹੋਣ ਦੀ ਥਾਂ ਉਸ ਨੂੰ ਗਰਭ ਡੇਗਣ ਲਈ ਆਖਦਾ ਹੈ। ਕਹਾਣੀ ਦਾ ਸਿਖਰ ਇਸ ਗੱਲ ਵਿਚ ਹੈ ਕਿ ਸ਼ਰਧਾ ਸਮਾਜਕ ਮਰਯਾਦਾ ਦੀ ਪਰਵਾਹ ਨਾ ਕਰਦੀ ਹੋਈ ਮਾਂ ਮਰੀਅਮ ਬਣ ਕੇ ਜੀਣਾ ਲੋਚਦੀ ਹੈ।

ਅਕਸਰ ਔਰਤ ਵਿਰੋਧੀ ਵਰਤਾਰਿਆਂ ਵਿਚ ਸਿਰਫ਼ ਮਰਦ ਨੂੰ ਹੀ ਦੋਸ਼ੀ ਸਿੱਧ ਕੀਤਾ ਜਾਂਦਾ ਹੈ। ਔਪਰ ਤਾਰਨ ਗੁਜਰਾਲ ਨੇ ਮਰਦ ਦੇ ਨਾਲ-ਨਾਲ ਔਰਤ ਨੂੰ ਵੀ ਬਰਾਬਰ ਦੋਸ਼ੀ ਗਰਦਾਨਿਆ ਹੈ। 'ਆਖਰੀ ਪਾਪ' ਕਹਾਣੀ ਦੀ ਨਾਇਕਾ ਸਮਾਜ ਵਿਚ ਆਪਣਾ ਨੱਕ ਰੱਖਣ ਲਈ ਬਾਂਝ ਕਹਾਉਣ ਦੀ ਥਾਂ ਵੱਖ-ਵੱਖ ਔਰਤਾਂ, ਪਹਿਲਾਂ ਰੇਸ਼ਮਾ ਅਤੇ ਫਿਰ ਬਸੰਤੀ, ਨਾਲ ਆਪਣੇ ਪਤੀ ਦੇ ਕਾਮੁਕ ਸੰਬੰਧ ਸਥਾਪਤ ਕਰਕੇ ਔਰਤ ਜਾਤੀ ਵਿਰੁੱਧ ਵਿਰੋਧੀ ਵਕੀਲ ਦੀ ਭੂਮਿਕਾ ਅਦਾ ਕਰਦੀ ਹੈ।

'ਸਰਕਾਰੀ ਕਾਗਜ਼' ਕਹਾਣੀ ਰਾਹੀਂ ਇਹ ਸੱਚ ਉਭਰਦਾ ਹੈ ਕਿ ਵੋਟਤੰਤਰ ਜਨਸਧਾਰਣ ਨੂੰ ਕਈ ਭਰਮ ਭੁਲੇਖਿਆਂ ਦਾ ਸ਼ਿਕਾਰ ਬਣਾਉਂਦਾ ਹੈ। ਕਹਾਣੀ ਦੀ ਮੁੱਖ ਪਾਤਰ ਫੂਲਾਂ ਨੂੰ ਪੈਨਸ਼ਨ ਲੱਗਣ ਦੀ ਉਮੀਦ ਵਜੋਂ ਜੀਵਨ ਹਾਲਤਾਂ ਦੇ ਸੁਧਰਨ ਦਾ ਵਿਸ਼ਵਾਸ ਹੈ। ਔਪਰ ਉਸਦੇ ਜੀਵਨ ਦੇ ਅਖ਼ੀਰ ਤਕ ਅਜਿਹਾ ਕੁਝ ਵੀ ਨਹੀਂ ਵਾਪਰਦਾ।

ਤਾਰਨ ਗੁਜਰਾਲ ਦੀਆਂ ਕਹਾਣੀਆਂ ਵਿਚ ਪੰਜਾਬ ਦੀ ਵੰਡ ਦੇ ਦੁਖਾਂਤ ਦੀ ਟੀਸ ਵੀ ਅਨੁਭਵ ਹੁੰਦੀ ਹੈ। ਪੁਸਤਕ ਦਾ ਨਾਮਕਰਨ 'ਉਰਵਾਰ ਪਾਰ' ਹੀ ਇਸ ਦਾ ਲਖਾਇਕ ਹੈ। ਸੰਗ੍ਰਹਿ ਵਿਚ ਸ਼ਾਮਲ ਦੋ ਕਹਾਣੀਆਂ 'ਬਰਕਤ ਵੀਰ ਜੀ' ਅਤੇ 'ਤਾਬੀਰ' ਦੇਸ਼ ਦੀ ਵੰਡ ਦੇ ਗਹਿਰੇ ਸਦਮੇ ਦਾ ਪ੍ਰਗਟਾਵਾ ਹਨ। ਦੇਸ਼ ਦੇ ਬਟਵਾਰੇ ਨਾਲ ਅਵਾਮ ਲਈ ਵਾਹੀਆਂ ਗਈਆਂ ਲੀਕਾਂ ਕਾਰਨ ਤਾਰਨ ਜਿੱਥੇ ਸਿਆਸੀ ਆਗੂਆਂ ਨੂੰ ਭੰਡਦੀ ਹੈ ਉਥੇ ਸਮਕਾਲ ਵਿਚ ਸ਼ਾਂਤੀ ਤੇ ਭਾਈਚਾਰਕ ਸਾਝ ਦੇ ਵਿਖਾਵੇ ਭਰੇ ਢੌਂਗ ਰਚਣ ਵਾਲੀਆਂ ਆਲਮੀ ਕਾਨਫ਼ਰੰਸਾਂ ਦੀ ਰਾਜਨੀਤੀ ਦੇ ਵੀ ਵਖੀਏ ਉਧੇੜਦੀ ਹੈ।

ਸੈਨ ਸੈਤਾਲੀ ਤੋਂ ਬਾਅਦ 1984 ਵਿਚ ਪੰਜਾਬੀਆਂ ਨੂੰ ਇਕ ਹੋਰ ਸੰਤਾਪ ਦਾ ਸ਼ਾਹਮਣਾ ਕਰਨਾ ਪੈਂਦਾ ਹੈ। ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਨੂੰ ਇਸ ਵਰਤਾਰੇ ਨੇ ਕਿੰਨਾ ਪ੍ਰਭਾਵਤ ਕੀਤਾ, ਇਸਦਾ ਸੰਕੇਤਕ ਵੇਰਵਾ 'ਕੁਕਨਸ' ਵਿਚ ਹਾਜ਼ਰ ਹੈ। ਹਰਮੰਦਿਰ ਸਾਹਿਬ ਉੱਤੇ ਹਮਲਾ ਅਤੇ ਬਦਲੇ ਵਜੋਂ ਇੰਦਰਾ ਗਾਂਧੀ ਦਾ ਕਤਲ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਦੀ ਜਾਨ ਦਾ ਖੌਅ ਬਣ ਜਾਂਦਾ ਹੈ। ਇਸ ਕਹਾਣੀ ਵਿਚ ਕਾਨਪੁਰ ਵਿਖੇ ਫੈਕਟਰੀ ਦੇ ਮਾਲਕ ਮਨੋਹਰ ਸਿੰਘ ਨੂੰ ਵੇਸ-ਭੂਸਾ ਬਦਲ ਕੇ ਆਪਣੀ ਜਾਨ ਬਚਾਉਣੀ ਪੈਂਦੀ ਹੈ। ਮਨੋਹਰ ਸਿੰਘ ਵਰਗੇ ਪੰਜਾਬੀ ਲੋਕਾਂ ਦੇ ਕੁਕਨਸ ਦੀ ਤਰ੍ਹਾਂ ਵਾਰ-ਵਾਰ ਮਰ ਕੇ ਵੀ ਜ਼ਿੰਦਾ ਰਹਿਣ ਦੇ ਪ੍ਰਤੀਕ ਰੂਪ ਵਿਚ ਸਿਰਜੀ ਇਹ ਕਹਾਣੀ ਆਪਣੇ ਅੰਦਰ ਗਹਿਰੇ ਅਰਥਾਂ ਨੂੰ ਸਾਂਭੀ ਬੈਠੀ ਹੈ।

ਵੱਖ-ਵੱਖ ਭੂ-ਖੰਡਾਂ ਵਿਚ ਰਹਿੰਦੇ ਆਮ ਲੋਕਾਂ ਦੇ ਦੁੱਖਾਂ, ਦਰਦਾਂ, ਲੋੜਾਂ, ਥੋੜਾਂ, ਤ੍ਰਾਸਦੀਆਂ ਅਤੇ ਜ਼ਿਆਦਤੀਆਂ ਨੂੰ ਬਿਆਨ ਕਰਦੀਆਂ ਤਾਰਨ ਗੁਰਜਾਲ ਦੀਆਂ ਕਹਾਣੀਆਂ, 'ਨਵੀਆਂ ਝਾਂਜਰਾਂ', 'ਸੁਲਫੇ ਦੀ ਲਾਟ', 'ਉਹ ਲੋਕ-ਅਸੀਂ ਲੋਕ', ਆਦਿ ਮਾਨਵਵਾਦੀ ਦ੍ਰਿਸ਼ਟੀ ਤੋਂ ਬਾਖੂਬੀ ਨਿਭਦੀਆਂ ਹਨ। ਵਰਤਮਾਨ ਅਤੇ ਅਤੀਤ ਦੇ ਵਖਰੇਵੇਂ ਵਜੋਂ ਅਤੀਤ 'ਚ ਮਾਣੀਆਂ ਸੁੱਖ-ਸਹੂਲਤਾਂ ਦਾ ਅਨੁਭਵ, ਸੱਭਿਆਚਾਰਕ ਰਵਾਇਤਾਂ, ਘਰ ਦਾ ਪਿਆਰ, ਰਿਸ਼ਤਿਆਂ ਅੰਦਰਲਾ ਨਿੱਘ ਤੇ ਸ਼ਤਿਕਾਰ, ਦੀਨ-ਦੁਖੀ ਦੀ ਸੇਵਾ, ਆਦਿ ਸਰੋਕਾਰਾਂ ਦੀ ਗੱਲ ਕਰਦੀ ਕਹਾਣੀ 'ਪੰਜਵਾਂ ਯੁੱਗ' ਆਪਸੀ ਸਾਂਝ ਦੀ ਖੁਸ਼ਬੋ ਦੇ ਪਾਸਾਰ ਲਈ ਨਿੱਘਾ ਬੁਲਾਵਾ ਹੈ।

ਤਾਰਨ ਗੁਜਰਾਲ ਦੀਆਂ ਕਹਾਣੀਆਂ ਦੇ ਪਾਤਰ ਦੁੱਖਾਂ, ਮੁਸੀਬਤਾਂ, ਜਾਤੀ ਜਮਾਤੀ ਸ਼ੋਸ਼ਨ

ਦਾ ਸ਼ਿਕਾਰ ਹੋਣ ਦੇ ਬਾਵਜੂਦ ਰੋਹ, ਵਿਦਰੋਹ ਦਾ ਰਸਤਾ ਅਖ਼ਤਿਆਰ ਨਹੀਂ ਕਰਦੇ। ਸਗੋਂ ਪ੍ਰਤੀਕੂਲ ਹਾਲਤਾਂ ਅੰਦਰ ਵੀ ਵਧੇਰੇ ਸਹਿਣਸ਼ੀਲ, ਆਤਮ-ਵਿਸ਼ਵਾਸੀ, ਇਮਾਨਦਾਰ ਅਤੇ ਸੰਵੇਦਨਸ਼ੀਲ ਰਵੱਈਏ ਦੇ ਰੋਲ-ਮਾਡਲ ਵਜੋਂ ਸਾਹਮਣੇ ਆਉਂਦੇ ਹਨ। ਤਾਰਨ ਗੁਜਰਾਲ ਨੇ ਮਾਂ ਵਾਂਗ ਸਾਰੀ ਦੁਨੀਆਂ ਨੂੰ ਮੋਹ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਹੈ। ਏਹੀ ਉਸਦੀ ਕਹਾਣੀ ਦਾ ਵਿਸ਼ੇਸ਼ ਤੇ ਨਿਵੇਕਲਾ ਲੱਛਣ ਹੈ। ਭਾਵੇਂ ਕਹਾਣੀਆਂ ਦੀ ਬਣਤਰ ਵਿਚ ਇਕਸਾਰਤਾ ਨਹੀਂ, ਅੰਪਰ ਇਹਨਾਂ ਵਿਚ ਕਹਾਣੀ ਤੱਤ ਅਤੇ ਕਥਾ-ਰਸ ਕਿਧਰੇ ਵੀ ਗ਼ੈਰਹਾਜ਼ਰ ਨਹੀਂ। ਤਾਰਨ ਗੁਜਰਾਲ ਕਿਸੇ ਵੀ ਘਟਨਾ ਕ੍ਰਮ ਨੂੰ ਉਚੇਚ ਦੀ ਥਾਂ ਸਹਿਜਤਾ ਨਾਲ ਬਿਆਨ ਕਰਦੀ ਹੈ। ਅਖਾਣਾਂ, ਮੁਹਾਵਰਿਆਂ, ਲੋਕਗੀਤਾਂ ਦੀਆਂ ਵੰਨਗੀਆਂ ਅਤੇ ਗੁਰਬਾਣੀ ਦੀਆਂ ਤੁਕਾਂ ਨੂੰ ਉਸ ਨੇ ਜਿਸ ਸਿਆਣਪ ਨਾਲ ਵਰਤਿਆ ਹੈ, ਉਸ ਨਾਲ ਕਹਾਣੀਆਂ ਦੀ ਕਲਾਤਮਕ ਖ਼ੂਬਸੂਰਤੀ ਵਿਚ ਹੋਰ ਨਿਖਾਰ ਆਇਆ ਹੈ। 'ਉਰਵਾਰ-ਪਾਰ' ਕਹਾਣੀ ਸੰਗ੍ਰਹਿ ਅਵੱਸ਼ ਪੰਜਾਬੀ ਕਹਾਣੀ ਦੀਆਂ ਸੰਭਾਵਨਾਵਾਂ ਨੂੰ ਵਿਸਤਾਰਦਾ ਹੈ।❑❑

[ਦਵਿੰਦਰ ਸਿੰਘ ਬੋਹਾ]

Guernica : The Biography of a Twentieth Century Icon

Gijs Van Hensbergen, Bloomsbury, 2004, pp. 374, £ 20/-

26 ਅਪ੍ਰੈਲ 1937 ਨੂੰ 60 ਜਰਮਨ ਇਤਾਲਵੀ ਹਵਾਈ ਜਹਾਜ਼ਾਂ ਨੇ ਸਪੈਨਿਸ਼ ਗੀਪਬਲਿਕ ਦੇ ਵਿਰੁੱਧ ਅਤੇ ਫਾਸ਼ੀ ਧੜੇ ਦੇ ਹੱਕ ਵਿਚ ਬਾਸਕ Basque ਸਪੇਨ ਦੇ ਧਾਰਮਿਕ ਧਾਮ ਗਰਨੀਕਾ 'ਤੇ ਬੰਬਾਰੀ ਕੀਤੀ। ਮਰਨ ਵਾਲਿਆਂ ਦੀ ਗਿਣਤੀ 1645 ਸੀ। ਇਹ ਦੂਸਰੀ ਵਿਸ਼ਵ ਲੜਾਈ ਵਿਚ ਜਰਮਨ ਹਵਾਈ ਸੈਨਾ ਲਈ ਪਰਖ ਦਾ ਮੌਕਾ ਸੀ ਕਿ (saturation) ਪਰਿਪੂਰਨ ਬੰਬਾਰੀ ਕਿੰਨੀ ਕੁ ਕਾਮਯਾਬ ਹੁੰਦੀ ਹੈ।

ਪਿਕਾਸੋ ਨੇ ਗਣਤੰਤਰੀ ਸਪੇਨ ਦੇ ਹੱਕ ਵਿਚ ਫਾਸ਼ੀ ਧੜੇ ਦੀ ਕਰਨੀ ਵਿਰੁੱਧ ਘਿਰਣਾ ਜਗਾਉਣ ਲਈ ਚਿਤਰ ਬਣਾਇਆ। ਇਹਦਾ ਆਕਾਰ 3.51 x 7.82 ਮੀਟਰ ਹੈ, ਜਿਸਦਾ ਕੁੱਲ ਰਕਬਾ 27 ਮੁਰੱਬਾ ਮੀਟਰ ਬਣਦਾ ਹੈ। ਇਹ ਕੋਈ ਈਜ਼ਲ (easel) ਚਿਤਰ ਨਹੀਂ ਸਗੋਂ ਐਪਿਕ (epic) ਤਸਵੀਰ ਹੈ।

ਪੈਰਿਸ 'ਚ ਚਿਤਰੀ ਗਰਨੀਕਾ 47 ਸਾਲ ਬਾਅਦ 1981 ਵਿਚ ਸਪੇਨ ਦੇ ਰਾਸ਼ਟਰੀ ਅਜਾਇਬ ਘਰ ਪਰਾਡੋ (prado) ਵਿਚ ਪੁੱਜੀ।

ਸਪੇਨ ਦੀ ਖਾਨਾਜੰਗੀ ਵਿਚ ਜਰਮਨ ਦਖਲ-ਅੰਦਾਜ਼ੀ ਦੂਸਰੀ ਆਲਮੀ ਜੰਗ ਦੀ ਸ਼ੁਰੂਆਤ ਸੀ। ਸਹਤਾ ਨੀਆ ਨੇ ਘੋਸਲ ਵੱਟੀ ਹੱਥੀ, ਫਰਾਂਸ ਕੁਝ ਕਰਨ ਯੋਗ ਨਹੀਂ ਸੀ। ਇਹ ਗੱਲ ਬਰਤਾਨੀਆ ਫਰਾਂਸ ਨੂੰ ਮਗਰੋਂ ਜਾਕੇ ਮਹਿੰਗੀ ਗਈ।

ਪਹਿਲਾਂ ਗਰਨੀਕਾ ਸਪੇਨੀ ਗਣਤੰਤਰ ਦਾ ਝੰਡਾ ਸੀ। ਇਹ ਸਪੇਨ ਦੇ ਫਾਸ਼ੀਵਾਦ ਤੋਂ ਪੀੜਤ ਸ਼ਹਰਾਹਬੀਆਂ ਦੀ ਮਦਦ ਲਈ ਸ਼ਹਿਰੋ ਸ਼ਹਿਰ ਫਿਰ ਕੇ ਪੈਸਾ ਇਕੱਠਾ ਕਰਦੀ ਰਹੀ।

ਦੂਸਰੀ ਵਿਸ਼ਵ ਲੜਾਈ ਹੁੰਦੇ ਸਾਰ ਗਰਨੀਕਾ ਨਵੇਂ ਸੈਨਿਕ ਦਾਓ-ਪੇਚ ਅਰਥਾਤ ਸਾਧਾਰਨ ਵਸੋਂ ਦੀ ਜਾਣ ਬੁੱਝ ਕੇ ਬਰਬਾਦੀ ਕਰਨ ਦਾ ਪ੍ਰਗਟਾਅ ਹੋ ਗਈ। ਜੋ ਗਰਨੀਕਾ ਸ਼ਹਿਰ ਨਾਲ ਹੋਈ ਉਹ ਅੱਗੇ ਜਾ ਕੇ (ਬੰਬਾਂ ਦਾ ਫਰਸ਼ ਵਛਾ ਦੇਣਾ) ਹੈਮਬਰਗ, ਡਰੈਜ਼ਡਨ, ਰੌਟਰਡਮ, ਕਵੈਂਟਰੀ, ਹੀਰੋਸ਼ੀਮਾ ਨਾਲ ਹੋਈ। ਦੂਸਰੀ ਵਿਸ਼ਵ ਲੜਾਈ ਵਿਚ ਗਰਨੀਕਾ ਇਤਿਹਾਦੀ ਮੁਲਕਾਂ ਦਾ ਆਚਾਰਕ ਕੇਤੂ ਸੀ।

ਗਰਨੀਕਾ ਵਿਚ ਖਿੰਡੇ ਪੁੰਡੇ ਅੰਗ ਹਨ, ਜਿਹਨਾਂ ਵਿਚ ਮਰਿਆ ਸੈਨਿਕ ਵੀ ਹੈ। ਘੋੜਾ ਦਰਦ ਨਾਲ ਚੀਕ ਰਿਹਾ ਜਿਹੜਾ ਹਰ ਜੀਵ ਦੇ ਦਰਦ ਦਾ ਪ੍ਰਤੀਕ ਹੈ। ਇਕ ਪਾਸੇ ਬੇਜਾਨ ਮਾਂ ਨੇ ਮੁਰਦਾ ਬੱਚਾ ਗਲ ਲਾਇਆ ਹੋਇਆ। ਨਾਲ bull ਸਾਨ੍ਹ ਬੇਲਾਗ ਖੜ੍ਹਾ ਹੈ ਜਿਹੜਾ ਫ਼ਰਾਂਕੋ ਦਾ ਪ੍ਰਤੀਕ, ਨਾਲੇ ਜ਼ੁਲਮ ਹਿੰਸਾ ਦਾ ਚਿੰਨ੍ਹ ਹੈ। ਵਿਚ ਸਾਧਾਰਨਤਾ ਦਾ ਕੁੱਕੜ ਹੈ ਕਿਉਂ ਜੋ ਜ਼ੁਲਮ ਦੇ ਬਾਵਜੂਦ ਜੀਵਨ

ਦਾ ਕੁਝ ਨਾ ਕੁਝ ਸਾਧਾਰਨ ਰਹਿੰਦਾ ਹੈ। ਕਾਲੇ ਰੰਗ ਦੀ ਸ਼ੈਲੀ 'ਚ ਬਣੇ ਚਿੱਤਰ ਵਿਚ ਰੌਸ਼ਨੀ ਦਾ ਲੈਂਪ ਵੀ ਨਜ਼ਰ ਆਉਂਦਾ ਹੈ।

ਗਰਨੀਕਾ ਦੀ ਮਿਸ਼ਰਤ ਸ਼ੈਲੀ ਹੈ, ਆਧੁਨਿਕ ਵਿਸ਼ੇ ਨੂੰ ਬਹੁਤਾ ਕਰਕੇ ਆਦਿਕਾਲੀ ਚਿੱਤਰਕਾਰੀ (Primitive Painting) ਵਾਂਗੂੰ ਵੇਖਣ ਦੇ ਨਾਲ-ਨਾਲ ਇਹਨੂੰ ਪੜ੍ਹਣਾ ਪੈਂਦਾ ਹੈ। ਜੇ ਸਾਧਾਰਨ ਸ਼ੈਅਾਂ ਨੂੰ ਵੇਗ ਦਾ ਹੜ੍ਹ ਚਿੰਨ੍ਹ ਰੂਪੀ ਬਣਾ ਦੇਵੇ ਤਾਂ ਕਲਾ ਆਪ ਹੀ ਉਦਾਤ ਹੋ ਜਾਂਦੀ ਹੈ।

ਠੰਢੀ ਜੰਗ (Cold War) ਸਮੇਂ ਗਰਨੀਕਾ ਸੀਤ ਲੜਾਈ ਦਾ ਹਿੱਸਾ ਹੋ ਗਈ। ਇਹਦੀ ਸ਼ੈਲੀ ਦੇ ਹਮਾਇਤੀ ਪਿਕਾਸੋ ਦੇ ਕਮਿਊਨਿਸਟ ਹੋਣ 'ਤੇ ਦੁਖੀ ਸੀ। ਪਿਕਾਸੋ ਦੇ ਸਿਆਸੀ ਪੱਖ ਵਾਲੇ ਇਹਦੀ ਸ਼ੈਲੀ 'ਤੇ ਨਾਖੁਸ਼ ਸੀ। ਅਮਰੀਕਾ ਤਾਂ ਪਿਕਾਸੋ ਦੀ 1951 ਵਿਚ ਬਣਾਈ ਪੇਂਟਿਗ Massacre in Korea ਕਾਰਨ ਹੋਰ ਵੀ ਨਾਰਾਜ਼ ਸੀ।

ਦੂਸਰੀ ਜੰਗ ਸਮੇਂ ਗਰਨੀਕਾ ਮੋਮਾ Moma ਨਿਊਯਾਰਕ ਵਿਚ ਸੀ। ਇਹਦੇ ਪ੍ਰਤੀਕਰਮ ਵਜੋਂ ਗੋਰਕੀ (ਰੂਸੀ ਨਹੀਂ, ਜਾਰਜੀਅਨ) ਰੋਥਕੋ, ਪੋਲਕ ਚਿੱਤਰਕਾਰਾਂ ਨੇ ਅਮਰੀਕੀ ਕਲਾ ਨੂੰ ਆਲਮੀ ਦਰਜੇ ਦੀ ਕਹਿਣਾ ਸ਼ੁਰੂ ਕੀਤਾ ਅਤੇ ਅਮੂਰਤ (abstract) ਸ਼ੈਲੀ ਦੀ ਕਾਢ ਕੱਢੀ। ਪਿਕਾਸੋ ਦੀ ਅਮਰੀਕੀ ਆਲੋਚਨਾ ਇਹ ਕਹਿਣ ਲੱਗੀ ਕਿ ਅਮੂਰਤ ਸ਼ੈਲੀ ਪਿਕਾਸੋ ਵਾਲੀ ਤੋਂ ਬਿਹਤਰ ਹੈ।

ਅੱਜ ਦੇ Oil for food ਵਾਂਗੂੰ 1952 ਵਿਚ ਨਿਊਯਾਰਕ ਸਟੇਟ ਨੇ ਪਿਕਾਸੋ ਨੂੰ 15 ਲੱਖ ਡਾਲਰ ਜੁਰਮਾਨਾ ਕਰ ਦਿੱਤਾ ਕਿਉਂਕਿ ਇਹਦੇ ਅਨੁਸਾਰ Anti Fascist Refugee Committee ਨੇ ਇਹਦੀ ਦੁਰਵਰਤੋਂ ਕੀਤੀ ਹੈ ਅਤੇ ਪਿਕਾਸੋ ਇਹਦਾ ਇਜ਼ਾਜ਼ੀ ਪ੍ਰਧਾਨ ਸੀ (ਪਰ ਨਿਊਯਾਰਕ ਸਟੇਟ ਦਾ ਇਸ ਸੰਸਥਾ ਨਾਲ ਕੋਈ ਲਾਕਾ ਦੇਕਾ ਨਹੀਂ ਸੀ)।

ਵੀਅਤਨਾਮੀ ਸੰਘਰਸ਼ ਨੇ ਗਰਨੀਕਾ ਨੂੰ ਪੁਨਰ ਆਰਥਿਕ ਬਣਾ ਦਿੱਤਾ ਜਿਵੇਂ ਮੀਲਾਈ ਵਿਚ ਪੰਜ ਸੌ ਵੀਅਤਨਾਮੀਆਂ ਦਾ ਕਤਲ ਹੋਇਆ ਸੀ।

ਪਿਕਾਸੋ ਦੀ ਵਸੀਅਤ ਸੀ ਕਿ ਗਰਨੀਕਾ ਪਰਾਡੋ ਵਿਚ ਤਾਂ ਹੀ ਪਹੁੰਚ ਸਕਦੀ ਹੈ ਜੇ ਸਪੇਨ ਗਣਤੰਤਰੀ ਦੇਸ਼ ਹੋਵੇ। ਫਰਾਂਕੋ ਦੀ ਮੌਤ ਮਗਰੋਂ ਸਪੇਨ ਵਿਚ ਗਰਨੀਕਾ ਗਣਤੰਤਰੀ ਸੰਘਰਸ਼ ਦਾ ਅੰਗ ਹੋ ਗਈ।

ਗਵਰਨਰ ਰਾਕਫੈਲਰ ਨੇ ਪਿਕਾਸੋ ਦੀ ਸਹਿਮਤੀ ਨਾਲ ਗਰਨੀਕਾ ਦੀ tapestry (ਮਸ਼ੱਜਰ) ਬਣਵਾਈ ਸੀ ਜਿਹੜੀ ਉਹਨੇ ਸੰਯੁਕਤ ਰਾਸ਼ਟਰ ਨੂੰ ਦੇ ਦਿੱਤੀ ਸੀ। ਜਨਵਰੀ 2003 ਵਿਚ ਮਸ਼ੱਜਰ 'ਤੇ ਕੱਪੜਾ ਪਾ ਦਿੱਤਾ ਸੀ। ਅਮਰੀਕਾ ਦੀ ਇਰਾਕ 'ਤੇ ਚੜ੍ਹਾਈ ਦੀ ਮੁਹਿੰਮ ਦੀਆਂ ਟੈਲੀਵਿਜ਼ਨ ਕੈਮਰਿਆਂ ਸਾਹਮਣੇ ਦਲੀਲਾਂ ਗਰਨੀਕਾ ਦੀ ਪ੍ਰਿਸ਼ਟਭੂਮੀ ਵਿਚ ਅਜੇਤ ਪ੍ਰਤੀਤ ਹੁੰਦੀਆਂ ਸਨ।

ਗਰਨੀਕਾ ਉਮਰ-ਰਸੀਦਾ ਹੁੰਦੀ—ਹੁੰਦੀ ਵਿਸ਼ਵ ਰਾਜਨੀਤੀ ਕਾਰਨ ਮੁੜ-ਮੁੜ ਜਵਾਨ ਹੁੰਦੀ ਰਹੀ ਹੈ। ਮੌਤ ਦੇ ਬੁਖ਼ਾਰ ਵਿਚ ਤਾਪਮਾਨੀ ਰੂਪ ਕਾਰਨ।❑❑

[ਸੁਰਜੀਤ ਹਾਂਸ]

ਪ੍ਰਾਪਤ ਪੁਸਤਕਾਂ

ਭਾਪਾ ਪ੍ਰੀਤਮ ਸਿੰਘ ਸਿਮ੍ਰਤੀ ਗ੍ਰੰਥ, ਸੰਪਾਦਕ : ਡਾ ਕਰਨਜੀਤ ਸਿੰਘ
ਵੱਡਾ ਸਾਈਜ਼, ਪੰਨੇ 306, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ

ਸਾਹਿਤਕ ਸਵੈ ਜੀਵਨੀ : ਗੁਲਜ਼ਾਰ ਸਿੰਘ ਸੰਧੂ
ਪੰਨੇ 154, ਮੁੱਲ 160 ਰੁਪਏ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਢਾਈ ਸਦੀਆਂ ਦਾ ਹਾਣੀ ਪਿੰਡ : ਲੰਡੇ (ਪਿੰਡ ਦਾ ਇਤਿਹਾਸ) ਸੁਦਾਗਰ ਬਰਾੜ ਲੰਡੇ
ਪੰਨੇ 216, ਮੁੱਲ 250 ਰੁਪਏ, ਪੇਪਰਬੈਕ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਸੰਗਰਾਮੀ ਗਾਥਾ [ਜੀਵਨ ਯਾਦਾਂ] ਕਾ: ਵਾਸਦੇਵ ਸਿੰਘ
ਪੰਨੇ 160, ਮੁੱਲ 180 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਪਰਵਾਸੀ ਪੰਜਾਬੀ [ਇਤਿਹਾਸਕ ਤੇ ਸਮਾਜਿਕ ਸੰਦਰਭ] ਪਰਮਜੀਤ ਸਿੰਘ ਜੱਜ
ਪੰਨੇ 200, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਪ੍ਰਵਾਸ ਤੇ ਪਰਵਾਸੀ ਸਾਹਿਤ [ਆਲੋਚਨਾ] ਡਾ. ਹਰਚੰਦ ਸਿੰਘ ਬੇਦੀ

ਪੰਨੇ 384, ਮੁੱਲ 250 ਰੁਪਏ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਆਧੁਨਿਕ ਪ੍ਰਵਿਰਤੀਆਂ ਅਤੇ ਪੰਜਾਬੀ ਨਾਵਲ [ਆਲੋਚਨਾ] ਨਰਿਜਨ ਤਸਨੀਮ

ਪੰਨੇ 160, ਮੁੱਲ 160 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਪੰਜਾਬੀ ਨਾਵਲ ਤੇ ਨਾਵਲਕਾਰ [ਆਲੋਚਨਾ] ਕੁਲਬੀਰ ਸਿੰਘ ਕਾਂਗ

ਪੰਨੇ 152, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਪਰਸਾ : ਚਿੰਤਨ-ਚੇਤਨਾ [ਆਲੋਚਨਾ] ਸੰਪਾਦਕ : ਪਰਮਜੀਤ ਸਿੰਘ ਢੀਂਗਰਾ

ਪੰਨੇ 191, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਚਿੰਤਨ-ਮੰਥਨ [ਆਲੋਚਨਾ] ਦੇਵਿੰਦਰ ਸਿੰਘ (ਡਾ.)

ਪੰਨੇ 111, ਮੁੱਲ 110 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਸਾਵੇਂ ਪੱਤਰ : ਕਾਵਿ ਸ਼ਾਸਤਰੀ ਪਰਿਪੇਖ [ਆਲੋਚਨਾ] ਹਿਰਦੇਜੀਤ ਸਿੰਘ ਭੋਗਲ

ਪੰਨੇ 120, ਮੁੱਲ 120 ਰੁਪਏ, ਅਲਕਾ ਸਾਹਿਤ ਸਦਨ, ਚੌਕ ਮੰਨਾ ਸਿੰਘ, ਅੰਮ੍ਰਿਤਸਰ

ਕੁਲਵੰਤ ਸਿੰਘ ਵਿਰਕ ਦਾ ਬਿਰਤਾਂਤ ਸ਼ਾਸਤਰ [ਆਲੋਚਨਾ]ਸੰਪਾਦਕ : ਰਾਜਿੰਦਰ ਸਿੰਘ

ਪੰਨੇ 152, ਮੁੱਲ 150 ਰੁਪਏ, ਅਲਕਾ ਸਾਹਿਤ ਸਦਨ, ਚੌਕ ਮੰਨਾ ਸਿੰਘ, ਅੰਮ੍ਰਿਤਸਰ

ਮਧਕਾਲੀਨ ਪੰਜਾਬੀ ਕਾਵਿ ਸਮੀਖਿਆ [ਆਲੋਚਨਾ] ਸਰਬਜੀਤ ਸਿੰਘ ਮਾਨ

ਪੰਨੇ 96, ਮੁੱਲ 100 ਰੁਪਏ, ਅਲਕਾ ਸਾਹਿਤ ਸਦਨ, ਚੌਕ ਮੰਨਾ ਸਿੰਘ, ਅੰਮ੍ਰਿਤਸਰ

ਮੇਰੀ ਕਹਾਣੀ [ਕਹਾਣੀ ਸੰਗ੍ਰਹਿ] ਰਵਿੰਦਰ ਰਵੀ

ਪੰਨੇ 648, ਮੁੱਲ 495 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਤ੍ਰਿਸ਼ਨਾ' [ਕਹਾਣੀ ਸੰਗ੍ਰਹਿ] ਮਨਮੋਹਨ ਕੌਰ

ਪੰਨੇ 136, ਮੁੱਲ 150 ਰੁਪਏ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

ਸੋਚਾਂ, ਸੱਧਰਾਂ ਤੇ ਪੀੜਾਂ [ਮਿੰਨੀ ਕਹਾਣੀ ਸੰਗ੍ਰਹਿ] ਈਸ਼ਰ ਸਿੰਘ ਮੌਜੀ

ਪੰਨੇ 111, ਮੁੱਲ 60 ਰੁਪਏ, ਏਸ਼ੀਆ ਵਿਜ਼ਨਜ਼, ਗੁਰਦੇਵ ਨਗਰ, ਲੁਧਿਆਣਾ

ਖੇਲਦੇ ਸਮੁੰਦਰ [ਕਹਾਣੀ ਸੰਗ੍ਰਹਿ] ਸੰਪਾਦਕ : ਹਰਭਜਨ ਨੀਰ

ਪੰਨੇ 104, ਮੁੱਲ 110 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

ਅਲਬਰਟਾ ਦੇ ਪੰਜਾਬੀ ਲੇਖਕ [ਕਾਵਿ ਕਹਾਣੀ ਸੰਗ੍ਰਹਿ] ਸ: ਕਸ਼ਮੀਰਾ ਸਿੰਘ ਚਮਨ, ਕੇਸਰ ਸਿੰਘ ਨੀਰ ਤੇ ਹੋਰ

ਪੰਨੇ 246, ਪੰਜਾਬੀ ਲਿਖਾਰੀ ਸਭਾ, ਕੈਲਗਰੀ, ਅਲਬਰਟਾ, ਕੈਨੇਡਾ

ਪਰਿਕਰਮਾ [ਨਾਵਲ] ਬਲਦੇਵ ਸਿੰਘ ਗਰੇਵਾਲ

ਪੰਨੇ 79, ਮੁੱਲ 90 ਰੁਪਏ, ਨੈਸ਼ਨਲ ਬੁੱਕਸ਼ਾਪ, ਚਾਂਦਨੀ ਚੌਕ, ਦਿੱਲੀ

ਮਰਜੀਵੜਾ [ਨਾਵਲ] ਕਰਤਾਰ ਸਿੰਘ ਮਾਨ

ਪੰਨੇ 628, ਮੁੱਲ 250 ਰੁਪਏ, ਪੇਪਰਬੈਕ 150 ਰੁਪਏ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ

ਸੋਲੋ ਨਾਟਕ [ਨਾਟਕ] ਸੋਮਪਾਲ ਹੀਰਾ

ਪੰਨੇ 96, ਮੁੱਲ 100, ਸੰਗਮ ਪਬਲੀਕੇਸ਼ਨਜ਼, ਸਮਾਣਾ

ਤਖਤ ਲਹੌਰ [ਨਾਟਕ] ਨਜਮ ਹੁਸੈਨ ਸੱਯਦ

ਪੰਨੇ 112, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਅੱਥਰੇ ਘੋੜੇ ਢਾਂਗ [ਕਾਵਿ ਸੰਗ੍ਰਹਿ], ਇੰਦ੍ਰਪਾਲ

ਪੰਨੇ 104, ਮੁੱਲ 100 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

ਮੈਨੂੰ ਖੰਡਰ ਹਾਂ ਰਹਿਣ ਦਿਓ [ਕਾਵਿ ਸੰਗ੍ਰਹਿ] ਸੁਰਿੰਦਰ ਢਿੱਲੋਂ

ਪੰਨੇ 80, ਮੁੱਲ 85 ਰੁਪਏ, ਪੇਪਰਬੈਕ 50 ਰੁਪਏ, ਕੁਕਨੁਸ ਪ੍ਰਕਾਸ਼ਨ, ਜਲੰਧਰ

ਨਵੇਂ ਸਵੇਰੇ ਨਵੀਆਂ ਮਹਿਕਾਂ [ਕਾਵਿ ਸੰਗ੍ਰਹਿ] ਮਹਿੰਦਰਪਾਲ ਸ: ਪਾਲ

ਪੰਨੇ 80, ਮੁੱਲ 100 ਰੁਪਏ, $ 10, ਕੁਨਾਲ ਪ੍ਰਕਾਸ਼ਨ, ਜਲੰਧਰ

ਕਿਵੇਂ ਕਹਾਂ ? [ਕਾਵਿ ਸੰਗ੍ਰਹਿ] ਪ੍ਰਭਜੋਤ ਸਿੰਘ ਸੋਹੀ

ਪੰਨੇ 80, ਮੁੱਲ 100 ਰੁਪਏ, ਜਸਵੰਤ ਪ੍ਰਿੰਟਰਜ਼, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

ਅੱਖਰ ਦਾ ਪਰਛਾਵਾਂ [ਕਾਵਿ ਸੰਗ੍ਰਹਿ] ਭਗਤ ਰਾਮ ਸ਼ਰਮਾ

ਪੰਨੇ 96, ਮੁੱਲ 100 ਰੁਪਏ, ਰੂਪੀ ਪ੍ਰਕਾਸ਼ਨ, ਚੌਕ ਹੁਸੈਨਪੁਰਾ, ਅੰਮ੍ਰਿਤਸਰ

ਉਦਰੇਵੇਂ ਦੀ ਕੂੰਕਲ [ਕਾਵਿ ਸੰਗ੍ਰਹਿ] ਰਾਜਿੰਦਰ ਪਰਦੇਸੀ

ਪੰਨੇ 96, ਮੁੱਲ 100 ਰੁਪਏ, ਪੇਪਰਬੈਕ 75 ਰੁਪਏ, ਗੀਤ ਪ੍ਰਕਾਸ਼ਨ, ਬਸਤੀ ਗੁਜ਼ਾਂ, ਜਲੰਧਰ

ਵਰਜਿਤ ਸੁਰ ਦਾ ਮੂਕ ਸੰਵਾਦ [ਕਾਵਿ ਸੰਗ੍ਰਹਿ] ਸੁਖਦੇਵ ਨਡਾਲੋ

ਪੰਨੇ 80, ਮੁੱਲ 85 ਰੁਪਏ, ਪੇਪਰਬੈਕ 150 ਰੁਪਏ, ਕੁਕਨੁਸ ਪ੍ਰਕਾਸ਼ਨ, ਜਲੰਧਰ

ਬਨੇਰੇ ਖਾਮੋਸ਼ ਹਨ [ਕਾਵਿ ਸੰਗ੍ਰਹਿ] ਅਜ਼ੀਜ਼ ਸਰੋਏ

ਪੰਨੇ 80, ਮੁੱਲ 90 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

ਪੱਤਰ

ਸਿਰਜਣਾ- 139 ਵਿਚ ਅਮੀਨ ਮਲਿਕ ਦੀ ਕਹਾਣੀ 'ਮੇਰਾ ਨਾਂ ਜਹਾਨ' ਬਹੁਤ ਹੀ ਦਿਲਚਸਪ ਕਹਾਣੀ ਹੈ। ਕਹਾਣੀ ਦਾ ਵਿਸ਼ਾ ਵਸਤੂ ਤਾਂ ਵਧੀਆ ਹੈ ਹੀ ਉਸ ਉੱਪਰ ਲੇਖਕ ਦੀ ਮੁਹਾਵਰੇਦਾਰ ਭਾਸ਼ਾ ਤੇ ਲੱਛੇਦਾਰ ਸ਼ੈਲੀ ਕਹਾਣੀ ਨੂੰ ਹੋਰ ਵੀ ਰੋਚਿਕ ਬਣਾਉਂਦੀ ਹੈ। ਅਜਿਹੀ ਮਿੱਠੀ ਬੋਲੀ ਪੜ੍ਹਨ ਦਾ ਆਪਣਾ ਹੀ ਵਿਸ਼ੇਸ਼ ਆਨੰਦ ਹੈ। ਹਰਪ੍ਰੀਤ ਸੇਖਾ ਵੀ ਪਰਵਾਸੀ ਪੰਜਾਬੀ ਕਹਾਣੀ ਲੇਖਕਾਂ ਵਿਚ ਆਪਣੀ ਪਹਿਚਾਣ ਬਣਾਉਣ ਵਿਚ ਸਫਲ ਹੋ ਰਿਹਾ ਹੈ। ਉਸਦੀ ਕਹਾਣੀ 'ਘੁੰਮਣਘੇਰ' ਪੰਜਾਬੀ ਮਾਪਿਆਂ ਦੀ ਮਾਨਸਿਕਤਾ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ। ਸਾਡੇ ਲੋਕ ਕਨੇਡਾ-ਅਮਰੀਕਾ ਪਹੁੰਚਣ ਲਈ ਜਿਵੇਂ ਕਿਸਮ ਕਿਸਮ ਦੀਆਂ ਪਉੜੀਆਂ ਵਰਤ ਰਹੇ ਹਨ, ਉਸ ਕਰਕੇ ਗਿਸ਼ਤਿਆਂ ਦਾ ਕੋਈ ਵਜੂਦ ਨਹੀਂ ਰਹਿ ਜਾਂਦਾ। ਕਹਾਣੀ ਵਿਚ ਲੇਖਕ ਨੇ ਡਿੰਪਲ ਦੀ ਸਮਲਿੰਗੀ ਪ੍ਰਵਿਰਤੀ 'ਤੇ ਹੀ ਜ਼ੋਰ ਦਿੱਤਾ ਹੈ ਜਦੋਂ ਕਿ ਰਾਣੇ ਵਰਗੇ ਪਾਤਰ ਨਾਲ ਨਿਆਂ ਨਹੀਂ ਕੀਤਾ। ਇਸ ਪੱਖੋਂ ਕਹਾਣੀ ਨੂੰ ਹੋਰ ਨਿਖਾਰਿਆ ਜਾ ਸਕਦਾ ਸੀ। ਕੁੱਲ ਮਿਲਾ ਕੇ ਕਹਾਣੀ ਅੱਛੀ ਹੈ। ਸੁਰਿੰਦਰ ਸੋਹਲ ਦੀ ਕਹਾਣੀ 'ਸੂਰਜ ਅਜੇ ਮਰਿਆ ਨਹੀਂ' ਅਖੀਰ ਤਕ ਸਸਪੈਂਸ ਕਾਇਮ ਰੱਖਣ ਵਿਚ ਕਾਮਯਾਬ ਰਹੀ ਹੈ ਅਤੇ ਅੱਜ ਦੀ ਵਿਗੜੀ ਸਮਾਜਕ ਸਥਿਤੀ 'ਤੇ ਝਾਤ ਪਾਉਂਦੀ ਹੋਈ ਇਕ ਆਸ ਨਾਲ ਖਤਮ ਹੁੰਦੀ ਹੈ ਕਿ ਅਜੇ ਵੀ ਕਿਧਰੇ ਕਿਧਰੇ ਸਹੀ ਕਦਰਾਂ-ਕੀਮਤਾਂ ਉੱਤੇ ਜਿਉਣ ਵਾਲੇ ਲੋਕ ਮੌਜੂਦ ਹਨ। ਹਾਂ-ਮੁਖੀ ਹੋਣ ਕਰਕੇ ਪਾਠਕ ਲਈ ਸਹੀ ਦਿਸ਼ਾ ਵੱਲ ਸੋਚਣ ਵਾਸਤੇ ਸਹਾਈ ਹੋ ਸਕਦੀ ਹੈ।

ਸੋਵੀਅਤ ਸੰਘ ਦੇ ਵਿਖਰਣ ਉੱਤੇ ਵਿਚਾਰ-ਚਰਚਾ ਉਸ ਦੀ ਟੁੱਟ-ਭੱਜ ਦੇ ਕਾਰਣਾਂ ਦੀ ਨਿਸ਼ਾਨਦੇਹੀ ਕਰਦੀ ਹੈ। ਕਾਰਣ ਤਾਂ ਬਥੇਰੇ ਲੱਭੇ ਜਾਂਦੇ ਰਹਿਣਗੇ ਤੇ ਹਨ ਭੀ ਪਰ ਇਕੋ ਹੀ ਮੁੱਖ ਕਾਰਨ ਹੈ ਕਿ ਕੋਈ ਵੀ ਇਨਸਾਨੀ ਮਨ ਦੀ ਥਾਹ ਨਹੀਂ ਪਾ ਸਕਦਾ ਕਿ ਉਹ ਕਦੋਂ ਕੀ ਕਰ ਦੇਵੇ। ਇਸਦੀ ਸ਼ੁੱਧਤਾ ਲਈ ਤੇ ਸਹੀ ਸੇਧ ਦੇਣ ਲਈ ਧਰਮ ਵੀ ਆਪਣਾ ਪੂਰਾ ਜ਼ੋਰ ਲਾ ਚੁੱਕਾ ਹੈ, ਪਰ ਇਸ ਦਾ ਆਪਣਾ ਪਸ਼ੂਪੁਣਾ ਖਤਮ ਹੋਣ ਵਾਲੀ ਵਸਤੂ ਨਹੀਂ ਹੈ। ਇਸ ਲਈ ਅਜਿਹੇ ਵਰਤਾਰੇ ਤਾਂ ਹੁੰਦੇ ਹੀ ਰਹਿਣੇ ਨੇ। ਇਕ ਹੀ ਸਚਾਈ ਹੈ ਕਿ ਜ਼ੁਲਮ ਨਾਲ ਸ਼ਾਂਤੀ ਦੀ ਨੀਂਹ ਨਹੀਂ ਰੱਖੀ ਜਾ ਸਕਦੀ। ਖੂਨੀ ਇਨਕਲਾਬ ਨੇ ਫੇਲ੍ਹ ਹੋਣਾ ਹੀ ਹੁੰਦਾ ਹੈ। ਕੁਦਰਤੀ ਵਰਤਾਰੇ ਐਵੋਲੂਸ਼ਨ ਰਾਹੀਂ ਹੀ ਬਿਹਤਰੀ ਵੱਲ ਵਧਿਆ ਜਾ ਸਕਦਾ ਹੈ।

[ਅਜਮੇਰ ਸਿੰਘ ਟੱਲੇਵਾਲੀਆ, ਬਠਿੰਡਾ]

ਸਿਰਜਣਾ-138 ਵਿਚ ਸ: ਗੁਲਜ਼ਾਰ ਸਿੰਘ ਸੰਧੂ ਵੱਲੋਂ 'ਸੂਹਾ ਗੁਲਾਬ' ਦਾ ਰਿਵੀਊ ਛਾਪਣ ਲਈ ਬਹੁਤ ਬਹੁਤ ਧੰਨਵਾਦ। ਇਸ ਰਿਵੀਊ ਦਾ ਛਪਣਾ ਮੇਰੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।

'ਕਵਿਤਾ ਕਰਦੀਆਂ ਕੁੜੀਆਂ' ਤੁਹਾਡੀ ਸੰਪਾਦਕੀ ਪੜ੍ਹਨ ਉਪਰੰਤ ਜਦੋਂ ਮੈਂ ਕਵਿਤਾਵਾਂ ਪੜ੍ਹੀਆਂ ਤਾਂ ਚਕਾਚੌਂਧ ਹੋ ਗਿਆ। ਇੰਦਰਜੀਤ ਨੰਦਨ ਦੀਆਂ ਕਵਿਤਾਵਾਂ ਮੈਂ ਪਹਿਲੀ ਵਾਰ 'ਸਿਰਜਣਾ' ਵਿਚ ਹੀ ਪੜ੍ਹੀਆਂ ਹਨ। ਪੰਜਾਬੀ ਵਿਚ ਕੋਈ ਕਵਿਤਰੀ ਐਨੀਆਂ ਸੋਹਣੀਆਂ, ਸੂਖਮ ਪਿਆਰ ਕਵਿਤਾਵਾਂ ਲਿਖਦੀ ਹੈ, ਇਸ ਦਾ ਅਹਿਸਾਸ ਮੈਨੂੰ ਇਹਨਾਂ ਕਵਿਤਾਵਾਂ ਨੂੰ ਪੜ੍ਹਨ ਪਿੱਛੋਂ ਹੀ ਹੋਇਆ। ਇਹਨਾਂ ਕਵਿਤਾਵਾਂ ਨੂੰ ਪੜ੍ਹਕੇ ਜੋ ਆਨੰਦ ਦਾ ਅਨੁਭਵ ਹੋਇਆ, ਮੈਂ ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਨੀਰੂ, ਸ਼ਸ਼ੀ ਸਮੁੰਦਰਾ, ਹਰਜੋਤ ਕੌਰ, ਪੁਸ਼ਵਿੰਦਰ ਕੌਰ, ਪ੍ਰੀਤਮ ਕੌਰ, ਕਮਲ, ਸ਼ਰੀਨ ਅਨੰਦਿਤਾ, ਅਰਤਿੰਦਰ ਸੰਧੂ ਤੇ ਨਿਰਪਾਲਜੀਤਕੌਰ ਜੋਸਨ ਦੀਆਂ ਕਵਿਤਾਵਾਂ ਵੀ ਦਿਲ ਦਿਮਾਗ਼ ਨੂੰ ਟੁੰਬਦੀਆਂ ਹਨ। ਪੰਜਾਬੀ ਕਵਿਤਰੀਆਂ ਦੀ ਕਵਿਤਾ ਦਾ ਬਹੁਤ ਹੀ ਸੁੰਦਰ, ਵੰਨ ਸੁਵੰਨੇ ਰੰਗਾਂ ਦੇ, ਸੱਜਰੇ ਖਿੜੇ ਮਹਿਕਾਂ ਵੰਡਦੇ ਫੁੱਲਾਂ ਦਾ ਗੁਲਦਸਤਾ 'ਸਿਰਜਣਾ' ਦੇ ਪਾਠਕਾਂ ਨੂੰ ਪੇਸ਼ ਕਰਨ ਲਈ ਦਿਲੀ ਮੁਬਾਰਕਵਾਦ। ਇਹਨਾਂ ਕਵਿਤਾਵਾਂ ਨੂੰ ਪੜ੍ਹ ਕੇ ਲਗਦਾ ਹੈ ਕਿ ਪੰਜਾਬੀ ਕਵਿਤਾ ਦਾ ਭਵਿੱਖ ਬਹੁਤ ਹੀ ਸ਼ਾਨਾਂ-ਮੱਤਾ ਹੋਵੇਗਾ।

[ਕੁਲਵੰਤ ਜਗਰਾਉਂ, ਲੁਧਿਆਣਾ]

ਸਿਰਜਣਾ-138 ਵਿਚ ਸਾਹਿਬ ਸਿੰਘ ਨੇ ਪੰਜਾਬੀ ਨਾਟਕ ਰੰਗਮੰਚ ਆਲੋਚਨਾ ਬਾਰੇ ਜੋ

ਪ੍ਰਭਾਵ ਪੇਸ਼ ਕੀਤੇ ਹਨ, ਉਹਨਾਂ ਵਿਚ ਨਾਟਕਕਾਰ-ਨਾਟਕਰਮੀ ਸਾਹਿਬ ਸਿੰਘ ਦੀ ਸੂਝ-ਬੂਝ ਤੇ ਸਿਰਜਕ ਸਮਰੱਥਾ ਦਾ ਇਜ਼ਹਾਰ ਵਧੀਆ ਹੋਇਆ ਹੈ। ਪਰ ਪੰਜਾਬੀ ਨਾਟਕ-ਰੰਗਮੰਚ ਦੇ ਆਲੋਚਕਾਂ ਨਾਲ ਆਹਡਾ ਲਾਉਣ ਦੀ ਥਾਂ ਸਿਰਜਕ ਕਲਾਕਾਰ ਆਪਣਾ ਕੰਮ ਕਰਦੇ ਰਹਿਣ ਤਾਂ ਜ਼ਿਆਦਾ ਠੀਕ ਹੈ। ਸਾਹਿਬ ਸਿੰਘ ਨੂੰ ਪਤਾ ਹੀ ਹੋਣਾ ਹੈ ਕਿ ਉਹ ਜੋ ਸਿਰਜਣਾ ਜਾਣਦੇ ਹਨ, ਸਿਰਜਦੇ ਹਨ ਅਤੇ ਉਹ ਜੋ ਨਹੀਂ ਜਾਣਦੇ, ਆਲੋਚਨਾ ਕਰਨ ਲੱਗ ਪੈਂਦੇ ਹਨ। ਸਾਹਿਬ ਸਿੰਘ ਨੇ ਤਾਂ ਸਿਰਜਕ ਆਲੋਚਕਾਂ ਨੂੰ ਵੀ ਨਹੀਂ ਬਖ਼ਸ਼ਿਆ। 'ਕੱਚੀ ਪਿੱਲੀ', 'ਚੰਗੀ ਮਾੜੀ', ਇਧਰੋਂ ਉਧਰੋਂ ਚੁੱਕੀ ਸਮੱਗਰੀ ਨੂੰ 'ਸਤਿ ਬਚਨ' ਕਹਿ ਦੇਣ ਨਾਲ ਸਾਹਿਬ ਸਿੰਘ ਦੀ ਸ਼ਾਨ ਨਹੀਂ ਘਟਣ ਲੱਗੀ। ਜਿਹਨਾਂ ਆਲੋਚਕਾਂ ਦੇ ਕੰਮ 'ਤੇ ਸਾਹਿਬ ਸਿੰਘ ਨੇ ਕਿੰਤੂ ਕੀਤਾ ਹੈ, ਚੰਗਾ ਸੀ ਜੇ ਉਹਨਾਂ ਦੇ ਨਾਂ ਲੈ ਦਿੰਦਾ, ਅਤੇ ਉਹਨਾਂ ਪੁਸਤਕਾਂ ਦੇ ਵੀ ਨਾਂ ਦੱਸ ਦਿੰਦਾ ਜਿਹਨਾਂ ਵਿਚੋਂ 'ਸੜਿਆਂ ਦੇ ਸੜੇ' ਆਲੋਚਕਾਂ ਨੇ 'ਚੁੱਕੇ' ਹਨ। ਐਵੇਂ ਹਵਾਈ ਫ਼ਾਇਰ ਕਰਨ ਦਾ ਕੀ ਫ਼ਾਇਦਾ ? ਅਖੇ ਆ ਲੜਾਈਏ, ਮੇਰੇ ਵਿਹੜੇ ਵਿਚ ਦੀ ਲੰਘ। [ਕਮਲੇਸ਼ ਉਪਲ, ਪਟਿਆਲਾ]

ਸਿਰਜਣਾ-138 ਵਿਚ 'ਪੰਜਾਬੀ ਸਭਿਆਚਾਰ: ਪਹਿਚਾਣ ਦਾ ਮਸਲਾ' ਸੁਰਜੀਤ ਹਾਂਸ ਦਾ ਲੇਖ ਮਨ ਅੰਦਰ ਲਹਿ ਗਿਆ। 'ਹਾਸ਼ੀਏ ਦੇ ਅੰਦਰ-ਬਾਹਰ', 'ਖਾਨਦਾਨ', 'ਗੁੱਡ ਡੀਅਲ' ਕਹਾਣੀਆਂ ਬਹੁਤ ਪਸੰਦ ਆਈਆਂ। ਇੰਦਰਜੀਤ ਨੰਦਨ, ਨੀਰੂ, ਪੁਸ਼ਵਿੰਦਰ ਕੌਰ ਦੀਆਂ ਕਵਿਤਾਵਾਂ ਨਾਲ ਸਾਂਝ ਪੁਆਉਣ ਲਈ ਧੰਨਵਾਦ। ਇਹ ਕੁੜੀਆਂ ਇਸੇ ਤਰ੍ਹਾਂ ਕਵਿਤਾ ਕਰਦੀਆਂ ਰਹਿਣ। ਸੱਚਮੁੱਚ ਤੁਸੀਂ ਪਾਰਖੂ ਨਜ਼ਰ ਨਾਲ ਮੋਤੀ ਲੱਭ ਲਿਆਉਂਦੇ ਹੋ। 'ਸਿਰਜਣਾ' ਰਾਹੀਂ ਹੀ ਮੇਰੀ ਸਾਂਝ ਕੇਸਰਾ ਰਾਮ, ਜਤਿੰਦਰ ਹਾਂਸ, ਸੁਕੀਰਤ ਅਤੇ ਅਮਨਪਾਲ ਸਾਹਾ ਵਰਗੇ ਪ੍ਰਤਿਭਾਵਾਨ ਕਹਾਣੀਕਾਰਾਂ ਨਾਲ ਹੋਈ। ਅਮਨਪਾਲ ਸਾਹਾ ਦੀ ਬਿਮਾਰੀ ਬਾਰੇ ਪੜ੍ਹ ਕੇ ਮਨ ਉਦਾਸ ਹੋਇਆ। [ਸੰਤ ਸਿੰਘ ਸੰਧੂ, ਰਾਏਪੁਰ, ਜ਼ਿਲ੍ਹਾ ਲੁਧਿਆਣਾ]

ਸਿਰਣਾ-138 ਅੰਕ ਵਿਚ ਅਜਮੇਰ ਸਿੱਧੂ ਦੀ ਕਹਾਣੀ 'ਹਾਸ਼ੀਏ ਦੇ ਅੰਦਰ ਬਾਹਰ' ਨੇ ਬਹੁਤ ਪ੍ਰਭਾਵਤ ਕੀਤਾ। ਇਹ ਕਹਾਣੀ ਡੇਰਾਵਾਦ ਦੇ ਕਾਰਨਾਮਿਆਂ ਤੋਂ ਚੇਤਨ ਕਰਦੀ ਹੈ ਕਿ ਇਨ੍ਹਾਂ ਦੁਆਰਾ ਕਿਸ ਕਿਸ ਢੰਗ ਨਾਲ ਲੋਕਾਂ ਦੀ ਲੁੱਟ ਕੀਤੀ ਜਾਂਦੀ ਹੈ, ਕਿਵੇਂ ਲੋਕਾਂ ਨੂੰ ਅੰਧਵਿਸ਼ਵਾਸ ਦੇ ਚੱਕਰਵਿਊ ਵਿਚ ਫਸਾਇਆ ਜਾਂਦਾ ਹੈ। ਇਸ ਕਹਾਣੀ ਦੀ ਪਾਤਰ ਵੀ ਅੰਧਵਿਸ਼ਵਾਸ ਅੱਗੇ ਗੋਡੇ ਟੇਕ ਦਿੰਦੀ ਹੈ। ਚਾਹੇ ਉਹ ਪੜ੍ਹੀ ਲਿਖੀ ਹੈ ਘਰ ਵਾਲਿਆਂ ਦੇ ਅੱਗੇ ਹਾਰ ਜਾਂਦੀ ਹੈ। ਕਹਾਣੀ ਵਿਚਲੀ ਮੁੱਖ ਪਾਤਰ ਕੁੜੀ ਦੀ ਸਥਿਤੀ ਨੇ ਬਹੁਤ ਟੁੰਬਿਆ। ਅਜਿਹਾ ਅਕਸਰ ਹੁੰਦਾ ਹੈ। ਲੇਖਕ ਨੂੰ ਇਸ ਕਹਾਣੀ ਲਈ ਵਾਰ-ਵਾਰ ਸਲਾਮ ਕਰਨ ਨੂੰ ਦਿਲ ਕਰਦਾ ਹੈ। [ਭੁਪਿੰਦਰ ਫੌਜੀ, ਭੀਖੀ, ਜ਼ਿਲ੍ਹਾ ਮਾਨਸਾ]

'ਸਿਰਜਣਾ' ਬਾਰੇ ਜਾਣਕਾਰੀ

1.	ਪ੍ਰਕਾਸ਼ਨ ਸਥਾਨ	225-ਬੀ, ਮਖਦੂਮਪੁਰਾ, ਜਲੰਧਰ
2.	ਪ੍ਰਕਾਸ਼ਨ ਕਾਲ	ਤ੍ਰੈਮਾਸਿਕ
3.	ਛਾਪਕ, ਪ੍ਰਕਾਸ਼ਕ ਤੇ ਮਾਲਕ	ਸੁਰਿੰਦਰ ਮੋਹਨ ਸਿੰਘ
4.	ਕੌਮੀਅਤ	ਭਾਰਤੀ
5.	ਪਤਾ	225-ਬੀ, ਮਖਦੂਮਪਰਾ, ਜਲੰਧਰ
6.	ਸੰਪਾਦਕ	ਰਘਬੀਰ ਸਿੰਘ
7.	ਕੌਮੀਅਤ	ਭਾਰਤੀ
8.	ਪਤਾ	1728, ਸੈਕਟਰ 43-ਬੀ, ਚੰਡੀਗੜ੍ਹ

ਮੈਂ, ਸਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ : 28 ਫਰਵਰੀ 2006 ਦਸਤਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : ਰਘਬੀਰ ਸਿੰਘ *ਪ੍ਰਕਾਸ਼ਨ ਮਿਤੀ : 1 ਅਪਰੈਲ, 2006*

'ਆਰਜ਼ੀ ਫਾਈਲ' ਅਤੇ 'ਇਕ ਅਫ਼ਸਰ ਦਾ ਜਨਮ' ਤੋਂ ਪਿੱਛੋਂ ਨਵੇਕਲੇ ਅਨੁਭਵ ਅਤੇ ਵਿਲੱਖਣ ਸ਼ੈਲੀ ਦੇ ਲੇਖਕ ਨ੍ਰਿਪਇੰਦਰ ਰਤਨ ਦਾ ਤੀਜਾ ਕਹਾਣੀ-ਸੰਗ੍ਰਹਿ

ਸ਼ੇਰਾਂ ਦਾ ਵਾਨ ਪ੍ਰਸਤ

ਨ੍ਰਿਪਇੰਦਰ ਰਤਨ

ਜੋ ਕਹਾਣੀ ਪਾਠਕ ਨੂੰ ਸੀਮਤ ਕਰ ਦੇਵੇ ਉਹ ਕੋਈ ਚੰਗੀ ਕਹਾਣੀ ਨਹੀਂ ਹੁੰਦੀ। ਕਹਾਣੀ ਤਾਂ ਉਹ ਹੈ ਜੋ ਪਾਠਕ ਲਈ ਨਵੀਆਂ ਦਿਸ਼ਾਵਾਂ ਵੱਲ ਜਾਂਦੀਆਂ ਡੰਡੀਆਂ-ਪਗਡੰਡੀਆਂ ਸਿਰਜ ਦੇਵੇ ਤੇ ਉਹਦੀ ਉਡਾਣ ਲਈ ਖੁੱਲ੍ਹਾ ਅੰਬਰ ਉਲੀਕ ਦੇਵੇ।

ਇਸ ਕਹਾਣੀ-ਸੰਗ੍ਰਹਿ ਵਿਚ ਨ੍ਰਿਪਇੰਦਰ ਦੀ ਵੱਖਰੀ ਸ਼ੈਲੀ ਅਤੇ ਨਵੇਂ ਬਿੰਬ ਵਿਧਾਨ ਦੇ ਦਰਸ਼ਨ ਹੁੰਦੇ ਹਨ। ਉਹਦੀ ਇਸ ਕਹਾਣੀ ਸੰਗ੍ਰਹਿ ਦੀ ਸ਼ੈਲੀ ਇਹ ਗੱਲ ਹਵਾ ਵਿਚ ਲਿਖਕੇ ਹੀ ਦੱਸਦੀ ਹੈ ਕਿ ਸਾਹਿਤ ਵਿਚ ਰਿਆਜ਼ ਦੀ ਲਗਾਤਾਰਤਾ ਤੁਰਨ ਦਾ ਹੀ ਨਾਂ ਹੈ। ਨ੍ਰਿਪਇੰਦਰ ਨਿਸਚੈ ਹੀ ਤੁਰ ਰਿਹਾ ਹੈ।

-ਜਸਬੀਰ ਭੁੱਲਰ

ਸੁੰਦਰ ਦਿੱਖ ਪੰਨੇ : 112 ਮੁੱਲ : 125 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

SIRJANA Literary Punjabi Quarterly CHANDIGARH

No. 140 April-June 2006

Registered with the Registrar of Newspapers for India vide R.N. 10215/65

NEW

NURSING

PROGRAM

for qualified nurses to work in
Canada and America

Classes will Start June 1, 2006

Next Nanny Course Starts June 1, 2006

Only Limited Seats

Contact :

Dr. DARSHAN GILL

Director

Mobile : 98150-42856

Unit of :

CANADIAN NANNY CARE INSTITUTE PVT. LTD.

Canada Office : # 204-8388, 128 St. Surrey, B.C. V3W 1A7

Tel : (604) 507-9930 Fax : (604) 507-9929

Cell. (604) 375 3411

www.theindiannannyschool.com